# ਪਰਮੇਸ਼ੁਰ ਦਾ ਵਚਨ
# ਚਮਤਕਾਰੀ ਬੀਜ



ਪਰਮੇਸ਼ੁਰ ਦੇ ਵਚਨ ਰਾਹੀ ਉਸ ਦੀ ਅਲੌਕਿਕ ਸਮਰੱਥ ਦਾ ਅਨੁਭਵ ਕਰਨਾ

ਆਸ਼ਿਸ਼ ਰਾਏਚੂਰ

**ਮੁਫ਼ਤ ਵੰਡਣ ਦੇ ਲਈ**
ਆਲ ਪੀਪਲਜ਼ ਚਰਚ ਅਤੇ ਵਰਲਡ ਆਊਟਰੀਚ ਬੈਂਗਲੋਰ, ਭਾਰਤ ਵੱਲੋਂ ਛਾਪੀ ਅਤੇ ਵੰਡੀ ਗਈ।
ਮੌਜੂਦਾ ਸੰਸਕਰਣ: 2026

**ਸੰਪਰਕ ਕਰਨ ਦੇ ਲਈ ਜਾਣਕਾਰੀ**
All Peoples Church & World Outreach,
# 319, 2nd Floor, 7th Main, HRBR Layout,
2nd Block, Kalyan Nagar, Bangalore 560 043
Karnataka, INDIA

**Phone**: +91-80-25452617
**Email: bookrequest@apcwo.org**
**Website: apcwo.org**

ਜਿੱਥੇ ਦੱਸਿਆ ਨਾ ਗਿਆ ਹੋਵੇ, ਬਾਈਬਲ ਦੇ ਸਭ ਹਵਾਲੇ ਬਾਈਬਲ ਸੋਸਾਇਟੀ ਆਫ਼ ਇੰਡੀਆ (BSI) ਦੇ ਪੁਰਾਣੇ ਸੰਸਕਰਣ (OV) ਦੀ ਪੰਜਾਬੀ ਬਾਈਬਲ ਤੋਂ ਇਜਾਜ਼ਤ ਲੈ ਕੇ ਵਰਤੇ ਗਏ ਹਨ। ਸਭ ਹੱਕ ਰਾਖਵੇਂ ਹਨ।

**ਵਿੱਤੀ ਸਾਂਝੇਦਾਰੀ**
ਇਸ ਪ੍ਰਕਾਸ਼ਨ ਨੂੰ ਮੁਫਤ ਵੰਡਣ ਦਾ ਕੰਮ ਆਲ ਪੀਪਲਜ਼ ਚਰਚ ਦੇ ਮੈਂਬਰਾਂ, ਸਾਂਝੇਦਾਰਾਂ ਅਤੇ ਦੋਸਤਾਂ ਦੇ ਵਿੱਤੀ ਸਹਿਯੋਗ ਨਾਲ ਸੰਭਵ ਹੋ ਪਾਇਆ ਹੈ। ਜੇ ਤੁਸੀਂ ਇਸ ਪ੍ਰਕਾਸ਼ਨ ਦੇ ਮੁਫ਼ਤ ਵੰਡੇ ਜਾਣ ਦੁਆਰਾ ਬਰਕਤ ਪਾਈ ਹੈ, ਤਾਂ ਅਸੀਂ ਤੁਹਾਨੂੰ ਸੱਦਾ ਦਿੰਦੇ ਹਾਂ ਕਿ ਤੁਸੀਂ ਵੀ ਆਲ ਪੀਪਲਜ਼ ਚਰਚ ਦੇ ਇਸ ਪ੍ਰਕਾਸ਼ਨ ਦੀ ਮੁਫ਼ਤ ਛਪਾਈ ਅਤੇ ਇਸਦੇ ਵੰਡੇ ਜਾਣ ਵਿੱਚ ਸਹਿਯੋਗੀ ਬਣੋ। ਆਪਣਾ ਸਹਿਯੋਗ ਦੇਣ ਲਈ, ਕਿਰਪਾ ਕਰਕੇ apcwo.org/give ਜਾਂ ਇਸ ਕਿਤਾਬ ਦੇ ਆਖ਼ਰੀ ਪੰਨੇ ਉੱਤੇ ਦਿੱਤੇ ਗਏ ਪਤੇ "ਆਲ ਪੀਪਲਜ਼ ਚਰਚ ਨਾਲ ਸੰਪਰਕ ਕਰਕੇ ਸਹਿਭਾਗੀ ਬਣੋ।" ਤੁਹਾਡਾ ਧੰਨਵਾਦ ਹੋਵੇ!

**ਮੁਫ਼ਤ ਸਾਧਨਾਂ ਸੰਬੰਧੀ ਵੈੱਬਸਾਈਟਾਂ**
**ਪ੍ਰਚਾਰ:** apcwo.org/sermons | **ਪੁਸਤਕਾਂ:** apcwo.org/books | **ਚਰਚ ਐਪ:** apcwo.org/app
**ਬਾਈਬਲ ਕਾਲਜ:** apcbiblecollege.org | **ਈ-ਲਰਨਿੰਗ:** apcbiblecollege.org/elearn
**ਕਾਊਂਸਲਿੰਗ:** chrysalislife.org | **ਸੰਗੀਤ:** apcmusic.org
**ਸੇਵਕਾਂ ਦੀ ਸੰਗਤੀ:** pamfi.org | **ਏ ਪੀ ਸੀ ਵਰਲਡ ਮਿਸ਼ਨਾਂ:** apcworldmissions.org
**ਬਲੀਵਰਜ਼ ਬਾਈਬਲ ਕਮੈਂਟਰੀ:** believersbiblecommentary.com

(Punjabi—God's Word-The Miracle Seed)

# ਪਰਮੇਸ਼ੁਰ ਦਾ ਵਚਨ
# ਚਮਤਕਾਰੀ ਬੀਜ

ਪਰਮੇਸ਼ੁਰ ਦੇ ਵਚਨ ਰਾਹੀ ਉਸ ਦੀ ਅਲੌਕਿਕ ਸਮਰੱਥ ਦਾ ਅਨੁਭਵ ਕਰਨਾ

# ਵਿਸ਼ੇ-ਸੂਚੀ

ਜਾਣ-ਪਛਾਣ

1. ਪਰਮੇਸ਼ੁਰ ਦਾ ਵਚਨ: ਸਾਡੇ ਵਿਸ਼ਵਾਸ ਦੀ ਨੀਂਹ 1

2. ਪਰਮੇਸ਼ੁਰ ਦਾ ਵਚਨ: ਇਸ ਦੀ ਸ਼ੁੱਧਤਾ ਅਤੇ ਸਮਰੱਥ 9

3. ਪਰਮੇਸ਼ੁਰ ਦਾ ਵਚਨ: ਚਮਤਕਾਰੀ ਬੀਜ 20

4. ਬੀਜ ਪਰਮੇਸ਼ੁਰ ਦਾ ਵਚਨ ਹੈ 24

5. ਬੀਜ ਦਿਲ ਵਿੱਚ ਬੀਜਿਆ ਜਾਣਾ ਚਾਹੀਦਾ ਹੈ 30

6. ਪਰਮੇਸ਼ੁਰ ਦੇ ਵਚਨ ਉੱਤੇ ਧਿਆਨ ਕਰਨਾ 36

7. ਬੀਜ ਦੀ ਰੱਖਿਆ ਅਤੇ ਪਾਲਣ-ਪੋਸ਼ਣ ਕੀਤਾ ਜਾਣਾ ਚਾਹੀਦਾ ਹੈ 61

8. ਪਰਕਾਸ਼: ਆਤਮਿਕ ਸਮਝ ਪ੍ਰਾਪਤ ਕਰਨਾ 66

9. ਫਸਲ ਨੂੰ ਰੋਕਣ ਵਾਲੇ: ਵਚਨ ਦਾ ਵਿਰੋਧ 70

10. ਫਸਲ ਨੂੰ ਰੋਕਣ ਵਾਲੇ: ਕੰਡੇ ਜੋ ਵਚਨ ਨੂੰ ਦਬਾਅ ਦਿੰਦੇ ਹਨ 73

11. ਤਿੰਨ ਕੁੰਜੀਆਂ: ਸਮਝਣਾ, ਕਬੂਲ ਕਰਨਾ, ਸਾਂਭੀ ਰੱਖਣਾ 76

12. ਵਚਨ ਦੇ ਬੀਜ 82

# ਜਾਣ-ਪਛਾਣ

ਅਸੀਂ ਸਾਰੇ ਆਪਣੇ ਜੀਵਨ ਵਿੱਚ ਪਰਮੇਸ਼ੁਰ ਦੇ ਕੰਮ ਦਾ ਅਨੁਭਵ ਕਰਨਾ ਚਾਹੁੰਦੇ ਹਾਂ। ਅਸੀਂ ਨਿੱਜੀ ਤੌਰ ਤੇ ਆਪਣੇ ਲਈ ਅਤੇ ਦੂਜਿਆਂ ਲਈ ਇਹੀ ਚਾਹੁੰਦੇ ਹਾਂ ਕਿ ਪਰਮੇਸ਼ੁਰ ਦੀ ਸਮਰੱਥ ਸਾਨੂੰ ਬਚਾਵੇ, ਚੰਗਿਆਂ ਕਰੇ, ਛੁਟਕਾਰਾ ਦੇਵੇ ਅਤੇ ਚਮਤਕਾਰੀ ਕੰਮ ਕਰੇ। ਅਕਸਰ, ਅਸੀਂ ਪਰਮੇਸ਼ੁਰ ਦੀ ਸਮਰੱਥ ਦੇ ਇੱਕ ਸ਼ਾਨਦਾਰ ਪ੍ਰਦਰਸ਼ਨ ਦੀ ਆਸ ਕਰਦੇ ਹਾਂ, ਕੁਝ ਅਜਿਹਾ ਜੋ ਸਾਨੂੰ "ਹੈਰਾਨ" ਕਰ ਦੇਵੇਗਾ। ਜਦ ਕਿ ਇਹ ਸੱਚ ਹੈ ਕਿ ਪਰਮੇਸ਼ੁਰ ਆਪਣੇ ਪਵਿੱਤਰ ਆਤਮਾ ਦੀ ਸਮਰੱਥ ਦੁਆਰਾ ਆਪਣੇ ਕੰਮ ਨੂੰ ਚਿੰਨ੍ਹਾਂ ਅਤੇ ਅਚਰਜ ਕੰਮਾਂ ਨਾਲ ਪ੍ਰਗਟ ਕਰੇਗਾ, ਸਾਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਪਰਮੇਸ਼ੁਰ ਆਪਣੇ ਵਚਨ ਦੁਆਰਾ ਵੀ ਕੰਮ ਕਰਦਾ ਹੈ। ਪਰਮੇਸ਼ੁਰ ਦਾ ਆਤਮਾ ਪਰਮੇਸ਼ੁਰ ਦੇ ਵਚਨ ਦੁਆਰਾ ਆਪਣੀ ਸਮਰੱਥ ਪ੍ਰਦਾਨ ਕਰਦਾ ਹੈ। ਹਾਲਾਂਕਿ ਸਾਡੇ ਜੀਵਨਾਂ ਵਿੱਚ ਪਰਮੇਸ਼ੁਰ ਦੇ ਵਚਨ ਨੂੰ ਪੜ੍ਹਨ, ਧਿਆਨ ਕਰਨ ਅਤੇ ਕਬੂਲ ਕਰਨ ਦੀ ਪ੍ਰਕਿਰਿਆ ਪ੍ਰਤੱਖ ਤੌਰ 'ਤੇ ਦਿਖਾਈ ਨਹੀਂ ਦੇ ਸਕਦੀ, ਇਹ ਘੱਟ ਅਲੌਕਿਕ ਨਹੀਂ ਹੈ, ਕਿਉਂਕਿ ਪਰਮੇਸ਼ੁਰ ਇਸ ਵਿੱਚ ਵੀ ਕੰਮ ਕਰ ਰਿਹਾ ਹੈ। ਬਹੁਤ ਸਾਰੇ ਵਿਸ਼ਵਾਸੀ ਪਰਮੇਸ਼ੁਰ ਦੇ ਉਸ ਅਲੌਕਿਕ ਕੰਮ ਨੂੰ ਗੁਆ ਬੈਠਦੇ ਹਨ, ਜੋ ਪਰਮੇਸ਼ੁਰ ਉਨ੍ਹਾਂ ਦੇ ਰੋਜ਼ਾਨਾ ਜੀਵਨ ਵਿੱਚ ਆਪਣੇ ਵਚਨ ਦੁਆਰਾ ਕਰਨਾ ਚਾਹੁੰਦਾ ਹੈ, ਕਿਉਂਕਿ ਉਹ ਹਮੇਸ਼ਾ ਸ਼ਾਨਦਾਰ ਕੰਮਾਂ ਦੀ ਭਾਲ ਕਰਦੇ ਹਨ।

ਇੱਕ ਹੋਰ ਆਮ ਸਮੱਸਿਆ ਇਹ ਹੈ ਕਿ ਬਹੁਤ ਸਾਰੇ ਵਿਸ਼ਵਾਸੀ ਆਪਣੇ ਲਈ ਪਰਮੇਸ਼ੁਰ ਦੀ ਸਮਰੱਥ ਦੀ ਵਰਤੋਂ ਕਰਨ ਦੇ ਲਈ ਪਰਮੇਸ਼ੁਰ ਦੇ ਮਸਹ ਕੀਤੇ ਹੋਏ ਆਦਮੀ ਜਾਂ ਔਰਤ ਵੱਲ ਵੇਖਦੇ ਹਨ। ਜਦ ਕਿ ਪਰਮੇਸ਼ੁਰ ਨੇ ਸੇਵਕਾਂ ਨੂੰ ਮਸਹ ਕੀਤਾ, ਜੋ ਪਰਮੇਸ਼ੁਰ ਦੇ ਆਤਮਾ ਦੀ ਸਮਰੱਥ ਦੁਆਰਾ ਲੋਕਾਂ ਦੀ ਸੇਵਾ ਕਰਦੇ ਹਨ, ਆਖਰਕਾਰ ਹਰੇਕ ਵਿਸ਼ਵਾਸੀ ਨੂੰ ਇੱਕ ਅਜਿਹੀ ਜਗ੍ਹਾ ਤੇ ਆਉਣਾ ਚਾਹੀਦਾ ਹੈ, ਜਿੱਥੇ ਉਹ ਪਰਮੇਸ਼ੁਰ ਤੋਂ ਉਸ ਦੇ ਵਚਨ ਅਤੇ ਉਸ ਦੇ ਆਤਮਾ ਦੁਆਰਾ ਉਸ ਤੋਂ ਪ੍ਰਾਪਤ ਕਰਨਾ ਸਿੱਖਦੇ ਹਨ। ਯਿਸੂ ਨੇ ਸਾਨੂੰ ਸਾਰਿਆਂ ਨੂੰ ਸਿੱਧੇ ਉਸ ਕੋਲ ਜਾਣ, ਉਸ ਤੋਂ ਪ੍ਰਾਪਤ ਕਰਨ ਅਤੇ ਉਸ ਤੋਂ ਖਾਣ-ਪੀਣ ਲਈ ਸੱਦਾ ਦਿੱਤਾ ਹੈ ਤਾਂ ਜੋ ਸਾਡੇ ਵਿੱਚੋਂ ਹਰ ਕੋਈ ਦੂਜਿਆਂ ਲਈ ਕਿਰਪਾ ਪ੍ਰਸਾਰਕ ਬਣ

ਸਕੇ ਅਤੇ ਉਨ੍ਹਾਂ ਨੂੰ ਯਿਸੂ ਦੇ ਕੋਲ ਲਿਆ ਸਕੇ, ਤਾਂ ਜੋ ਉਹ ਵੀ ਉਸ ਤੋਂ ਖਾ ਅਤੇ ਪੀ ਸਕਣ। ਸਾਨੂੰ ਵਿਚੋਲਿਆਂ 'ਤੇ ਨਿਰਭਰ ਨਹੀਂ ਹੋਣਾ ਹੈ।

ਅਸੀਂ ਜਾਣਦੇ ਹਾਂ ਕਿ ਪਰਮੇਸ਼ੁਰ ਆਪਣੇ ਵਚਨ ਰਾਹੀਂ ਕੰਮ ਕਰਦਾ ਹੈ। ਇਸੇ ਤਰ੍ਹਾਂ ਉਸ ਨੇ ਆਪਣੇ ਵਚਨ ਰਾਹੀਂ ਆਪਣੀ ਸਮਰੱਥ ਦੁਆਰਾ ਸਭ ਕੁਝ ਬਣਾਇਆ। ਪਰਮੇਸ਼ੁਰ ਦਾ ਵਚਨ ਪਰਮੇਸ਼ੁਰ ਦੇ ਜੀਵਨ ਅਤੇ ਸਮਰੱਥ ਦਾ ਵਾਹਕ ਹੈ, ਜੋ ਸਾਡੇ ਜੀਵਨ ਦੇ ਹਰ ਪਹਿਲੂ ਨੂੰ ਪ੍ਰਭਾਵਿਤ ਕਰ ਸਕਦਾ ਹੈ। ਪਰਮੇਸ਼ੁਰ ਨੇ ਸਾਨੂੰ ਆਪਣਾ ਵਚਨ ਦਿੱਤਾ ਹੈ ਅਤੇ ਆਪਣੇ ਵਚਨ ਦੀ ਸਮਰੱਥ ਦੁਆਰਾ, ਉਹ ਸਾਡੇ ਵਿੱਚ ਕੰਮ ਕਰਨਾ ਚਾਹੁੰਦਾ ਹੈ। ਉਸ ਨੇ ਸਾਡੇ ਉੱਤੇ ਇਹ ਵੀ ਪ੍ਰਗਟ ਕੀਤਾ ਹੈ ਕਿ ਉਸ ਦੇ ਵਚਨ ਨੂੰ ਕਿਵੇਂ ਸਵੀਕਾਰ ਕਰਨਾ ਹੈ ਤਾਂ ਕਿ ਉਸ ਦੇ ਵਚਨ ਵਿੱਚ ਮੌਜੂਦ ਜੀਵਨ ਅਤੇ ਸਮਰੱਥ ਸਾਡੇ ਵਿੱਚੋਂ ਨਿੱਕਲੇ, ਤਾਂ ਜੋ ਉਸ ਦਾ ਅਲੌਕਿਕ ਕੰਮ ਸਾਡੇ ਵਿੱਚ ਪੂਰਾ ਹੋ ਸਕੇ।

ਪਰਮੇਸ਼ੁਰ ਦੇ ਵਚਨ ਉੱਤੇ ਧਿਆਨ ਕਰਨਾ, ਉਹ ਪ੍ਰਕਿਰਿਆ ਹੈ ਜਿਸ ਦੁਆਰਾ ਸਾਡੇ ਦਿਲਾਂ ਵਿੱਚ ਵਚਨ ਬੀਜਿਆ ਜਾਂਦਾ ਹੈ। ਪਰਮੇਸ਼ੁਰ ਦੇ ਵਚਨ ਉੱਤੇ ਧਿਆਨ ਕਰਨ ਵਿੱਚ ਸੋਚ-ਵਿਚਾਰ ਕਰਨਾ ਅਤੇ ਇਕਰਾਰ ਕਰਨਾ ਸ਼ਾਮਲ ਹੈ। ਇਸ ਕਿਤਾਬ ਵਿੱਚ ਤੁਸੀਂ ਸਿੱਖੋਗੇ ਕਿ ਪਰਮੇਸ਼ੁਰ ਦੇ ਵਚਨ ਉੱਤੇ ਧਿਆਨ ਕਿਵੇਂ ਕਰਨਾ ਹੈ ਤਾਂ ਜੋ ਪਰਮੇਸ਼ੁਰ ਦੇ ਵਚਨ ਦਾ ਚਮਤਕਾਰੀ ਬੀਜ ਤੁਹਾਡੇ ਜੀਵਨ ਵਿੱਚ ਫਲ ਦੇ ਸਕੇ। ਇਹ ਕਿਤਾਬ ਉਨ੍ਹਾਂ ਸਰਲ ਸੱਚਾਈਆਂ ਨੂੰ ਪ੍ਰਗਟ ਕਰਦੀ ਹੈ ਜੋ ਸਾਨੂੰ ਪਰਮੇਸ਼ੁਰ ਦੀ ਅਲੌਕਿਕ ਸਮਰੱਥ ਨੂੰ ਪ੍ਰਾਪਤ ਕਰਨ ਅਤੇ ਅਨੁਭਵ ਕਰਨ ਵਿਚ ਮਦਦ ਕਰਨਗੀਆਂ ਜੋ ਪਰਮੇਸ਼ੁਰ ਦੇ ਬਚਨ, ਅਰਥਾਤ ਚਮਤਕਾਰੀ ਬੀਜ ਦੁਆਰਾ ਸਾਡੇ ਵਿੱਚ ਆਉਂਦੀ ਹੈ।

ਪਰਮੇਸ਼ੁਰ ਬਰਕਤ ਦੇਵੇ!

ਆਸ਼ਿਸ਼ ਰਾਏਚੂਰ

# 1

# ਪਰਮੇਸ਼ੁਰ ਦਾ ਵਚਨ: ਸਾਡੇ ਵਿਸ਼ਵਾਸ ਦੀ ਨੀਂਹ

ਸਾਡੇ ਮਸੀਹੀ ਜੀਵਨ ਵਿੱਚ ਇੱਕ ਮਹੱਤਵਪੂਰਣ ਤੱਤ ਹੈ, ਜੋ ਕਿ ਇੰਨਾ ਜ਼ਰੂਰੀ ਹੈ ਕਿ ਇਹ ਸਾਡੇ ਪੂਰੇ ਮਸੀਹੀ ਅਨੁਭਵ ਦੀ ਗੁਣਵੱਤਾ ਨੂੰ ਨਿਰਧਾਰਿਤ ਕਰਦਾ ਹੈ ਅਤੇ ਇਹ ਮਹੱਤਵਪੂਰਣ ਤੱਤ ਪਰਮੇਸ਼ੁਰ ਦਾ ਵਚਨ ਹੈ। ਅਸੀਂ ਜਿਸ ਪਰਿਪੱਕਤਾ ਦੇ ਪੱਧਰ ਤੱਕ ਵੱਧਦੇ ਹਾਂ ਅਤੇ ਪਰਮੇਸ਼ੁਰ ਵਿੱਚ ਅਸੀਂ ਜਿਸ ਡੂੰਘਾਈ ਤੱਕ ਪਹੁੰਚਦੇ ਹਾਂ, ਇਸ ਗੱਲ ਤੋਂ ਨਿਰਧਾਰਤ ਹੁੰਦਾ ਹੈ ਕਿ ਅਸੀਂ ਆਪਣੇ ਜੀਵਨਾਂ ਵਿੱਚ ਪਰਮੇਸ਼ੁਰ ਦੇ ਵਚਨ ਨੂੰ ਕਿੰਨੀ ਜਗ੍ਹਾ ਦਿੰਦੇ ਹਾਂ। ਅਸੀਂ ਜਿੱਤ ਵਿੱਚ ਚੱਲਦੇ ਹਾਂ ਜਾਂ ਨਹੀਂ ਅਤੇ ਬਰਕਤਾਂ ਦਾ ਮਾਪ ਜਿਨ੍ਹਾਂ ਦਾ ਅਸੀਂ ਅਨੁਭਵ ਕਰਦੇ ਹਾਂ, ਉਹ ਮੁੱਖ ਤੌਰ ‘ਤੇ ਪਰਮੇਸ਼ੁਰ ਦੇ ਵਚਨ ਦੀ ਮਾਤਰਾ ਤੋਂ ਪ੍ਰਭਾਵਿਤ ਹੁੰਦਾ ਹੈ, ਜਿਸ ਨੂੰ ਅਸੀਂ ਸਵੀਕਾਰ ਕਰਨ ਅਤੇ ਆਪਣੇ ਰੋਜ਼ਾਨਾ ਜੀਵਨ ਵਿੱਚ ਨਿਰੰਤਰ ਅਮਲ ਵਿੱਚ ਲਿਆਉਣ ਦੇ ਸਮਰੱਥ ਹੁੰਦੇ ਹਾਂ।

ਪਰ ਇੱਕ ਅਜਿਹੀ ਦੁਨੀਆਂ ਵਿੱਚ ਜੋ “ਘਟਨਾਵਾਂ” ਨੂੰ ਮਹੱਤਵ ਦਿੰਦੀ ਹੈ ਅਤੇ ਜਿੱਥੇ ਸ਼ਾਨਦਾਰ ਚੀਜ਼ਾਂ ਦੀ ਭਾਲ ਕੀਤੀ ਜਾਂਦੀ ਹੈ, ਬਹੁਤ ਸਾਰੇ ਲੋਕ ਇਸ “ਪ੍ਰਾਚੀਨ ਕਿਤਾਬ” ਦੀ ਸਮੱਗਰੀ ਵੱਲ ਧਿਆਨ ਦੇਣ ਦੇ ਲਈ ਤਿਆਰ ਨਹੀਂ ਹੁੰਦੇ। ਕੋਈ ਵੀ ਵਿਅਕਤੀ ਇੱਕ ਧਾਰਮਿਕ ਕਿਤਾਬ ਦੀਆਂ ਗੱਲਾਂ ਨੂੰ ਸਮਝਣ ਵਿੱਚ ਕਿਉਂ ਸਮਾਂ ਬਿਤਾਏਗਾ, ਜਦੋਂ ਕੁਝ ਲੋਕ ਦਾਅਵਾ ਕਰਦੇ ਹਨ ਕਿ ਉਹ ਸਮਾਜਿਕ, ਸੱਭਿਆਚਾਰਕ ਅਤੇ ਨੈਤਿਕ ਤੌਰ ‘ਤੇ ਅਪ੍ਰਸੰਗਿਕ ਹਨ? ਅਤੇ ਦੁੱਖ ਦੀ ਗੱਲ ਇਹ ਹੈ ਕਿ ਵਿਸ਼ਵਾਸੀਆਂ ਵਿੱਚ ਵੀ, ਇੱਕ “ਸ਼ਾਂਤ ਸਮਾਂ” ਬਿਤਾਉਣ ਦੀ ਜ਼ਿੰਮੇਵਾਰੀ ਨੂੰ ਪੂਰਾ ਕਰਨ ਤੋਂ ਇਲਾਵਾ, ਬਹੁਤਿਆਂ ਨੇ ਇਹ ਨਹੀਂ ਸਮਝਿਆ ਹੈ ਕਿ ਲਿਖਤੀ ਵਚਨ ਦੇ ਸਾਡੇ ਜੀਵਨ ‘ਤੇ ਕੀ ਨਤੀਜ਼ੇ ਅਤੇ ਪ੍ਰਭਾਵ ਪੈ ਸਕਦੇ ਹਨ। ਇਹ ਸੱਚ ਹੈ ਕਿ ਪਹਿਲਾਂ ਤਾਂ, ਵਚਨ ਬੇਜਾਨ ਲੱਗ ਸਕਦਾ ਹੈ, ਸ਼ਾਇਦ ਸਹਿਜ ਰੂਪ ਨਾਲ ਪੜ੍ਹਨ ਵਾਲੇ ਪਾਠਕ ਨੂੰ ਵੀ ਅਕਾਉਣ ਵਾਲਾ ਲੱਗ ਸਕਦਾ ਹੈ। ਪਰ ਜਦੋਂ ਅਸੀਂ ਇਸ ਦੀ ਅੰਦਰੂਨੀ ਸਮਰੱਥ ਅਤੇ ਉਸ ਸਥਾਨ ਨੂੰ ਸਮਝਦੇ ਹਾਂ, ਜੋ ਪਰਮੇਸ਼ੁਰ ਨੇ ਖ਼ੁਦ ਆਪਣੇ ਲੋਕਾਂ ਦੇ ਜੀਵਨ ਵਿੱਚ ਵਚਨ ਨੂੰ ਦਿੱਤਾ ਹੈ, ਤਾਂ ਵਚਨ ਉਨ੍ਹਾਂ ਲਈ ਜੀਉਂਦਾ ਹੈ! ਇਹ ਵਚਨ ਬਲ, ਦਿਲਾਸਾ, ਆਸ,

ਵਿਸ਼ਵਾਸ, ਸਿੱਖਿਆ ਅਤੇ ਬੁੱਧ ਦਾ ਸਰੋਤ ਹੈ। ਅਸੀਂ ਆਪਣੇ ਪੂਰੇ ਵਰਤਮਾਨ ਅਤੇ ਭਵਿੱਖ ਨੂੰ ਸਾਡੇ ਵਿਸ਼ਵਾਸ ਦੇ ਅਧਾਰ ਵਚਨ ਵਿੱਚ ਬੋਲੀਆਂ ਗਈਆਂ ਗੱਲਾਂ ਤੇ ਟਿਕਾ ਦਿੱਤਾ ਹੈ। ਜੀਵਨ ਦੇ ਤੂਫ਼ਾਨਾਂ ਵਿੱਚ, ਅਸੀਂ ਜਾਣਦੇ ਹਾਂ ਕਿ ਵਚਨ ਸਾਨੂੰ ਸੰਭਾਲੇਗਾ ਅਤੇ ਸਾਨੂੰ ਸਹਾਰਾ ਦੇਵੇਗਾ। ਬਿਮਾਰੀ ਵਿੱਚ, ਅਸੀਂ ਜਾਣਦੇ ਹਾਂ ਕਿ ਵਚਨ ਚੰਗਿਆਈ ਅਤੇ ਛੁਟਕਾਰਾ ਲਿਆਵੇਗਾ। ਚੁਣੌਤੀਆਂ ਅਤੇ ਦਬਾਵਾਂ ਦੇ ਦੌਰਾਨ, ਉਹ ਵਚਨ ਦੇ ਵਾਅਦਿਆਂ ਉੱਤੇ ਭਰੋਸਾ ਕਰਦੇ ਹਨ। ਅਸੀਂ ਵਚਨ ਵਿੱਚ ਦਿਖਾਈ ਦੇਣ ਵਾਲੀਆਂ ਸੰਭਾਵਨਾਵਾਂ ਦੇ ਕਾਰਨ ਅਸੰਭਵ ਗੱਲਾਂ ‘ਤੇ ਹੱਸ ਸਕਦੇ ਹਾਂ। ਉਸ ਸਮੇਂ ਵੀ ਜਦੋਂ ਉਹ ਵੇਖ, ਛੂਹ, ਸੁਣ, ਸੁੰਘ ਜਾਂ ਸੁਆਦ ਨਹੀਂ ਲੈ ਸਕਦੇ, ਫਿਰ ਵੀ ਉਹ ਜਾਣਦੇ ਹਨ ਕਿਉਂਕਿ ਵਚਨ ਨੇ ਉਨ੍ਹਾਂ ਵਿੱਚ ਇੱਕ ਪੱਕਾ ਭਰੋਸਾ ਅਤੇ ਇੱਕ ਮਜ਼ਬੂਤ, ਅਟੱਲ ਵਿਸ਼ਵਾਸ ਪੈਦਾ ਕੀਤਾ ਹੈ।

ਸਾਡੀ ਦਿਲੀ ਇੱਛਾ ਹੈ ਕਿ ਇਸ ਕਿਤਾਬ ਨੂੰ ਪੜ੍ਹਨ ਵਾਲਾ ਹਰ ਵਿਅਕਤੀ ਪਰਮੇਸ਼ੁਰ ਨਾਲ ਆਪਣੇ ਸਫ਼ਰ ਵਿੱਚ ਪੱਕਾ ਭਰੋਸੇਮੰਦ ਭਰੋਸਾ ਪ੍ਰਾਪਤ ਕਰੇ। ਜੇਕਰ ਤੁਹਾਨੂੰ ਪਹਿਲਾਂ ਹੀ ਵਚਨ ਦੀ ਕੁਝ ਸਮਝ ਹੈ, ਤਾਂ ਅਸੀਂ ਚਾਹੁੰਦੇ ਹਾਂ ਕਿ ਤੁਸੀਂ ਹੋਰ ਵੀ ਮਜ਼ਬੂਤ ਅਤੇ ਉਤਸ਼ਾਹਿਤ ਹੋਵੋ।

## ਸਦੀਪਕ ਵਚਨ, ਦੇਹਧਾਰੀ ਵਚਨ, ਲਿਖਤੀ ਵਚਨ

**ਲੂਕਾ 24:27**

**ਅਤੇ ਮੂਸਾ ਅਰ ਸਭਨਾਂ ਨਬੀਆਂ ਤੋਂ ਸ਼ੁਰੂ ਕਰ ਕੇ ਉਸ ਨੇ ਓਹਨਾਂ ਨੂੰ ਉਨ੍ਹਾਂ ਗੱਲਾਂ ਦਾ ਅਰਥ ਦੱਸਿਆ ਜਿਹੜੀਆਂ ਸਭਨਾਂ ਪੁਸਤਕਾਂ ਵਿੱਚ ਉਹ ਦੇ ਹੱਕ ਵਿੱਚ ਲਿਖੀਆਂ ਹੋਈਆਂ ਸਨ।**

ਪਰਮੇਸ਼ੁਰ ਦਾ ਪੁੱਤਰ ਯਿਸੂ, ਸਦੀਪਕ ਵਚਨ (ਯੂਹੰਨਾ 1:1-4), ਜੋ ਦੇਹਧਾਰੀ ਵਚਨ ਬਣਿਆ (ਯੂਹੰਨਾ 1:14), ਜਿਸ ਨੇ ਲਿਖਤੀ ਵਚਨ, ਵਚਨ ਦੇ ਅਨੁਸਾਰ ਜੀਵਨ ਬਤੀਤ ਕੀਤਾ, ਪ੍ਰਚਾਰ ਕੀਤਾ ਅਤੇ ਸਿੱਖਿਆ ਦਿੱਤੀ। ਛੋਟੀ ਉਮਰ ਤੋਂ ਹੀ, ਯਿਸੂ ਨੇ ਆਪਣੇ ਆਪ ਨੂੰ ਵਚਨ ਦੇ ਅਧਿਐਨ ਅਤੇ ਸਿੱਖਿਆ ਲਈ ਸਮਰਪਿਤ ਕਰ ਦਿੱਤਾ (ਲੂਕਾ 2:46)। ਉਸ ਨੇ ਲਿਖਤੀ ਵਚਨ ਦੀ ਵਰਤੋਂ ਕਰਕੇ ਪਰਤਾਵਿਆਂ ਦਾ ਸਾਹਮਣਾ ਕੀਤਾ (ਮੱਤੀ 4:1-10)। ਦੇਹਧਾਰੀ ਵਚਨ ਨੂੰ ਆਤਮਾ ਦੁਆਰਾ ਮਸਹ ਕੀਤਾ ਗਿਆ ਸੀ ਅਤੇ ਉਹ ਵਚਨਾਂ ਨੂੰ ਪੂਰਾ ਕਰਨ ਲਈ ਇਸ ਤਰੀਕੇ ਨਾਲ ਹੀ ਚੱਲਿਆ (ਲੂਕਾ 4:21; ਮਰਕੁਸ 14:49; ਲੂਕਾ 24:44)। ਕੀ ਇਹ ਕਮਾਲ ਦੀ ਗੱਲ ਨਹੀਂ ਹੈ ਕਿ ਪਰਮੇਸ਼ੁਰ ਜੋ ਦੇਹਧਾਰੀ ਹੋਇਆ, ਉਸ ਨੇ ਲਿਖਤੀ ਵਚਨ ਨੂੰ ਕਿੰਨਾ ਆਦਰ ਦਿੱਤਾ। ਸਾਨੂੰ

ਕਿੰਨਾ ਜ਼ਿਆਦਾ ਆਦਰ ਦੇਣਾ ਚਾਹੀਦਾ ਹੈ?

## ਪਰਚਾਰ ਦੀ ਮੂਰਖਤਾਈ ਨਾਲ

**1 ਕੁਰਿੰਥੀਆਂ 1:21**

**ਇਸ ਲਈ ਕਿ ਜਦੋਂ ਪਰਮੇਸ਼ੁਰ ਦੇ ਗਿਆਨ ਤੋਂ ਐਉਂ ਹੋਇਆ ਭਈ ਸੰਸਾਰ ਨੇ ਆਪਣੀ ਬੁੱਧ ਦੇ ਰਾਹੀਂ ਪਰਮੇਸ਼ੁਰ ਨੂੰ ਨਾ ਜਾਣਿਆ ਤਦ ਪਰਮੇਸ਼ੁਰ ਨੂੰ ਭਾਇਆ ਇਹ ਜੋ ਪਰਚਾਰ ਦੀ ਮੂਰਖਤਾਈ ਨਾਲ ਨਿਹਚਾਵਾਨਾਂ ਨੂੰ ਬਚਾਵੇ।**

ਪਰਮੇਸ਼ੁਰ ਨੇ ਆਪਣੀ ਬੁੱਧ ਨਾਲ ਇਹ ਤੈਅ ਕੀਤਾ ਹੈ ਕਿ ਮਨੁੱਖ ਦੇ ਜੀਵਨ ਦੀ ਸਦੀਪਕ ਮੰਜਿਲ ਖੁਸ਼ਖ਼ਬਰੀ ਸੰਦੇਸ਼ ਦੇ ਸਧਾਰਨ ਪਰਚਾਰ ਦੁਆਰਾ ਨਿਰਧਾਰਤ ਕੀਤੀ ਜਾਂਦੀ ਹੈ। ਇਸ 'ਤੇ ਵਿਚਾਰ ਕਰੋ! ਪਰਮੇਸ਼ੁਰ ਨੇ ਸਾਰੇ ਮਨੁੱਖਾਂ ਤੱਕ ਮਸੀਹ ਦੀ ਖੁਸ਼ਖ਼ਬਰੀ ਨੂੰ ਜੋ ਕਿ *"ਮੁਕਤੀ ਦੇ ਲਈ ਪਰਮੇਸ਼ੁਰ ਦੀ ਸ਼ਕਤੀ ਹੈ"* (ਰੋਮੀਆਂ 1:16) ਪਹੁੰਚਾਉਣ ਲਈ ਸਵਰਗਦੂਤਾਂ ਦੀ ਫ਼ੌਜ ਨੂੰ ਨਹੀਂ ਚੁਣਿਆ। ਇਸ ਦੀ ਬਜਾਇ, ਉਸ ਨੇ ਪਰਚਾਰ ਦੇ ਲਗਭਗ "ਮੂਰਖਤਾਈ" ਅਭਿਆਸ ਦੇ ਦੁਆਰਾ ਗੁਆਚੇ ਹੋਏ ਲੋਕਾਂ ਨੂੰ ਜਿੱਤਣ ਦੀ ਚੋਣ ਕੀਤੀ, ਜਿਸ ਨੂੰ ਉਸ ਨੇ ਨਾਸ਼ਵਾਨ, ਭਾਂਡਿਆਂ ਦੁਆਰਾ ਕਰਨ ਦਾ ਫੈਸਲਾ ਕੀਤਾ ਸੀ। ਉਸ ਨੇ ਗੁਆਚੇ ਹੋਏ ਲੋਕਾਂ ਨੂੰ ਜਿੱਤਣ ਦਾ ਵਿਕਲਪ ਚੁਣਿਆ ਹੈ। ਇਸ ਲਈ ਪ੍ਰਚਾਰ ਕਰਨਾ ਜਾਂ ਉਸ ਨੂੰ ਸਾਂਝਾ ਕਰਨਾ ਬਹੁਤ ਮਹੱਤਵਪੂਰਨ ਹੈ। ਜਿਵੇਂ ਕਿ ਪੌਲੁਸ ਨੇ ਕਿਹਾ ਹੈ, ਕੁਝ ਲੋਕ ਸੰਦੇਸ਼ ਅਤੇ ਇਸ ਦੇ ਪ੍ਰਚਾਰ ਨੂੰ ਮੂਰਖਤਾਈ ਸਮਝ ਸਕਦੇ ਹਨ। ਪਰ ਜਿਨ੍ਹਾਂ ਨੂੰ ਬੁਲਾਇਆ ਗਿਆ ਹੈ, ਉਨ੍ਹਾਂ ਲਈ ਸੰਦੇਸ਼ ਅਤੇ ਇਸ ਦਾ ਪ੍ਰਚਾਰ ਮਸੀਹ ਨੂੰ ਪ੍ਰਗਟ ਕਰਦਾ ਹੈ, ਜੋ ਕਿ ਪਰਮੇਸ਼ੁਰ ਦੀ ਸਮਰੱਥ ਅਤੇ ਬੁੱਧ ਹੈ (1 ਕੁਰਿੰਥੀਆਂ 1:24)। ਇਸੇ ਤਰ੍ਹਾਂ, ਪਰਮੇਸ਼ੁਰ ਨੇ ਇਹ ਤੈਅ ਕੀਤਾ ਕਿ ਲਿਖਤੀ ਵਚਨ ਉਹ ਸਾਧਨ ਬਣਨ, ਜਿਸ ਦੁਆਰਾ ਪਰਮੇਸ਼ੁਰ ਦੀ ਸਮਰੱਥ ਅਤੇ ਬੁੱਧ ਸਾਡੇ ਜੀਵਨਾਂ ਵਿੱਚ ਲਿਆਂਦੀ ਜਾਂਦੀ ਹੈ। ਇਹ ਇੱਕ ਭੇਤ ਦੀ ਗੱਲ ਲੱਗਦੀ ਹੈ ਕਿ ਜਿਸ ਕਿਤਾਬ ਨੂੰ ਅਸੀਂ "ਬਾਈਬਲ" ਕਹਿੰਦੇ ਹਾਂ, ਉਹ ਦੇ ਪੰਨਿਆਂ ਉੱਤੇ ਲਿਖੇ ਸ਼ਬਦਾਂ ਦੁਆਰਾ ਸਾਡੇ ਜੀਵਨ ਵਿੱਚ ਰੱਬੀ ਸ਼ਕਤੀ ਅਤੇ ਗਿਆਨ ਦਾ ਸੰਚਾਰ ਹੁੰਦਾ ਹੈ। ਆਮ ਸ਼ਬਦ, ਉਹ ਸ਼ਬਦ ਜੋ ਅਸੀਂ ਆਪਣੇ ਰੋਜ਼ਾਨਾ ਦੇ ਜੀਵਨ ਵਿੱਚ ਵਰਤਦੇ ਹਾਂ, ਅਚਾਨਕ ਕਿਵੇਂ ਰੱਬੀ ਮਹੱਤਵ ਲੈ ਸਕਦੇ ਹਨ ਸਿਰਫ਼ ਇਸ ਕਰਕੇ ਕਿ ਉਹ ਬਾਈਬਲ ਵਿੱਚ ਛਪੇ ਹਨ? ਹਾਲਾਂਕਿ ਸ਼ਬਦ ਆਪਣੇ ਆਪ ਵਿੱਚ ਆਮ ਹਨ, ਪਰ ਉਹ ਜੋ ਸਚਿਆਈ ਪੇਸ਼ ਕਰਦੇ ਹਨ ਉਹ ਰੱਬੀ ਹਨ। ਭਾਵੇਂ ਕਿ ਇਨ੍ਹਾਂ ਸ਼ਬਦਾਂ ਨੂੰ ਇਕੱਠਾ ਕਰਨ ਵਾਲਾ ਮਨੁੱਖ ਸੀ, ਪਰ ਜੋ ਸਚਿਆਈ

ਪੇਸ਼ ਕੀਤੀ ਗਈ ਉਹ ਪਰਮੇਸ਼ੁਰ ਵੱਲੋਂ ਪ੍ਰੇਰਿਤ ਸੀ। ਪਵਿੱਤਰ ਬਾਈਬਲ ਦੇ ਵਚਨਾਂ ਦੁਆਰਾ ਪ੍ਰਗਟ ਕੀਤੀ ਗਈ ਸਚਿਆਈ ਨੂੰ ਸਮਝਣ ਅਤੇ ਸਵੀਕਾਰ ਕਰਨ ਦੁਆਰਾ, ਅਸੀਂ ਪਰਮੇਸੁਰ ਦੀ ਬੁੱਧ ਅਤੇ ਸਮਰੱਥ ਵਿੱਚ ਪ੍ਰਵੇਸ਼ ਕਰਦੇ ਹਾਂ ਅਤੇ ਉਸ ਨੂੰ ਅਨੁਭਵ ਕਰਦੇ ਹਾਂ।

## ਇਹ ਸਾਰੇ ਵਚਨ "ਪਰਮੇਸ਼ੁਰ ਦੁਆਰਾ ਪ੍ਰੇਰਿਤ ਹਨ"

**2 ਤਿਮੋਥਿਉਸ 3:15,16**

**15 ਅਤੇ ਇਹ ਜੋ ਤੂੰ ਬਾਲ ਅਵਸਥਾ ਤੋਂ ਪਵਿੱਤਰ ਲਿਖਤਾਂ ਦਾ ਮਹਿਰਮ ਹੈਂ ਜਿਹੜੀਆਂ ਉਸ ਨਿਹਚਾ ਦੇ ਰਾਹੀਂ ਜੋ ਮਸੀਹ ਯਿਸੂ ਉੱਤੇ ਹੈ ਤੈਨੂੰ ਮੁਕਤੀ ਦਾ ਗਿਆਨ ਦੇ ਸਕਦੀਆਂ ਹਨ।**
**16 ਸਾਰੀ ਲਿਖਤ ਪਰਮੇਸ਼ੁਰ ਦੇ ਆਤਮਾ ਤੋਂ ਹੈ ਅਤੇ ਸਿੱਖਿਆ, ਤਾੜਨ, ਸੁਧਾਰਨ ਅਤੇ ਧਰਮ ਦੇ ਗਿਝਾਉਣ ਲਈ ਗੁਣਕਾਰ ਹੈ।**

ਜਦੋਂ ਪੌਲੁਸ ਰਸੂਲ ਨੇ "ਪਵਿੱਤਰ ਵਚਨ" ਦਾ ਹਵਾਲਾ ਦਿੱਤਾ, ਤਾਂ ਉਹ ਲਿਖਤੀ ਵਚਨ ਦੀ ਗੱਲ ਕਰ ਰਿਹਾ ਸੀ, ਜਦੋਂ ਉਸ ਨੇ ਕਿਹਾ ਕਿ, *"ਸਾਰੀ ਲਿਖਤ ਪਰਮੇਸ਼ੁਰ ਦੇ ਆਤਮਾ ਤੋਂ ਹੈ"* (2 ਤਿਮੋਥਿਉਸ 3:16)। ਉਹ ਲਿਖਤੀ ਵਚਨ ਨੂੰ ਰੱਬੀ ਅਧਿਕਾਰ ਨਾਲ ਜੋੜਦਾ ਹੈ। ਭਾਵੇਂ ਮਨੁੱਖਾਂ ਨੇ ਸ਼ਬਦ ਲਿਖੇ ਸਨ, ਪਰ ਪਰਮੇਸ਼ੁਰ ਉਸ ਸੰਦੇਸ਼ ਦਾ ਸਰੋਤ ਅਤੇ ਪ੍ਰੇਰਨਾ ਸੀ। ਰਸੂਲ ਪਤਰਸ ਇਸ ਨੂੰ ਥੋੜ੍ਹਾ ਵੱਖਰੇ ਢੰਗ ਨਾਲ ਲਿਖਦੇ ਹੋਏ ਕਹਿੰਦਾ ਹੈ, *"ਕਿ ਪਹਿਲਾਂ ਤੁਸੀਂ ਇਹ ਜਾਣਦੇ ਹੋ ਭਈ ਧਰਮ ਪੁਸਤਕ ਦੇ ਕਿਸੇ ਅਗੰਮ ਵਾਕ ਦਾ ਅਰਥ ਆਪਣੇ ਯਤਨ ਨਾਲ ਨਹੀਂ ਹੁੰਦਾ। ਕਿਉਂਕਿ ਕੋਈ ਅਗੰਮ ਵਾਕ ਮਨੁੱਖ ਦੀ ਇੱਛਿਆ ਤੋਂ ਕਦੇ ਨਹੀਂ ਆਇਆ ਸਗੋਂ ਮਨੁੱਖ ਪਵਿੱਤਰ ਆਤਮਾ ਦੇ ਉਕਾਸਣ ਨਾਲ ਪਰਮੇਸ਼ੁਰ ਦੀ ਵੱਲੋਂ ਬੋਲਦੇ ਸਨ"* (2 ਪਤਰਸ 1:20,21)। ਸਾਰੀ ਲਿਖਤ ਇਸ ਅਰਥ ਵਿੱਚ ਭਵਿੱਖਬਾਣੀ ਹੈ ਕਿ ਉਹ ਪਰਮੇਸ਼ੁਰ ਦੇ ਆਤਮਾ ਦੀ ਪ੍ਰੇਰਨਾ ਨਾਲ ਉਤਪੰਨ ਹੋਏ ਹਨ। ਲਿਖਤੀ ਵਚਨ ਰੱਬੀ ਪ੍ਰੇਰਣਾ ਦੁਆਰਾ ਪ੍ਰੇਰਿਤ ਹੈ। ਇਸ ਸਚਿਆਈ ਨੂੰ ਆਪਣੇ ਅੰਦਰੋਂ ਪੂਰੀ ਤਰ੍ਹਾਂ ਮੰਨਣ ਨਾਲ ਤੁਸੀਂ ਵਚਨ ਬਾਰੇ ਆਪਣੇ ਨਜ਼ਰੀਏ ਨੂੰ ਪੂਰੀ ਤਰ੍ਹਾਂ ਨਾਲ ਬਦਲ ਸਕਦੇ ਹੋ? ਜੇਕਰ ਤੁਸੀਂ ਸੱਚਮੁੱਚ ਵਿਸ਼ਵਾਸ ਕਰਦੇ ਹੋ ਕਿ ਸਾਰੀ ਲਿਖਤ ਪਰਮੇਸ਼ੁਰ ਦੁਆਰਾ ਪ੍ਰੇਰਿਤ ਹੈ, ਤਾਂ ਤੁਸੀਂ ਆਪਣੇ ਜੀਵਨ ਵਿੱਚ ਵਚਨ ਨੂੰ ਇੱਕ ਉੱਚ ਤਰਜੀਹ ਦਿਓਗੇ। ਤੁਸੀਂ ਆਪਣੀ ਬਾਈਬਲ ਇਸ ਜਾਣਕਾਰੀ ਨਾਲ ਖੋਲ੍ਹੋਗੇ ਕਿ ਇਸ ਸ੍ਰਿਸ਼ਟੀ ਦਾ ਪਰਮੇਸ਼ੁਰ ਤੁਹਾਡੇ ਨਾਲ ਆਪਣੇ ਵਿਚਾਰ ਸਾਂਝੇ ਕਰ ਰਿਹਾ ਹੈ। ਆਪਣੀ ਅਸੀਮ ਬੁੱਧ ਨਾਲ, ਜੋ ਕੁਝ ਪਰਮੇਸ਼ੁਰ ਨੇ ਧਰਤੀ ਉੱਤੇ ਸਾਡੇ ਜੀਵਨਾਂ ਦੇ ਲਈ ਜ਼ਰੂਰੀ ਅਤੇ ਮਹੱਤਵਪੂਰਣ ਸਮਝਿਆ,

ਉਸ ਨੂੰ ਇਸ ਕਿਤਾਬ ਦੇ ਪੰਨਿਆਂ ਦੇ ਅੰਦਰ ਲਿਖਣਾ ਚੁਣਿਆ ਹੈ। ਵਚਨ ਸਿੱਖਿਆ, ਦ੍ਰਿੜ੍ਹ ਨਿਸ਼ਚੇ, ਸੁਧਾਰ (ਤਾੜਨਾ) ਅਤੇ ਹਿਦਾਇਤ ਪ੍ਰਦਾਨ ਕਰਦਾ ਹੈ।

## ਵਚਨ—ਪਰਮੇਸ਼ੁਰ ਨੂੰ ਵੇਖਣ ਦੀ ਖਿੜਕੀ

**ਜ਼ਬੂਰਾਂ 119:18**

**ਮੇਰੀਆਂ ਅੱਖਾਂ ਖੋਲ੍ਹ, ਭਈ ਮੈਂ ਤੇਰੀ ਬਿਵਸਥਾ ਦੀਆਂ ਅਚਰਜ ਗੱਲਾਂ ਨੂੰ ਵੇਖਾਂ।**

ਵਚਨ ਸਾਨੂੰ ਜੀਉਂਦੇ ਪਰਮੇਸ਼ੁਰ ਬਾਰੇ ਸਮਝ ਦਿੰਦੇ ਹਨ। ਇਹ ਪਰਮੇਸ਼ੁਰ ਦੇ ਸੁਭਾਅ, ਚਰਿੱਤਰ, ਗੁਣਾਂ ਅਤੇ ਉਸ ਦੇ ਦਿਲ ਨੂੰ ਪ੍ਰਗਟ ਕਰਦੇ ਹਨ। ਵਚਨ ਦੇ ਪੰਨਿਆਂ ਵਿੱਚ ਸਾਨੂੰ ਇਹ ਸਮਝ ਮਿਲਦੀ ਹੈ ਕਿ ਪਰਮੇਸ਼ੁਰ ਕੌਣ ਹੈ, ਉਹ ਕੀ ਕਰਦਾ ਹੈ, ਉਸ ਦੀਆਂ ਭਾਵਨਾਵਾਂ ਅਤੇ ਉਸ ਦੀਆਂ ਇੱਛਾਵਾਂ ਕੀ ਹਨ। ਇਸ ਲਈ, ਵਚਨ ਦੁਆਰਾ ਹੀ ਅਸੀਂ ਪਰਮੇਸ਼ੁਰ ਨੂੰ ਜਾਣਦੇ ਹਾਂ ਅਤੇ ਇਸ ਤਰ੍ਹਾਂ ਉਸ ਨਾਲ ਇੱਕ ਨਿੱਜੀ ਰਿਸ਼ਤਾ ਬਣਾਉਂਦੇ ਹਾਂ। ਰਿਸ਼ਤਾ ਗਿਆਨ ‘ਤੇ ਅਧਾਰਿਤ ਹੁੰਦਾ ਹੈ। ਜਿੱਥੇ ਕੋਈ ਨਿੱਜੀ ਜਾਣਕਾਰੀ ਨਹੀਂ ਹੁੰਦੀ, ਉੱਥੇ ਕੋਈ ਰਿਸ਼ਤਾ ਨਹੀਂ ਬਣ ਸਕਦਾ। ਇਸ ਤੋਂ ਇਲਾਵਾ, ਪ੍ਰਾਪਤ ਕੀਤੀ ਜਾਣਕਾਰੀ ਜਾਂ ਨੇੜਤਾ ਦੀ ਗਹਿਰਾਈ ਨਿਰਧਾਰਿਤ ਕਰਦੀ ਹੈ। ਇਸ ਲਈ, ਜੀਉਂਦੇ ਪਰਮੇਸ਼ੁਰ ਦੇ ਨਾਲ ਡੂੰਘਾ ਅਤੇ  ਰਿਸ਼ਤਾ ਰੱਖਣ ਲਈ, ਮਨੁੱਖ ਨੂੰ ਉਸ ਨੂੰ ਨੇੜਿਓਂ ਜਾਣਨਾ ਪਵੇਗਾ, ਜਿਵੇਂ ਕਿ ਉਹ ਵਚਨ ਵਿੱਚ ਪ੍ਰਗਟ ਕੀਤਾ ਗਿਆ ਹੈ। ਬਾਈਬਲ ਦੇ ਪੰਨਿਆਂ ਨੂੰ ਖੋਲ੍ਹਣਾ ਦਿਲਚਸਪ ਹੈ, ਕਿਉਂਕਿ ਇਹ ਸਾਡੇ ਲਈ ਪਰਮੇਸ਼ੁਰ ਨੂੰ ਵੇਖਣ ਲਈ ਇੱਕ ਖਿੜਕੀ ਹਨ। ਜਦੋਂ ਸਾਡੀਆਂ ਅੱਖਾਂ ਵਚਨਾਂ ਦੇ “ਪਿੱਛੇ” ਦੇਖਣ ਦੇ ਲਈ ਖੁੱਲ੍ਹਦੀਆਂ ਹਨ, ਜੋ ਅਸੀਂ ਪੜ੍ਹਦੇ ਹਾਂ, ਤਾਂ ਅਸੀਂ ਆਪਣੇ ਪਰਮੇਸ਼ੁਰ ਦੀ ਮਹਿਮਾ ਅਤੇ ਸ਼ਾਨ ਦੀ ਸਮਝ ਪ੍ਰਾਪਤ ਕਰਦੇ ਹਾਂ। ਪਰਮੇਸ਼ੁਰ ਬਾਰੇ ਆਪਣੀ ਸਮਝ ਨੂੰ ਕਿਸੇ ਹੋਰ ਚੀਜ਼ ‘ਤੇ ਅਧਾਰਿਤ ਕਰਨਾ—ਭਾਵੇਂ ਸਾਡੇ ਅਨੁਭਵ ਹੋਣ, ਹੋਰ ਲੋਕਾਂ ਦੀਆਂ ਸਲਾਹਾਂ ਆਦਿ—ਹਮੇਸ਼ਾ ਦੇ ਲਈ ਸਹੀ ਆਧਾਰ ਨਹੀਂ ਹੋ ਸਕਦਾ। ਇਹ ਸੱਚ ਹੈ ਕਿ ਪਰਮੇਸ਼ੁਰ ਆਪਣੇ ਆਪ ਨੂੰ ਹੋਰ ਥਾਵਾਂ ‘ਤੇ ਵੀ ਪ੍ਰਗਟ ਕਰਦਾ ਹੈ, ਉਦਾਹਰਣ ਦੇ ਲਈ, ਆਪਣੀ ਰਚਨਾ ਵਿੱਚ। ਹਾਲਾਂਕਿ, ਹੋਰ ਸਰੋਤਾਂ ਤੋਂ ਪ੍ਰਾਪਤ ਕੀਤੀ ਜਾਣ ਵਾਲੀ ਕੋਈ ਵੀ ਜਾਣਕਾਰੀ ਪਹਿਲਾਂ ਲਿਖਤੀ ਵਚਨ ਦੀ ਰੌਸ਼ਨੀ ਵਿੱਚ ਜਾਂਚੀ ਜਾਣੀ ਚਾਹੀਦੀ ਹੈ।

## ਵਚਨ-ਸਾਡਾ ਮਾਪਦੰਡ, ਸਾਡਾ ਨਮੂਨਾ

**ਜ਼ਬੂਰਾਂ 119:133**

**ਤੂੰ ਆਪਣੇ ਵਚਨ ਉੱਤੇ ਮੇਰੇ ਕਦਮਾਂ ਨੂੰ ਜਮਾ ਦੇਹ, ਭਈ ਕੋਈ ਬਦੀ ਮੇਰੇ ਉੱਤੇ ਹਕੂਮਤ ਨਾ ਕਰੇ।**

ਇੱਕ ਅਜਿਹੀ ਦੁਨੀਆਂ ਵਿੱਚ ਜਿੱਥੇ ਲੋਕਾਂ ਦੇ ਕੋਲ ਸਹੀ ਅਤੇ ਗ਼ਲਤ ਦੇ ਲਈ ਪੱਕੇ ਮਾਪਦੰਡ ਨਹੀਂ ਹਨ, ਅਸੀਂ ਪਰਮੇਸ਼ੁਰ ਦੇ ਵਚਨ ਨੂੰ ਆਪਣਾ ਮਾਪਦੰਡ ਬਣਾਉਣ ਦੇ ਲਈ ਚੁਣਦੇ ਹਾਂ। ਅਸੀਂ ਸਾਰੇ ਜੀਵਨ ਦੇ ਮਾਮਲਿਆਂ ਵਿੱਚ, ਜੋ ਕੁਝ ਵੀ ਵਚਨ ਕਹਿੰਦਾ ਹੈ ਉਸ ਨੂੰ ਸੱਚ ਮੰਨਦੇ ਹਾਂ। ਪਰਮੇਸ਼ੁਰ ਦਾ ਵਚਨ ਜੋ ਵੀ ਕਹਿੰਦਾ ਹੈ ਉਹ ਸਹੀ ਅਤੇ ਉੱਤਮ ਹੈ, ਅਸੀਂ ਉਸ ਨੂੰ ਸਹੀ ਅਤੇ ਉੱਤਮ ਮੰਨਦੇ ਹਾਂ। ਜੋ ਵੀ ਵਚਨ ਗ਼ਲਤ ਕਹਿੰਦਾ ਹੈ, ਤਾਂ ਅਸੀਂ ਉਸ ਨੂੰ ਗ਼ਲਤ ਮੰਨਦੇ ਹਾਂ। ਅਸੀਂ ਵਚਨ ਦੁਆਰਾ ਨਿਰਧਾਰਿਤ ਨੈਤਿਕ ਮਾਪਦੰਡਾਂ ਨੂੰ ਦੂਰ ਕਰਕੇ “ਤਰਕਸ਼ੀਲ” (ਤਰਕ), “ਉਦਾਰਵਾਦੀ” (ਵਿਸ਼ਾਲ ਸੋਚ ਵਾਲੇ ਹੋਣ ਦੀ ਕੋਸ਼ਿਸ਼) ਜਾਂ “ਪ੍ਰਸੰਗਿਕ” (ਉਨ੍ਹਾਂ ਨੂੰ ਸੱਭਿਆਚਾਰਕ ਜਾਂ ਸਮਾਜਿਕ ਤੌਰ ‘ਤੇ ਢੁੱਕਵਾਂ) ਨਹੀਂ ਬਣਾਉਂਦੇ ਹਾਂ। ਅਸੀਂ ਵਚਨ ਦੁਆਰਾ ਨਿਰਧਾਰਿਤ ਕੀਤੇ ਗਏ ਨੈਤਿਕ ਮਾਪਦੰਡਾਂ ਤੋਂ ਘੱਟ ਕਿਸੇ ਵੀ ਚੀਜ਼ ਲਈ ਸਮਝੌਤਾ ਕਰਨਾ ਨਹੀਂ ਚੁਣਦੇ।

ਪਰਮੇਸ਼ੁਰ ਦਾ ਵਚਨ ਸਾਡਾ ਮਾਰਗ ਦਰਸ਼ਕ ਹੈ। ਅਸੀਂ ਆਪਣੇ ਜੀਵਨ ਨੂੰ ਵਚਨ ਦੀਆਂ ਸਿੱਖਿਆਵਾਂ ਦੇ ਅਨੁਸਾਰ ਢਾਲਦੇ ਹਾਂ। ਵਚਨ ਪਤੀਆਂ, ਪਤਨੀਆਂ, ਮਾਪਿਆਂ, ਬੱਚਿਆਂ, ਮਾਲਕਾਂ, ਕਰਮਚਾਰੀਆਂ, ਸੇਵਕਾਂ ਅਤੇ ਸਾਰੇ ਵਿਸ਼ਵਾਸੀਆਂ ਦੇ ਲਈ ਜੀਵਨ ਦੇ ਮਾਪਦੰਡ ਨਿਰਧਾਰਿਤ ਕਰਦਾ ਹੈ। ਅਸੀਂ ਪਵਿੱਤਰ ਆਤਮਾ ਦੀ ਸਮਰੱਥ ਨਾਲ, ਆਪਣੇ ਚਾਲ-ਚਲਣ ਨੂੰ ਜੀਵਨ-ਸ਼ੈਲੀ, ਆਪਣੀਆਂ ਕਦਰਾਂ-ਕੀਮਤਾਂ, ਆਪਣੇ ਵਿਸ਼ਵਾਸਾਂ, ਆਪਣੇ ਉਦੇਸ਼ਾਂ ਨੂੰ ਵਚਨ ਦੇ ਸਿਧਾਂਤਾਂ ਦੇ ਅਨੁਸਾਰ ਬਣਾਉਣ ਦੀ ਪੂਰੀ ਕੋਸ਼ਿਸ਼ ਕਰਦੇ ਹਾਂ। ਅਸੀਂ ਆਪਣਾ ਪੂਰਾ ਜੀਵਨ ਉਸ ਦੇ ਵਚਨ ਅਨੁਸਾਰ ਚਲਾਉਂਦੇ ਹਾਂ।

## ਵਚਨ—ਸਾਡਾ ਅਧਿਕਾਰ

**ਜ਼ਬੂਰਾਂ 119:101**

**ਮੈਂ ਆਪਣੇ ਪੈਰਾਂ ਨੂੰ ਹਰ ਬੁਰੇ ਮਾਰਗ ਤੋਂ ਰੋਕ ਰੱਖਿਆ ਹੈ, ਤਾਂ ਜੋ ਤੇਰੇ ਬਚਨ ਦੀ ਪਾਲਨਾ ਕਰਾਂ।**

ਅਸੀਂ ਵਚਨ ਨੂੰ ਆਪਣੇ ਜੀਵਨ ਵਿੱਚ ਆਖ਼ਰੀ ਅਧਿਕਾਰ ਮੰਨਦੇ ਹਾਂ। ਭਾਵੇਂ ਮਨੁੱਖ ਦਾ ਬਣਾਇਆ ਹੋਇਆ ਕੋਈ ਵੀ ਕਾਨੂੰਨ ਸਾਨੂੰ ਨਾ ਸੁਧਾਰੇ, ਅਸੀਂ ਆਪਣੇ

ਆਪ ਨੂੰ ਵਚਨ ਦੇ ਸੁਧਾਰ ਅਧੀਨ ਕਰਦੇ ਹਾਂ। ਅਸੀਂ ਹਮੇਸ਼ਾ ਇਹ ਉਡੀਕ ਨਹੀਂ ਕਰਦੇ ਕਿ ਕੋਈ ਹੋਰ ਸਾਡੀ ਗ਼ਲਤੀ ਦੱਸੇ, ਭਾਵੇਂ ਕਈ ਵਾਰ ਇਹ ਲੋੜੀਂਦਾ ਹੋ ਸਕਦਾ ਹੈ। ਜੇਕਰ ਅਸੀਂ ਆਪਣੇ ਆਪ ਨੂੰ ਉਹ ਕੰਮ ਕਰਦੇ ਪਾਉਂਦੇ ਹਾਂ, ਜੋ ਵਚਨ ਅਨੁਸਾਰ ਗ਼ਲਤ ਹਨ, ਤਾਂ ਅਸੀਂ ਆਪਣੇ ਜੀਵਨ ਵਿੱਚ ਅਨੁਸ਼ਾਸਨ ਦੀ ਵਰਤੋਂ ਕਰਨਾ ਚੁਣਦੇ ਹਾਂ ਤਾਂ ਜੋ ਅਸੀਂ ਵਚਨ ਦੇ ਅਨੁਸਾਰ ਜੀ ਸਕੀਏ। ਪਰਮੇਸ਼ੁਰ ਦੇ ਵਚਨ ਨੂੰ ਮੰਨਣਾ ਅਸਲ ਵਿੱਚ ਆਪਣੇ ਆਪ ਨੂੰ ਪਰਮੇਸ਼ੁਰ ਦੇ ਅਧੀਨ ਕਰਨਾ ਹੈ। ਵਚਨ ਦੀ ਸਲਾਹ ਦੇ ਵਿਰੁੱਧ ਜਾਣਾ ਪਰਮੇਸ਼ੁਰ ਦੇ ਵਿਰੁੱਧ ਬਗ਼ਾਵਤ ਕਰਨਾ ਹੈ। ਪ੍ਰਭੂ ਯਿਸੂ ਨੇ ਕਿਹਾ, *"ਜਿਹੜਾ ਮੈਨੂੰ ਰੱਦ ਕਰਦਾ ਹੈ ਅਤੇ ਮੇਰੀਆਂ ਗੱਲਾਂ ਨਹੀਂ ਕਬੂਲਦਾ, ਮੈਂ ਉਹ ਨੂੰ ਇੱਕ ਦੋਸ਼ੀ ਠਹਿਰਾਉਂਦਾ ਹੈ। ਜਿਹੜਾ ਬਚਨ ਮੈਂ ਕਿਹਾ ਓਹੀਓ ਅੰਤ ਦੇ ਦਿਨ ਉਸ ਨੂੰ ਦੋਸ਼ੀ ਠਹਿਰਾਵੇਗਾ"* (ਯੂਹੰਨਾ 12:48)। ਪਰਮੇਸ਼ੁਰ ਦਾ ਵਚਨ ਉਹ ਕਾਨੂੰਨ ਹੋਵੇਗਾ ਜਿਸ ਅਨੁਸਾਰ ਸਾਰੇ ਮਨੁੱਖਾਂ ਦਾ ਨਿਆਂ ਕੀਤਾ ਜਾਵੇਗਾ।

ਇਹ ਸਮਾਂ ਹੈ ਕਿ ਪਰਮੇਸ਼ੁਰ ਦੇ ਲੋਕ ਪਰਮੇਸ਼ੁਰ ਦੇ ਲਿਖਤ ਵਚਨ ਦੇ ਲਈ ਆਦਰ ਅਤੇ ਭੈ ਰੱਖਣ। ਜੇ ਅਸੀਂ ਪਰਮੇਸ਼ੁਰ ਦੇ ਵਚਨ ਦੇ ਅਧਿਕਾਰ ਨੂੰ ਆਪਣੇ ਜੀਵਨ ਵਿੱਚ ਨਹੀਂ ਮੰਨਦੇ, ਤਾਂ ਅਸੀਂ "ਪੱਕੇ ਵਿਸ਼ਵਾਸੀ" ਨਹੀਂ ਹੋ ਸਕਦੇ ਜੇ ਅਸੀਂ ਉਹ ਕੰਮ ਕਰਦੇ ਰਹੀਏ ਜੋ ਵਚਨ ਦੇ ਉਲਟ ਹਨ, ਸਿਰਫ਼ ਇਸ ਲਈ ਕਿ ਉਹ ਸਾਡੇ ਸਰੀਰ ਨੂੰ ਚੰਗੇ ਲੱਗਦੇ ਹਨ ਜਾਂ ਸਾਡੇ ਤਰਕ ਨੂੰ ਠੀਕ ਲੱਗਦੇ ਹਨ। ਵਿਸ਼ਵਾਸੀ ਹੋਣ ਦੇ ਨਾਤੇ, ਸਾਨੂੰ ਆਪਣੀਆਂ ਭਾਵਨਾਵਾਂ ਅਤੇ ਤਰਕ ਨੂੰ ਵਚਨ ਦੇ ਅਧੀਨ ਕਰਨਾ ਸਿੱਖਣਾ ਚਾਹੀਦਾ ਹੈ। ਅਸੀਂ ਹਰ ਤਰ੍ਹਾਂ ਦੀ ਬੁਰਾਈ ਤੋਂ ਬਚਦੇ ਹਾਂ ਅਤੇ ਆਪਣੇ ਆਪ ਨੂੰ ਉਸ ਦੇ ਵਚਨ ਅਨੁਸਾਰ ਢਾਲਦੇ ਹਾਂ ਕਿਉਂਕਿ ਇਹ ਆਖ਼ਰੀ ਅਧਿਕਾਰ ਹੈ।

## ਵਚਨ ਨੂੰ ਆਪਣੇ ਵਿੱਚ ਬਹੁਤਾ ਕਰਕੇ ਵੱਸਣ ਦਿਓ

**ਕੁਲੁੱਸੀਆਂ 3:16**

**ਮਸੀਹ ਦਾ ਬਚਨ ਪੂਰੀ ਬੁੱਧ ਨਾਲ ਤੁਹਾਡੇ ਵਿੱਚ ਬਹੁਤਾ ਕਰਕੇ ਵੱਸੇ ਅਤੇ ਤੁਸੀਂ ਜ਼ਬੂਰਾਂ ਅਤੇ ਭਜਨਾਂ ਅਤੇ ਆਤਮਿਕ ਗੀਤਾਂ ਦੁਆਰਾ ਇੱਕ ਦੂਏ ਨੂੰ ਉਪਦੇਸ਼ ਦਿਆ ਕਰੋ ਅਤੇ ਚਿਤਾਰਿਆ ਕਰੋ ਅਤੇ ਕਿਰਪਾ ਨਾਲ ਪਰਮੇਸ਼ੁਰ ਨੂੰ ਆਪਣਿਆਂ ਮਨਾਂ ਵਿੱਚ ਗਾਇਆ ਕਰੋ।**

ਪਰਮੇਸ਼ੁਰ ਦਾ ਵਚਨ ਸਾਡੇ ਵਿਸ਼ਵਾਸ ਦੀ ਨੀਂਹ ਹੈ। ਇਹ ਆਤਮਿਕ ਵਿਕਾਸ ਅਤੇ ਪਰਿਪੱਕਤਾ ਦੇ ਲਈ ਬਹੁਤ ਜ਼ਰੂਰੀ ਹੈ। ਸਾਨੂੰ ਮਸੀਹ ਵਿੱਚ

ਰਹਿਣਾ ਚਾਹੀਦਾ ਹੈ ਅਤੇ ਉਸ ਦਾ ਵਚਨ ਸਾਡੇ ਵਿੱਚ ਰਹਿਣਾ ਚਾਹੀਦਾ ਹੈ (ਯੂਹੰਨਾ 15:7)। ਤੁਹਾਡੇ ਲਈ ਸਾਡਾ ਹੁਕਮ ਇਹ ਹੈ ਕਿ ਮਸੀਹ ਦੇ ਵਚਨ ਨੂੰ ਆਪਣੇ ਅੰਦਰ ਬਹੁਤਾ ਕਰਕੇ ਵੱਸਣ ਦਿਓ। ਵਚਨ ਨੂੰ ਖੋਜਣ, ਅਧਿਐਨ ਕਰਨ ਅਤੇ ਇਸ ਤੇ ਧਿਆਨ ਕਰਨ ਵਿੱਚ ਵਧੇਰੇ ਸਮਾਂ ਲਗਾਓ। ਜੋ ਤੁਸੀਂ ਸਿੱਖਿਆ ਹੈ ਉਸ ਦੀ ਬਾਰ-ਬਾਰ ਜਾਂਚ ਕਰੋ। ਪਵਿੱਤਰ ਆਤਮਾ ਤੋਂ ਸਮਝ ਅਤੇ ਪਰਕਾਸ ਮੰਗੋ। ਪਰਮੇਸ਼ੁਰ ਦੀ ਸੱਚਾਈ ਦਾ ਧਨ ਆਪਣੇ ਦਿਲ ਵਿੱਚ ਇਕੱਠਾ ਕਰੋ। ਜੋ ਕੁਝ ਤੁਸੀਂ ਸਿੱਖਿਆ ਹੈ ਉਸ ਦੀ ਬਾਰ ਬਾਰ ਜਾਂਚ ਕਰੋ। ਆਪਣੇ ਆਪ ਨੂੰ ਉਨ੍ਹਾਂ ਆਤਮਿਕ ਸਚਾਈਆਂ ਦੀ ਬਾਰ ਬਾਰ ਯਾਦ ਦਿਵਾਓ, ਜੋ ਪਰਮੇਸ਼ੁਰ ਦੇ ਆਤਮਾ ਨੇ ਤੁਹਾਨੂੰ ਦੱਸੀਆਂ ਹਨ। ਵਚਨ ਦੀ ਵਰਤੋਂ ਕਰਕੇ ਪ੍ਰਭੂ ਲਈ ਆਪਣੇ ਨਿੱਜੀ ਭਜਨ ਅਤੇ ਆਤਮਿਕ ਗੀਤ ਗਾਓ। ਦੂਜੇ ਵਿਸ਼ਵਾਸੀਆਂ ਨੂੰ ਵਚਨ ਵਿੱਚੋਂ ਸਿਖਾਓ ਅਤੇ ਉਤਸ਼ਾਹਿਤ ਕਰੋ। ਜੋ ਪਰਕਾਸ ਅਤੇ ਗਿਆਨ ਤੁਹਾਨੂੰ ਮਿਲਿਆ ਹੈ, ਉਸ ਨੂੰ ਆਪਣੇ ਜੀਵਨ ਵਿੱਚ ਲਾਗੂ ਕਰੋ। ਇਸ ਤਰ੍ਹਾਂ ਤੁਸੀਂ ਆਪਣੇ ਮਸੀਹੀ ਅਨੁਭਵ ਨੂੰ ਬਣਾਉਣ ਲਈ ਇੱਕ ਠੋਸ ਨੀਂਹ ਰੱਖੋਗੇ।

ਉਹ ਵਿਅਕਤੀ ਜੋ ਪ੍ਰਭੂ ਦੇ ਵਚਨ ਨੂੰ ਸੁਣਦਾ ਹੈ ਅਤੇ ਇਸ ਦੀ ਪਾਲਣਾ ਕਰਦਾ ਹੈ, ਉਹ ਇੱਕ ਬੁੱਧੀਮਾਨ ਆਦਮੀ ਵਰਗਾ ਹੈ ਜਿਸ ਨੇ ਆਪਣਾ ਘਰ ਚਟਾਨ ਉੱਤੇ ਬਣਾਇਆ (ਮੱਤੀ 7:24,25)।

ਤੁਸੀਂ ਆਪਣੇ ਜੀਵਨ ਨੂੰ ਕਿਸ ਤਰ੍ਹਾਂ ਦੀ ਨੀਂਹ ‘ਤੇ ਉਸਾਰ ਰਹੇ ਹੋ?

# 2
# ਪਰਮੇਸ਼ੁਰ ਦਾ ਵਚਨ: ਇਸ ਦੀ ਸ਼ੁੱਧਤਾ ਅਤੇ ਸਮਰੱਥ

ਇਹ ਭਾਰਤ ਦੇ ਮਨੀਪਾਲ ਵਿੱਚ ਕਾਲਜ ਦੇ ਚਾਰ ਦਿਲਚਸਪ ਸਾਲਾਂ ਦੇ ਅੰਤ ਦੇ ਸਮੇਂ ਦੀ ਗੱਲ ਹੈ, ਜਿਸ ਦੌਰਾਨ ਬਹੁਤ ਸਾਰੀਆਂ ਅਦਭੁੱਤ ਘਟਨਾਵਾਂ ਵਾਪਰੀਆਂ ਸਨ। ਸਭ ਤੋਂ ਮਹੱਤਵਪੂਰਨ ਗੱਲ ਇਹ ਸੀ ਕਿ ਪਰਮੇਸ਼ੁਰ ਨੇ ਕੁਝ ਨੌਜਵਾਨਾਂ—ਕਾਲਜ ਦੇ ਕੁਝ ਆਮ ਵਿਦਿਆਰਥੀਆਂ—ਨੂੰ ਇਕੱਠੇ ਮਿਲਕੇ ਕੰਮ ਕਰਨ ਦੀ ਨੀਂਹ ਰੱਖਣ ਦੇ ਯੋਗ ਬਣਾਇਆ, ਜੋ ਬਾਅਦ ਵਿੱਚ ਵਿਦਿਆਰਥੀ ਤਬਕੇ ਵਿੱਚ ਇੱਕ ਮਜ਼ਬੂਤ ਮਸੀਹੀ ਸੰਗਤੀ ਦੇ ਰੂਪ ਵਿੱਚ ਬਦਲ ਗਿਆ। ਇਹ ਉਸ ਸਾਲ ਦੀ ਪੜ੍ਹਾਈ ਦਾ ਅੰਤ ਸੀ ਅਤੇ ਮੇਰੇ ਬਹੁਤ ਸਾਰੇ ਦੋਸਤ ਘਰ ਚਲੇ ਗਏ ਸਨ। ਇਹ ਜਾਣਦੇ ਹੋਏ ਕਿ ਇਸ ਸਮੇਂ ਹੋਸਟਲ ਦੇ ਕਮਰੇ ਆਮ ਤੌਰ ‘ਤੇ ਸ਼ਾਂਤ ਹੋਣਗੇ, ਮੈਂ ਕੁਝ ਦਿਨਾਂ ਦੇ ਲਈ ਇੱਥੇ ਰਹਿਣ ਦਾ ਫੈਸਲਾ ਕੀਤਾ ਤਾਂ ਜੋ ਪਰਮੇਸ਼ੁਰ ਨਾਲ ਕੁਝ ਸਮਾਂ ਇਕੱਠਾ ਬਿਤਾ ਸਕਾਂ। ਮੈਂ ਖਾਸ ਤੌਰ ‘ਤੇ ਆਪਣੇ ਭਵਿੱਖ ਅਤੇ ਅੱਗੇ ਆਉਣ ਵਾਲੀਆਂ ਗੱਲਾਂ ਬਾਰੇ ਪ੍ਰਾਰਥਨਾ ਕਰਨਾ ਚਾਹੁੰਦਾ ਸੀ, ਭਾਵੇਂ ਮੈਂ ਬਹੁਤ ਸਾਰੀਆਂ ਗੱਲਾਂ ਤੋਂ ਅਣਜਾਣ ਰਿਹਾ ਸੀ। ਪ੍ਰਾਰਥਨਾ ਦੇ ਇਸ ਸਮੇਂ ਦੌਰਾਨ ਯਸਾਯਾਹ 45:1-3 ਨੇ ਮੇਰੀ ਆਤਮਾ ਨੂੰ ਡੂੰਘਾਈ ਨਾਲ ਛੂਹ ਲਿਆ। ਮੇਰੇ ਲਈ, ਇਹ ਨੀਂਹ ਪੱਥਰ ਦੀਆਂ ਆਇਤਾਂ ਬਣ ਗਈਆਂ–ਇਹ ਵਚਨ ਜੋ ਮੇਰੇ ਦਿਲ ਵਿੱਚ ਇੱਕ ਖਾਸ ਜਗ੍ਹਾ ਰੱਖਦੇ ਹਨ। ਮੈਂ ਇਨ੍ਹਾਂ ਦੇ ਅਰਥ ਨੂੰ ਸਮਝ ਗਿਆ ਕਿ ਉਹ ਮੇਰੀ ਜ਼ਿੰਦਗੀ ਵਿੱਚ ਕਿਵੇਂ ਲਾਗੂ ਹੋਣਗੀਆਂ।

ਇਸ ਵਾਇਦੇ ਦੇ ਇੱਕ ਹਿੱਸੇ ਵਜੋਂ, ਪ੍ਰਭੂ ਨੇ ਕਿਹਾ ਕਿ ਉਹ ਸਾਡੇ ਅੱਗੇ ਜਾਵੇਗਾ ਅਤੇ ਸਾਡੇ ਲਈ ਦਰਵਾਜ਼ੇ ਖੋਲ੍ਹੇਗਾ ਅਤੇ ਇਹ ਦਰਵਾਜ਼ੇ ਬੰਦ ਨਹੀਂ ਕੀਤੇ ਜਾਣਗੇ। ਉਸ ਤੋਂ ਬਾਅਦ, ਬਹੁਤ ਸਾਰੇ ਮੌਕੇ ਆਏ, ਜਦੋਂ ਮੈਂ ਅਸੰਭਵਤਾਵਾਂ ਅਤੇ ਬੰਦ ਦਰਵਾਜ਼ਿਆਂ ਦਾ ਸਾਹਮਣਾ ਕੀਤਾ। ਭਾਵੇਂ ਇਹ ਯੂਨੀਵਰਸਿਟੀਆਂ ਵਿੱਚ ਦਾਖਲਾ ਲੈਣਾ ਅਤੇ ਵਿੱਤੀ ਸਹਾਇਤਾ ਪ੍ਰਾਪਤ ਕਰਨਾ, ਦੇਸ਼ਾਂ ਦਾ ਵੀਜ਼ਾ ਲੈਣਾ ਜਾਂ ਨਿੱਜੀ ਵਿੱਤੀ ਸੰਕਟ ਤੋਂ ਉਭਰਨਾ ਅਤੇ ਹੋਰ ਬਹੁਤ ਸਾਰੀਆਂ ਸਥਿਤੀਆਂ ਵਿੱਚ,

ਮੈਂ ਬਾਰ-ਬਾਰ ਇਨ੍ਹਾਂ ਵਚਨਾਂ 'ਤੇ ਭਰੋਸਾ ਕੀਤਾ ਅਤੇ ਪਰਮੇਸ਼ੁਰ ਦੇ ਸਾਹਮਣੇ ਖੜ੍ਹਾ ਹੋਇਆ ਹਾਂ, ਇਹ ਮੰਨਦੇ ਹੋਏ ਕਿ ਉਹ ਉਸ ਨੂੰ ਪੂਰਾ ਕਰੇਗਾ ਜੋ ਉਸ ਨੇ ਵਾਇਦਾ ਕੀਤਾ ਹੈ। ਮੈਂ ਪਵਿੱਤਰ ਬਾਈਬਲ ਦੇ ਇਨ੍ਹਾਂ ਵਚਨਾਂ ਨੂੰ ਲਿਆ ਹੈ ਅਤੇ ਮਸੀਹ ਵਿੱਚ ਸਾਨੂੰ ਦਿੱਤੇ ਗਏ ਅਧਿਕਾਰ ਦੇ ਨਾਲ, ਉਨ੍ਹਾਂ ਹਾਲਾਤਾਂ ਅਤੇ ਸਥਿਤੀਆਂ ਉੱਤੇ ਲਾਗੂ ਕੀਤਾ ਅਤੇ ਉਨ੍ਹਾਂ ਨੂੰ ਬਦਲਦੇ ਹੋਏ ਦੇਖਿਆ ਹੈ। ਮੈਂ ਇਨ੍ਹਾਂ ਵਚਨਾਂ ਦੀ ਪਵਿੱਤਰਤਾ ਅਤੇ ਸਮਰੱਥ 'ਤੇ ਇਨ੍ਹਾਂ ਭਰੋਸਾ ਕੀਤਾ ਹੈ ਕਿ ਇਹ ਤਰਕਸ਼ੀਲ ਮਨ ਨੂੰ ਗ਼ੈਰ-ਵਾਜਬ, ਸ਼ਾਇਦ ਮੂਰਖਤਾ ਭਰਿਆ ਵੀ ਲੱਗ ਸਕਦਾ ਹੈ ਅਤੇ ਮੈਂ ਖੁਸ਼ੀ ਨਾਲ ਗਵਾਹੀ ਦਿੰਦਾ ਹਾਂ ਕਿ ਪਰਮੇਸ਼ੁਰ ਦਾ ਵਚਨ ਕਦੇ ਵੀ ਅਸਫਲ ਨਹੀਂ ਹੋਇਆ! ਇਸੇ ਤਰ੍ਹਾਂ, ਸੰਸਾਰ ਭਰ ਵਿੱਚ ਬਹੁਤ ਸਾਰੇ ਲੋਕ ਹਨ, ਜੋ ਚੁਣੌਤੀਆਂ ਦਾ ਸਾਹਮਣਾ ਕਰਨ ਤੋਂ ਬਾਅਦ, ਕਈ ਗਵਾਹੀਆਂ ਦੇ ਸਕਦੇ ਹਨ ਕਿ ਉਨ੍ਹਾਂ ਨੇ ਪਰਮੇਸ਼ੁਰ ਦੇ ਅਦਿੱਖ ਵਚਨ 'ਤੇ ਕਿਵੇਂ ਪੂਰੀ ਤਰ੍ਹਾਂ ਭਰੋਸਾ ਕੀਤਾ ਅਤੇ ਕਿਵੇਂ ਪਰਮੇਸ਼ੁਰ ਦੇ ਵਚਨ ਦੀ ਸਮਰੱਥ ਨੇ ਉਨ੍ਹਾਂ ਨੂੰ ਜਿੱਤ ਨਾਲ ਬਾਹਰ ਕੱਢਿਆ!

ਇੱਕ ਅਜਿਹਾ ਸਥਾਨ ਹੈ ਜਿੱਥੇ ਅਸੀਂ ਆ ਸਕਦੇ ਹਾਂ—ਇੱਕ ਅਜਿਹਾ ਸਥਾਨ ਜਿੱਥੇ ਅਸੀਂ ਪਰਮੇਸ਼ੁਰ ਦੇ ਕੀਮਤੀ ਵਚਨ ਨੂੰ ਪਿਆਰ ਅਤੇ ਆਦਰ ਦੇ ਸਕਦੇ ਹਾਂ; ਇੱਕ ਅਜਿਹਾ ਸਥਾਨ ਜਿੱਥੇ ਸਾਡੇ ਦਿਲ ਪਰਮੇਸ਼ੁਰ ਦੇ ਵਚਨ ਦੀ ਸਚਿਆਈ ਅਤੇ ਸਮਰੱਥ ਵਿੱਚ ਇੱਕ ਨਿਰਸੰਦੇਹ ਵਿਸ਼ਵਾਸ ਨਾਲ ਭਰੇ ਹੁੰਦੇ ਹਨ; ਇੱਕ ਅਜਿਹੀ ਜਗ੍ਹਾ ਜਿੱਥੇ ਅਸੀਂ ਉਸ ਦੇ ਵਚਨ ਦਾ ਕਿਸੇ ਵੀ ਚੀਜ਼ ਨਾਲੋਂ ਵੱਧ ਆਦਰ ਕਰਦੇ ਹਾਂ; ਇੱਕ ਅਜਿਹਾ ਸਥਾਨ ਜਿੱਥੇ ਵਚਨ ਸਾਡੇ ਚਰਿੱਤਰ ਨੂੰ ਬਦਲਦਾ ਹੈ, ਸਾਡੀ ਸੋਚ ਨੂੰ ਪ੍ਰਭਾਵਿਤ ਕਰਦਾ ਹੈ ਅਤੇ ਸਾਡੇ ਕੰਮਾਂ ਨੂੰ ਦਿੰਦਾ ਮਾਰਗ-ਦਰਸ਼ਨ ਹੈ; ਇੱਕ ਅਜਿਹਾ ਸਥਾਨ ਜਿੱਥੇ ਸਾਡੇ ਦਿਲ ਉਸ ਆਤਮਿਕ ਸਮਝ ਲਈ ਤਰਸਦੇ ਅਤੇ ਭੁੱਖੇ ਰਹਿੰਦੇ ਜੋ ਵਚਨ ਦੁਆਰਾ ਆਉਂਦੀ ਹੈ; ਇੱਕ ਅਜਿਹਾ ਸਥਾਨ ਜਿੱਥੇ ਅਸੀਂ ਉਸ ਦੀ ਮਹਿਮਾ ਨੂੰ ਵਚਨ ਵਿੱਚ ਪ੍ਰਗਟ ਹੁੰਦੇ ਦੇਖਣ ਦੀ ਖਾਹਿਸ਼ ਰੱਖਦੇ ਹਾਂ, ਜੋ ਪਰਮੇਸ਼ੁਰ ਦੇ ਵਚਨ ਵਿੱਚ ਪਵਿੱਤਰ ਅਨੰਦ ਦਾ ਸਥਾਨ ਹੈ।

ਸਾਡੀ ਇਹੀ ਪ੍ਰਾਰਥਨਾ ਹੈ ਕਿ ਸਾਡੇ ਵਿੱਚੋਂ ਹਰ ਕੋਈ ਇਸ ਸਥਾਨ 'ਤੇ ਲਗਾਤਾਰ ਬਣੇ ਰਹਿਣ ਦੇ ਅਨੰਦ ਦਾ ਅਨੁਭਵ ਕਰੇਗਾ।

# ਪਰਮੇਸ਼ੁਰ ਦਾ ਸਰਬ-ਵਿਆਪੀ ਹੱਥ

**ਰੋਮੀਆਂ 11:33**

**ਵਾਹ, ਪਰਮੇਸ਼ੁਰ ਦਾ ਧਨ ਅਤੇ ਬੁੱਧ ਅਤੇ ਗਿਆਨ ਕੇਡਾ ਡੂੰਘਾ ਹੈ! ਉਹ ਦੇ ਨਿਆਂ ਕੇਡੇ ਅਣ ਲੱਭ ਹਨ ਅਤੇ ਉਹ ਦੇ ਰਾਹ ਕੇਡੇ ਬੇਖੋਜ ਹਨ!**

ਪਰਮੇਸ਼ੁਰ ਦੇ ਰਾਹ *"ਖੋਜੇ ਨਹੀਂ ਜਾ ਸਕਦੇ"* ਹਨ ਜਾਂ ਮਨੁੱਖੀ ਸਮਝ ਤੋਂ ਪਰ੍ਹੇ ਹਨ। ਪਰਮੇਸ਼ੁਰ ਦਾ ਸਰਬ-ਵਿਆਪੀ ਹੱਥ ਮਨੁੱਖੀ ਇਤਿਹਾਸ ਦੇ ਦੌਰਾਨ ਆਪਣਾ ਰਾਹ ਬਣਾਉਂਦਾ ਆ ਰਿਹਾ ਹੈ, ਅਕਸਰ ਅਜਿਹੇ ਤਰੀਕੇ ਨਾਲ ਜੋ ਮਾਮੂਲੀ ਅਤੇ ਅਸਪੱਸ਼ਟ ਲੱਗਦੇ ਹਨ। ਅਕਸਰ, ਪਰਮੇਸ਼ੁਰ ਦੇ ਕੰਮ ਬਹੁਤ ਸਧਾਰਨ ਅਤੇ ਸੰਸਾਰਿਕ ਦਿਖਾਈ ਦਿੰਦੇ ਹਨ ਅਤੇ ਫਿਰ ਵੀ ਉਹ ਪਰਮੇਸ਼ੁਰ ਦੇ ਕੰਮ ਹੀ ਹੁੰਦੇ ਹਨ। ਉਹੀ ਪਰਮੇਸ਼ੁਰ ਜਿਸ ਨੇ ਮੂਸਾ ਦੁਆਰਾ ਲਾਠੀ ਮਾਰਨ 'ਤੇ ਇੱਕ ਪਲ ਵਿੱਚ ਚਟਾਨ ਵਿੱਚੋਂ ਪਾਣੀ ਕੱਢਿਆ, ਉਸੇ ਪਰਮੇਸ਼ੁਰ ਨੇ ਬਸਲਏਲ ਅਤੇ ਉਸ ਦੇ ਸਾਥੀਆਂ ਦੁਆਰਾ ਵੀ ਕੰਮ ਕੀਤਾ ਜਦੋਂ ਉਹ ਉਜਾੜ ਵਿੱਚ ਰੋਜ਼ਾਨਾ ਤੰਬੂ ਬਣਾਉਣ ਦੇ ਲਈ ਮਿਹਨਤ ਕਰਦੇ ਸਨ (ਕੂਚ 31:1-11)। ਮਨੁੱਖੀ ਮਨ ਲਈ ਇਹ ਮੰਨਣਾ ਮੁਸ਼ਕਿਲ ਲੱਗਦਾ ਹੈ ਕਿ ਬਸਲਏਲ ਅਤੇ ਉਸ ਦੇ ਕਾਰੀਗਰਾਂ ਦੀਆਂ ਟੀਮਾਂ ਦੁਆਰਾ ਕੀਤਾ ਗਿਆ ਮਿਹਨਤੀ ਕੰਮ ਖ਼ੁਦ ਪਰਮੇਸ਼ੁਰ ਦਾ ਸੀ। ਫਿਰ ਵੀ ਇਹ ਪਰਮੇਸ਼ੁਰ ਦਾ ਆਤਮਾ ਸੀ ਜਿਸ ਨੇ ਇਨ੍ਹਾਂ ਕਾਰੀਗਰਾਂ ਨੂੰ ਤੰਬੂ ਦੇ ਲਈ ਸੋਨੇ, ਚਾਂਦੀ ਅਤੇ ਪਿੱਤਲ ਵਿੱਚ ਕਲਾਤਮਕ ਕੰਮ ਕਰਨ ਦੀ ਬੁੱਧ, ਸਮਝ ਅਤੇ ਗਿਆਨ ਨਾਲ ਪਰਿਪੱਕ ਕੀਤਾ ਸੀ।

ਇਸ ਸਰਲ ਉਦਾਹਰਣ ਨੂੰ ਵਧਾਉਂਦੇ ਹੋਏ, ਅਸੀਂ ਵਿਸ਼ਵਾਸ ਨਾਲ ਕਹਿ ਸਕਦੇ ਹਾਂ ਕਿ ਪਰਮੇਸ਼ੁਰ ਆਮ ਲੋਕਾਂ ਦੇ ਜੀਵਨ ਰਾਹੀਂ ਆਪਣੇ ਰੱਬੀ ਉਦੇਸ਼ ਪੂਰੇ ਕੀਤੇ ਹਨ। ਇਸੇ ਤਰ੍ਹਾਂ ਪਵਿੱਤਰ ਬਾਈਬਲ ਦੀਆਂ 66 ਕਿਤਾਬਾਂ ਦੇ ਸੰਗ੍ਰਹਿ ਦੇ ਨਾਲ ਵੀ ਸੀ। ਪਵਿੱਤਰ ਬਾਈਬਲ ਦੀਆਂ ਕਿਤਾਬਾਂ ਨੂੰ ਇਕੱਠਾ ਕਰਨ ਅਤੇ ਉਨ੍ਹਾਂ ਨੂੰ ਪ੍ਰਮਾਣਿਤ ਕਰਨ ਦੀ ਪ੍ਰਕਿਰਿਆ ਵਿੱਚ ਪਰਮੇਸ਼ੁਰ ਦਾ ਸਰਬ-ਵਿਆਪੀ ਹੱਥ ਕੰਮ ਕਰ ਰਿਹਾ ਸੀ। ਮਨੁੱਖੀ ਦਿਲ ਅਜਿਹੇ ਦਾਅਵੇ ਦੀ ਵੈਧਤਾ 'ਤੇ ਸਵਾਲ ਉਠਾ ਸਕਦਾ ਹੈ। ਪਰ ਸਾਡੇ ਲਈ, ਜੋ ਇਹ ਸਮਝਦੇ ਹਾਂ ਕਿ ਪਰਮੇਸ਼ੁਰ ਆਪਣਾ ਕੰਮ ਚੁੱਪਚਾਪ ਕਰਦਾ ਹੈ, ਜਦ ਕਿ ਮਨੁੱਖ ਆਪਣਾ ਰੋਜ਼ਾਨਾ ਦੇ ਕਾਰੋਬਾਰ ਵਿੱਚ ਰੁੱਝਿਆ ਰਹਿੰਦਾ ਹੈ, ਇਹ ਇੱਕ ਪੱਕੀ ਹਕੀਕਤ ਹੈ।

# ਉਸ ਦੇ ਨਾਮ ਤੋਂ ਵੀ ਉੱਪਰ

**ਜ਼ਬੂਰਾਂ 138:2**

**ਮੈਂ ਤੇਰੀ ਪਵਿੱਤਰ ਹੈਕਲ ਵੱਲ ਮੱਥਾ ਟੇਕਾਂਗਾ ਅਤੇ ਮੈਂ ਤੇਰੀ ਦਯਾ ਦੇ ਕਾਰਨ ਤੇ ਤੇਰੀ ਵਫ਼ਾਦਾਰੀ ਦੇ ਕਾਰਨ ਤੇਰੇ ਨਾਮ ਦਾ ਧੰਨਵਾਦ ਕਰਾਂਗਾ, ਕਿਉਂ ਜੋ ਤੈਂ ਸਭ ਦੇ ਉੱਤੇ ਆਪਣੇ ਨਾਮ ਨੂੰ, ਆਪਣੇ ਵਚਨ ਨੂੰ ਵਡਿਆਇਆ।**

ਪਰਮੇਸ਼ੁਰ ਨੇ ਆਪਣੇ ਵਚਨ ਨੂੰ ਆਪਣੇ ਨਾਮ ਨਾਲੋਂ ਵੀ ਵੱਧ ਮਹੱਤਵਪੂਰਨ ਥਾਂ ਦਿੱਤੀ ਹੈ। ਉਸ ਨੇ ਆਪਣੇ ਵਚਨ ਨੂੰ ਆਪਣੇ ਨਾਮ ਤੋਂ ਉੱਪਰ ਉੱਚਾ ਕੀਤਾ ਹੈ। ਪਰਮੇਸ਼ੁਰ ਦੇ ਲਈ, ਉਸ ਦਾ ਵਚਨ—ਜੋ ਉਸ ਨੇ ਕਿਹਾ—ਉਸ ਦੀ ਪ੍ਰਤਿਸ਼ਠਾ ਨਾਲੋਂ ਵੀ ਵੱਧ ਮਹੱਤਵਪੂਰਨ ਹੈ। ਕਿਉਂਕਿ ਪਰਮੇਸ਼ੁਰ ਦਾ ਨਾਮ—ਉਸ ਦੀ ਪ੍ਰਤਿਸ਼ਠਾ—ਉਸ ਦੇ ਵਚਨ ਦੇ ਸਮਾਨ ਹੀ ਹੈ! ਸਾਨੂੰ ਇਹ ਸਮਝਣ ਦੀ ਲੋੜ ਹੈ। ਉਸ ਦੀ ਪ੍ਰਤਿਸ਼ਠਾ ਉਸ ਦੇ ਵਚਨ 'ਤੇ ਨਿਰਭਰ ਕਰਦੀ ਹੈ। ਉਸ ਦੇ ਨਾਮ ਦੀ ਮਹਿਮਾ ਅਤੇ ਆਦਰ ਉਸ ਦੇ ਵਚਨ ਤੋਂ ਹੀ ਪੈਦਾ ਹੁੰਦੇ ਹਨ।

ਇਸ ਦੇ ਦੋ ਮਹੱਤਵਪੂਰਨ ਅਰਥ ਹਨ।

## *1) ਪਰਮੇਸ਼ੁਰ ਵੱਲੋਂ*

ਕਿਉਂਕਿ ਉਸ ਨੇ ਆਪਣੇ ਵਚਨ ਨੂੰ ਆਪਣੇ ਨਾਮ ਤੋਂ ਵੀ ਵੱਧ ਉੱਚਾ ਕੀਤਾ ਹੈ, ਇਸ ਲਈ ਉਹ ਆਪਣੇ ਵਚਨ ਨੂੰ ਆਪਣੇ ਸਾਰੇ ਸਰੂਪ ਨਾਲ ਕਾਇਮ ਰੱਖੇਗਾ। ਪਰਮੇਸ਼ੁਰ ਦਾ ਵਚਨ ਉਸ ਦੀ ਸਰਬ-ਸ਼ਕਤੀਮਾਨਤਾ, ਸਰਬ-ਵਿਆਪਕਤਾ ਅਤੇ ਸਰਬ-ਗਿਆਨਤਾ ਦਾ ਸਮਰਥਨ ਕਰਦਾ ਹੈ। ਉਸ ਨੇ ਕਿਹਾ, *"ਤਾਂ ਯਹੋਵਾਹ ਨੇ ਮੈਨੂੰ ਆਖਿਆ, ਤੈਂ ਚੰਗਾ ਵੇਖਿਆ! ਮੈਂ ਆਪਣੇ ਵਚਨ ਦੇ ਪੂਰਾ ਕਰਨ ਲਈ ਜਾਗਦਾ ਜੋ ਰਹਿੰਦਾ ਹਾਂ"* (ਯਿਰਮਿਯਾਹ 1:12 ਦ ਐਂਪਲੀਫਾਈਡ ਬਾਈਬਲ)।

## *2) ਸਾਡੇ ਵੱਲੋਂ*

ਦੂਜੀ ਗੱਲ, ਸਾਡੇ ਵੱਲੋਂ, ਸਾਨੂੰ ਨਾ ਸਿਰਫ਼ ਪ੍ਰਭੂ ਦੇ ਨਾਮ ਨੂੰ ਜਾਣਨ ਦੀ ਮਹੱਤਤਾ ਨੂੰ ਸਮਝਣਾ ਚਾਹੀਦਾ ਹੈ, ਸਗੋਂ ਉਸ ਦੇ ਵਚਨ ਨੂੰ ਵੀ ਜਾਣਨਾ ਚਾਹੀਦਾ ਹੈ। ਅਸੀਂ ਉਸ ਦੇ ਨਾਮ ਨੂੰ ਪੁਕਾਰਿਆ ਹੈ ਅਤੇ ਅਸੀਂ ਬਚਾਏ ਗਏ ਹਾਂ (ਰੋਮੀਆਂ 10:13)। ਹੁਣ ਸਾਨੂੰ ਉਸ ਦੇ ਵਚਨ ਨੂੰ ਜਾਣਨਾ ਜ਼ਾਰੀ ਰੱਖਣ ਦੀ ਜ਼ਰੂਰਤ ਹੈ ਕਿਉਂਕਿ ਪਰਮੇਸ਼ੁਰ ਨੇ ਖ਼ੁਦ ਆਪਣੇ ਵਚਨ ਨੂੰ ਆਪਣੇ ਨਾਲੋਂ ਵੀ ਵੱਧ ਆਦਰ

ਦਿੱਤਾ ਹੈ।

## ਪਰਮੇਸ਼ੁਰ ਦਾ ਵਚਨ ਉਸ ਦੇ ਚਰਿੱਤਰ ਵਾਂਗ ਹੀ ਮਜ਼ਬੂਤ ਹੈ

**ਇਬਰਾਨੀਆਂ 6:11-18**

**11 ਅਤੇ ਅਸੀਂ ਚਾਹੁੰਦੇ ਹਾਂ ਜੋ ਤੁਹਾਡੇ ਵਿੱਚੋਂ ਹਰੇਕ ਆਸ ਦੀ ਭਰਪੂਰੀ ਲਈ ਅੰਤ ਤੋੜੀ ਉਹੋ ਜਿਹਾ ਯਤਨ ਕਰੇ।**

**12 ਤਾਂ ਜੋ ਤੁਸੀਂ ਆਲਸੀ ਨਾ ਹੋਵੋ ਸਗੋਂ ਉਨ੍ਹਾਂ ਦੀ ਰੀਸ ਕਰੋ ਜਿਹੜੇ ਨਿਹਚਾ ਅਤੇ ਧੀਰਜ ਦੇ ਰਾਹੀਂ ਵਾਇਦਿਆਂ ਦੇ ਅਧਿਕਾਰੀ ਹੁੰਦੇ ਹਨ।**

**13 ਜਦੋਂ ਪਰਮੇਸ਼ੁਰ ਨੇ ਅਬਰਾਹਾਮ ਨੂੰ ਬਚਨ ਦਿੱਤਾ ਤਾਂ ਇਸ ਕਰਕੇ ਜੋ ਆਪਣੇ ਨਾਲੋਂ ਵੱਡਾ ਕੋਈ ਨਾ ਵੇਖਿਆ ਜਿਹ ਦੀ ਓਹ ਸੌਂਹ ਖਾਂਦਾ ਉਹ ਨੇ ਆਪਣੀ ਹੀ ਸੌਂਹ ਖਾ ਕੇ ਆਖਿਆ,**

**14 ਭਈ ਮੈਂ ਤੈਨੂੰ ਬਰਕਤਾਂ ਤੇ ਬਰਕਤਾਂ ਦਿਆਂਗਾ ਅਤੇ ਤੇਰਾ ਵਾਧੇ ਤੇ ਵਾਧਾ ਕਰਾਂਗਾ।**

**15 ਇਸੇ ਤਰ੍ਹਾਂ ਉਹ ਨੇ ਧੀਰਜ ਕਰ ਕੇ ਉਸ ਦਿੱਤੇ ਹੋਏ ਬਚਨ ਨੂੰ ਪ੍ਰਾਪਤ ਕੀਤਾ।**

**16 ਮਨੁੱਖ ਤਾਂ ਆਪਣੇ ਨਾਲੋਂ ਕਿਸੇ ਵੱਡੇ ਦੀ ਸੌਂਹ ਖਾਂਦੇ ਹਨ ਅਤੇ ਓਹਨਾਂ ਦੇ ਹਰੇਕ ਝਗੜੇ ਵਿੱਚ ਸਬੂਤੀ ਲਈ ਸੌਂਹ ਖਾਣੀ ਬੱਸ ਹੈ।**

**17 ਇਸ ਕਰਕੇ ਜਦੋਂ ਪਰਮੇਸ਼ੁਰ ਨੇ ਵਾਇਦੇ ਦੇ ਅਧਿਕਾਰੀਆਂ ਉੱਤੇ ਆਪਣੀ ਮਨਸ਼ਾ ਨੂੰ ਹੋਰ ਵੀ ਅਟੱਲ ਕਰ ਕੇ ਪ੍ਰਗਟ ਕਰਨਾ ਚਾਹਿਆ ਤਾਂ ਵਿਚਾਲੇ ਸੌਂਹ ਲਿਆਂਦੀ।**

**18 ਭਈ ਦੋ ਅਟੱਲ ਗੱਲਾਂ ਦੇ ਦੁਆਰਾ ਜਿਨ੍ਹਾਂ ਵਿੱਚ ਪਰਮੇਸ਼ੁਰ ਦਾ ਝੂਠ ਬੋਲਣਾ ਅਣਹੋਣਾ ਹੈ ਸਾਨੂੰ ਪੱਕਾ ਦਿਲਾਸਾ ਮਿਲੇ ਜਿਹੜੇ ਆਪਣੇ ਸਾਹਮਣੇ ਰੱਖੀ ਹੋਈ ਆਸਾ ਨੂੰ ਫੜ੍ਹ ਲੈਣ ਲਈ ਭੱਜ ਕੇ ਪਨਾਹ ਲੈਂਦੇ ਹਾਂ।**

ਜਦੋਂ ਪਰਮੇਸ਼ੁਰ ਨੇ ਅਬਰਾਹਾਮ ਨਾਲ ਵਾਇਦਾ ਕੀਤਾ, ਤਾਂ ਉਸ ਨੇ ਇਸ ਨੂੰ ਇੱਕ ਸਹੁੰ ਖਾ ਕੇ ਪੂਰਾ ਕੀਤਾ। ਉਸ ਨੇ ਕਿਹਾ, *"ਮੈਂ ਤੈਨੂੰ ਬਰਕਤ ਦਿਆਂਗਾ,"* ਅਤੇ *"ਮੈਂ ਤੇਰਾ ਵਾਧੇ ਤੇ ਵਾਧਾ ਕਰਾਂਗਾ।"* (ਇਬਰਾਨੀਆਂ 6:14) ਪਰਮੇਸ਼ੁਰ ਨੇ ਅਬਰਾਹਾਮ ਨੂੰ *"ਦੋ ਪੱਕੇ ਵਚਨ"* ਦਿੱਤੇ (ਇਬਰਾਨੀਆਂ 6:18) ਉਸ ਦੇ ਵਾਇਦੇ (ਉਸ ਦੇ ਵਚਨ) ਅਤੇ ਉਸ ਦੇ ਵਾਇਦੇ ਦਾ ਸਮਰਥਨ ਕਰਨ ਦੇ ਲਈ ਸਾਡੇ ਨਾਲ ਉਸ ਦੀ ਸਹੁੰ (ਵਾਇਦਾ) ਹੈ। ਪਰਮੇਸ਼ੁਰ ਜਦੋਂ ਵੀ ਕਹਿੰਦਾ ਹੈ ਕਿ, *"ਮੈਂ ਕਰਾਂਗਾ..."* ਉਹ ਸਾਨੂੰ ਦੋ ਅਟੱਲ ਗੱਲਾਂ ਦਿੰਦਾ ਹੈ—ਉਸ ਦਾ ਵਾਇਦਾ (ਉਸ ਦਾ ਵਚਨ ਅਤੇ ਉਸ ਦੀ ਸਹੁੰ (ਨੇਮ, ਵਾਇਦਾ)। ਪਰਮੇਸ਼ੁਰ ਦਾ ਹਰ ਵਚਨ (ਵਾਇਦਾ) ਇੱਕ ਸਹੁੰ ਅਤੇ ਨੇਮ ਦੇ ਨਾਲ ਦਿੱਤੇ ਗਏ ਹਨ। *"ਉਹ ਨੇ ਆਪਣੀ ਹੀ ਸੌਂਹ ਖਾ ਕੇ ਆਖਿਆ"* (ਇਬਰਾਨੀਆਂ 6:13)। ਪਰਮੇਸ਼ੁਰ ਦੀ ਪੁਸ਼ਟੀ ਵਾਲੀ ਸਹੁੰ ਉਸ ਦੇ ਆਪਣੇ ਆਪ 'ਤੇ ਨਿਰਭਰ ਹੈ। ਉਸ ਦੇ ਆਪਣੇ ਆਪ ਤੋਂ ਵੱਧ ਅਟੱਲ ਹੋਰ ਕੁਝ ਨਹੀਂ ਹੈ, ਕਿਉਂਕਿ ਉਹ ਇੱਕ ਅਜਿਹਾ ਪਰਮੇਸ਼ੁਰ ਹੈ ਜਿਸ ਦਾ ਚਰਿੱਤਰ ਨਹੀਂ ਬਦਲਦਾ। ਉਸ ਨੇ ਕਿਹਾ, *"ਕਿਉਂ ਜੋ ਮੈਂ ਯਹੋਵਾਹ ਅਟੱਲ ਹਾਂ"* (ਮਲਾਕੀ 3:6)।

ਇਸ ਲਈ, ਪਰਮੇਸ਼ੁਰ ਦਾ ਹਰ ਵਚਨ ਉਸ ਦੇ ਅਟੱਲ ਸੁਭਾਉ ਨਾਲ ਮਜ਼ਬੂਤ ਕੀਤਾ ਗਿਆ ਹੈ ਅਤੇ ਪਰਮੇਸ਼ੁਰ ਦੇ ਸੁਭਾਉ ਦਾ ਇੱਕ ਮਹੱਤਵਪੂਰਨ ਪੱਖ ਇਹ ਹੈ ਕਿ ਪਰਮੇਸ਼ੁਰ ਲਈ ਝੂਠ ਬੋਲਣਾ ਅਸੰਭਵ ਹੈ।

ਉਹ *"ਜੋ ਝੂਠ ਬੋਲ ਨਹੀਂ ਸਕਦਾ"* (ਤੀਤੁਸ 1:2)। ਉਸ ਦਾ ਹਰ ਇੱਕ ਵਚਨ ਸੱਚ ਹੈ। ਜਿਵੇਂ ਯਿਸੂ ਨੇ ਕਿਹਾ, *"ਤੇਰਾ ਵਚਨ ਸੱਚ ਹੈ"* (ਯੂਹੰਨਾ 17:17ਅ)। ਸਾਨੂੰ ਇੱਕ ਅਜਿਹੀ ਜਗ੍ਹਾ 'ਤੇ ਆਉਣ ਦੀ ਜ਼ਰੂਰਤ ਹੈ, ਜਿੱਥੇ ਅਸੀਂ ਪਰਮੇਸ਼ੁਰ ਦੇ ਅਟੱਲ ਚਰਿੱਤਰ ਦੇ ਇਸ ਪਹਿਲੂ 'ਤੇ ਭਰੋਸਾ ਕਰੀਏ। ਅਸੀਂ ਜਾਣਦੇ ਹਾਂ ਕਿ ਉਹ ਕਦੇ ਵੀ ਝੂਠ ਨਹੀਂ ਬੋਲ ਸਕਦਾ ਅਤੇ ਇਸ ਲਈ ਉਹ ਜੋ ਵੀ ਕਹਿੰਦਾ ਹੈ ਉਸ ਦਾ ਹਰੇਕ ਵਚਨ ਪੂਰੀ ਤਰ੍ਹਾਂ ਸੱਚ ਹੈ। *"ਪਰਮੇਸ਼ੁਰ ਇਨਸਾਨ ਨਹੀਂ ਕਿ ਉਹ ਝੂਠ ਬੋਲੇ, ਨਾ ਆਦਮ ਜਾਇਆ ਕਿ ਉਹ ਪਛਤਾਵੇ। ਕੀ ਉਸ ਆਖਿਆ ਹੋਵੇ ਅਤੇ ਨਾ ਕਰੇ? ਅਥਵਾ ਉਹ ਬੋਲਿਆ ਅਤੇ ਉਹ ਪੂਰਾ ਨਾ ਹੋਇਆ?"* (ਗਿਣਤੀ 23:19)। ਜਦੋਂ ਅਸੀਂ ਇਸ ਗੱਲ 'ਤੇ ਯਕੀਨ ਕਰ ਲੈਂਦੇ ਹਾਂ, ਤਾਂ, ਜਿਵੇਂ ਵਚਨ ਕਹਿੰਦਾ ਹੈ, ਸਾਡੇ ਕੋਲ *"ਮਜ਼ਬੂਤ ਦਿਲਾਸਾ"* ਹੁੰਦੀ ਹੈ ਜਾਂ ਜਿਵੇਂ ਕਿ ਐਂਪਲੀਫਾਈਡ ਬਾਈਬਲ ਇਸ ਨੂੰ ਕਹਿੰਦੀ ਹੈ, *"ਭਈ ਦੋ ਅਟੱਲ ਗੱਲਾਂ ਦੇ ਦੁਆਰਾ ਜਿਨ੍ਹਾਂ ਵਿੱਚ ਪਰਮੇਸ਼ੁਰ ਦਾ ਝੂਠ ਬੋਲਣਾ ਅਣਹੋਣਾ ਹੈ, ਸਾਨੂੰ ਪੱਕਾ ਦਿਲਾਸਾ ਮਿਲੇ ਜਿਹੜੇ ਆਪਣੇ ਸਾਹਮਣੇ ਰੱਖੀ ਹੋਈ ਆਸਾ ਨੂੰ ਫੜ੍ਹ ਲੈਣ ਲਈ ਭੱਜ ਕੇ ਪਨਾਹ ਲੈਂਦੇ ਹਾਂ "* (ਇਬਰਾਨੀਆਂ 6:18)।

## ਪਾਕ ਬਚਨ

**ਜ਼ਬੂਰਾਂ 12:6**

**ਯਹੋਵਾਹ ਦੇ ਬਚਨ ਪਾਕ ਬਚਨ ਹਨ, ਉਸ ਚਾਂਦੀ ਵਰਗੇ ਜਿਹੜੀ ਮਿੱਟੀ ਦੀ ਭੱਠੀ ਵਿੱਚ ਤਾਈ ਹੋਈ ਹੈ ਅਤੇ ਸੱਤ ਵਾਰੀ ਨਿਰਮਲ ਕੀਤੀ ਹੋਈ ਹੈ।**

ਸਾਡਾ ਪਰਮੇਸ਼ੁਰ ਸਚਿਆਈ ਦਾ ਪਰਮੇਸ਼ੁਰ ਹੈ। ਉਸ ਦੇ ਵਚਨ ਸੱਚੇ ਵਚਨ ਹਨ, ਉਹ ਪਵਿੱਤਰ ਵਚਨ ਹਨ। ਪਰਮੇਸ਼ੁਰ ਦਾ ਵਚਨ ਗ਼ਲਤੀ ਤੋਂ ਰਹਿਤ ਹੈ। *"ਤੇਰੇ ਵਚਨ ਦਾ ਤਾਤ ਪਰਜ ਸਚਿਆਈ ਹੈ,"* (ਜ਼ਬੂਰਾਂ 119:160ੳ)। *"ਉਸ ਸਾਰੇ ਚੰਗੇ ਵਚਨ ਤੋਂ ਜਿਹੜਾ ਉਸ ਨੇ ਆਪਣੇ ਦਾਸ ਮੂਸਾ ਦੇ ਰਾਹੀਂ ਕੀਤਾ ਇੱਕ ਵੀ ਗੱਲ ਸੱਖਣੀ ਨਾ ਗਈ "* (1 ਰਾਜਿਆਂ 8:56ਅ)। ਉਸ 'ਤੇ ਪੱਕੇ ਵਿਸ਼ਵਾਸ ਨਾਲ ਭਰੋਸਾ ਕੀਤਾ ਜਾ ਸਕਦਾ ਹੈ। ਪਰਮੇਸ਼ੁਰ ਦੇ ਵਾਇਦਿਆਂ 'ਤੇ ਸਪੱਸ਼ਟ ਤੌਰ 'ਤੇ ਵਿਸ਼ਵਾਸ ਕੀਤਾ ਜਾ ਸਕਦਾ ਹੈ, ਉਸ ਦੀਆਂ ਹਿਦਾਇਤਾਂ ਨੂੰ ਪੂਰੇ ਦਿਲ ਨਾਲ

ਕਬੂਲ ਕੀਤਾ ਜਾ ਸਕਦਾ ਹੈ। ਪਰਮੇਸ਼ੁਰ ਦਾ ਵਚਨ ਸਦਾ ਲਈ ਸਵਰਗ ਵਿੱਚ ਸਥਾਪਿਤ ਹੈ (ਜ਼ਬੂਰਾਂ 119:89)। ਇਸ ਨੂੰ ਕਦੇ ਵੀ ਬਦਲਿਆ ਜਾਂ ਤਬਦੀਲ ਨਹੀਂ ਕੀਤਾ ਜਾਵੇਗਾ, ਕਿਉਂਕਿ ਪਰਮੇਸ਼ੁਰ ਕਦੇ ਵੀ ਆਪਣਾ ਨੇਮ ਨਹੀਂ ਤੋੜੇਗਾ ਜਾਂ ਜੋ ਉਸ ਨੇ ਕਿਹਾ ਹੈ ਉਸ ਤੋਂ ਪਿੱਛੇ ਨਹੀਂ ਹਟੇਗਾ (ਜ਼ਬੂਰਾਂ 89:34)। ਉਸ ਦਾ ਵਚਨ ਸਦਾ ਦੇ ਲਈ ਇਸਥਿਰ ਰਹਿੰਦਾ ਹੈ (1 ਪਤਰਸ 1:23)। ਉਸ ਦਾ ਵਚਨ ਮਜ਼ਬੂਤ ਸੁਰੱਖਿਆ ਦੀ ਥਾਂ ਹੈ, ਕਿਉਂਕਿ ਉਸ ਦੇ ਵਰਗਾ ਹੋਰ ਕੁਝ ਵੀ ਇੰਨਾ ਪਵਿੱਤਰ, ਯਕੀਨੀ ਅਤੇ ਸਥਾਈ ਨਹੀਂ ਹੈ।

## ਪਰਮੇਸ਼ੁਰ ਦਾ ਵਚਨ ਪਰਮੇਸ਼ੁਰ ਦੀ ਸਮਰੱਥ ਦਾ ਵਾਹਕ ਹੈ

**ਇਬਰਾਨੀਆਂ 11:3**
**ਨਿਹਚਾ ਨਾਲ ਅਸੀਂ ਜਾਣਦੇ ਹਾਂ ਭਈ ਜਗਤ ਪਰਮੇਸ਼ੁਰ ਦੇ ਫ਼ਰਮਾਨ ਨਾਲ ਸਾਜਿਆ ਗਿਆ ਅਤੇ ਜੋ ਕੁਝ ਵੇਖਣ ਵਿੱਚ ਆਉਂਦਾ ਹੈ ਸੋ ਡਿੱਠੀਆਂ ਹੋਈਆਂ ਵਸਤਾਂ ਤੋਂ ਨਹੀਂ ਬਣਿਆ ਹੈ।**

**ਇਬਰਾਨੀਆਂ 1:3**
**ਉਹ ਉਸ ਦੇ ਤੇਜ ਦਾ ਪਿਰਤ ਬਿੰਬ ਅਤੇ ਉਸ ਦੀ ਜਾਤ ਦਾ ਨਕਸ਼ ਹੋ ਕੇ ਆਪਣੇ ਸਮਰੱਥਾ ਦੇ ਬਚਨ ਨਾਲ ਸਭਨਾਂ ਵਸਤਾਂ ਨੂੰ ਸੰਭਾਲ ਕੇ ਅਰ ਪਾਪਾਂ ਨੂੰ ਸਾਫ਼ ਕਰ ਕੇ ਪਰਮ ਧਾਮ ਵਿੱਚ ਅੱਤ ਮਹਾਨ ਦੇ ਸੱਜੇ ਪਾਸੇ ਬਿਰਾਜਮਾਨ ਹੋਇਆ।**

**ਇਬਰਾਨੀਆਂ 4:12**
**ਕਿਉਂ ਜੋ ਪਰਮੇਸ਼ੁਰ ਦਾ ਬਚਨ ਜੀਉਂਦਾ ਅਤੇ ਗੁਣਕਾਰ ਅਤੇ ਹਰੇਕ ਦੋ ਧਾਰੀ ਤਲਵਾਰ ਨਾਲੋਂ ਤਿੱਖਾ ਅਤੇ ਜੀਵ ਅਤੇ ਆਤਮਾ ਨੂੰ ਅਰ ਬੰਦ-ਬੰਦ ਅਤੇ ਗੁੱਦੇ ਨੂੰ ਅੱਡੋ ਅੱਡ ਕਰ ਕੇ ਵਿੰਨ੍ਹ ਸੁੱਟਦਾ ਹੈ ਅਤੇ ਮਨ ਦੀਆਂ ਵਿਚਾਰਾਂ ਅਤੇ ਧਾਰਨਾਂ ਨੂੰ ਜਾਂਚ ਲੈਂਦਾ ਹੈ।**

ਬਾਈਬਲ ਸਾਨੂੰ ਸਿਖਾਉਂਦੀ ਹੈ ਕਿ ਪਰਮੇਸ਼ੁਰ ਨੇ ਬੋਲ ਕੇ ਬ੍ਰਹਿਮੰਡ ਨੂੰ ਹੋਂਦ ਵਿੱਚ ਲਿਆਂਦਾ। ਇਸ ਗੱਲ ਨੂੰ ਮੰਨਣਾ ਵਧੇਰੇ ਉਚਿਤ ਹੈ ਕਿ ਗੱਲਾਂ ਸਮੇਂ ਦੇ ਨਾਲ ਆਪਣੇ ਆਪ ਹੀ ਇਕੱਠੀਆਂ ਹੋ ਗਈਆਂ, ਜਿਵੇਂ ਕਿ "ਬਿਗ ਬੈਂਗ" ਅਤੇ ਹੋਰ ਸਿਧਾਂਤਾਂ ਦੇ ਸਮਰਥਕ ਦਾਅਵਾ ਕਰਦੇ ਹਨ। ਅਸੀਂ ਸਮਝਦੇ ਹਾਂ ਕਿ *"ਭਈ ਜਗਤ ਪਰਮੇਸ਼ੁਰ ਦੇ ਫ਼ਰਮਾਨ ਨਾਲ ਸਾਜਿਆ ਗਿਆ "* (ਇਬਰਾਨੀਆਂ 11:3)। ਇਸ ਬ੍ਰਹਿਮੰਡ ਨੂੰ ਪਰਮੇਸ਼ੁਰ ਦੁਆਰਾ ਬੋਲੇ ਗਏ ਸ਼ਬਦਾਂ ਦੁਆਰਾ ਬਣਾਇਆ ਗਿਆ, ਉਤਪੰਨ ਕੀਤਾ ਗਿਆ, ਆਕਾਰ ਦਿੱਤਾ ਗਿਆ ਅਤੇ ਬਣਾਇਆ ਗਿਆ। *"ਅਤੇ ਜੋ ਕੁਝ ਵੇਖਣ ਵਿੱਚ ਆਉਂਦਾ ਹੈ ਸੋ ਡਿੱਠੀਆਂ ਹੋਈਆਂ ਵਸਤਾਂ ਤੋਂ ਨਹੀਂ ਬਣਿਆ ਹੈ"* (ਇਬਰਾਨੀਆਂ 11:3)। ਅਰਥਾਤ, ਜੋ ਚੀਜ਼ਾਂ ਦਿਖਾਈ ਦਿੰਦੀਆਂ ਹਨ ਉਹ ਅਦਿੱਖ ਚੀਜ਼ਾਂ ਤੋਂ ਬਣੀਆਂ। ਕੁਦਰਤੀ ਆਤਮਿਕ ਤੋਂ ਨਿੱਕਲਿਆ। ਇਹ

ਇੱਕ ਸ਼ਕਤੀਸ਼ਾਲੀ ਸੱਚਾਈ ਹੈ ਜਿਸ ਨੂੰ ਸਾਨੂੰ ਸਮਝਣ ਦੀ ਲੋੜ ਹੈ। ਪਰਮੇਸ਼ੁਰ ਦਾ ਵਚਨ ਅਦਿੱਖ, ਆਤਮਿਕ ਪਦਾਰਥ ਸੀ ਜਿਸ ਨੇ ਕੁਦਰਤੀ ਸੰਸਾਰ ਨੂੰ ਹੋਂਦ ਵਿੱਚ ਲਿਆਂਦਾ। ਸਿਰਫ਼ ਇਹ ਹੀ ਨਹੀਂ ਕਿ ਸਭ ਕੁਝ ਪਰਮੇਸ਼ੁਰ ਦੇ ਬੋਲੇ ਹੋਏ ਵਚਨ ਨਾਲ ਬਣਿਆ, ਸਗੋਂ ਇਬਰਾਨੀਆਂ 1:3 ਦੇ ਅਨੁਸਾਰ, ਸਭ ਕੁਝ ਉਸ ਦੇ ਵਚਨ ਨਾਲ ਹੀ ਕਾਇਮ ਵੀ ਹੈ। ਸਾਰਾ ਬ੍ਰਹਿਮੰਡ ਪਰਮੇਸ਼ੁਰ ਦੇ ਵਚਨ ਦੁਆਰਾ ਕਾਇਮ, ਨਿਯੰਤ੍ਰਿਤ ਅਤੇ ਕ੍ਰਮਬੱਧ ਰੱਖਿਆ ਜਾਂਦਾ ਹੈ।

ਅਸੀਂ ਇਸ ਸਚਾਈ ਨੂੰ ਉਦੋਂ ਸਮਝਦੇ ਹਾਂ, ਜਦੋਂ ਅਸੀਂ ਇਹ ਜਾਣਦੇ ਹਾਂ ਕਿ ਪਰਮੇਸ਼ੁਰ ਦਾ ਵਚਨ ਪਰਮੇਸ਼ੁਰ ਦੀ ਸਮਰੱਥ ਨਾਲ ਭਰਪੂਰ ਹੈ। ਭੌਤਿਕ ਵਿਗਿਆਨ ਵਿੱਚ, ਚਾਨਣ ਦੀ ਪ੍ਰਤੀਬਿੰਬ ਬਾਰੇ ਇੱਕ ਸਿਧਾਂਤ ਦੱਸਦਾ ਹੈ ਕਿ ਚਾਨਣ ਵਿੱਚ ਫੋਟੋਨ ਹੁੰਦੇ ਹਨ। ਫੋਟੋਨ ਊਰਜਾ ਪੈਕੇਟ ਹੈ। ਜਦੋਂ ਇਹ ਫੋਟੋਨ ਇੱਕ ਢੁੱਕਵੇਂ ਨਿਸ਼ਾਨੇ ਨੂੰ ਟਕਰਾਉਂਦੇ ਹਨ, ਤਾਂ ਉਹ ਆਪਣੀ ਕੁਝ ਊਰਜਾ ਛੱਡ ਦਿੰਦੇ ਹਨ। ਇਸੇ ਤਰ੍ਹਾਂ, ਅਸੀਂ ਆਪਣੇ ਦਿਲਾਂ ਵਿੱਚ ਕਲਪਨਾ ਕਰ ਸਕਦੇ ਹਾਂ ਕਿ ਪਰਮੇਸ਼ੁਰ ਦਾ ਵਚਨ ਇੱਕ ਊਰਜਾ ਪੈਕੇਟਾਂ ਦੇ ਵਾਂਗ ਹੈ ਜੋ ਆਪਣੇ ਅੰਦਰ ਸਰਬ-ਸ਼ਕਤੀਮਾਨ ਪਰਮੇਸ਼ੁਰ ਦੀ ਅਸੀਮ ਸਮਰੱਥ ਨੂੰ ਰੱਖਦਾ ਹੈ। ਪਰਮੇਸ਼ੁਰ ਦਾ ਵਚਨ ਇਸ ਰੱਬੀ ਊਰਜਾ ਨੂੰ ਜ਼ਾਰੀ ਕਰਦਾ ਹੈ ਅਤੇ ਪਰਮੇਸ਼ੁਰ ਦੇ ਰਚਨਾਤਮਕ ਕੰਮਾਂ ਦੇ ਹੋਣ ਵਾਪਰਨ ਦਾ ਕਾਰਣ ਬਣਦਾ ਹੈ।

ਜੇ ਪਰਮੇਸ਼ੁਰ ਨੇ ਇਸ ਪੂਰੇ ਬ੍ਰਹਿਮੰਡ ਨੂੰ ਆਪਣੇ ਵਚਨ ਦੀ ਸਮਰੱਥ ਰਾਹੀਂ ਹੋਂਦ ਵਿੱਚ ਲਿਆਂਦਾ ਹੈ, ਤਾਂ ਕੀ ਉਹ ਸਾਡੇ ਜੀਵਨ ਵਿੱਚ ਉਹ ਚੀਜ਼ਾਂ ਵੀ ਹੋਂਦ ਵਿੱਚ ਨਹੀਂ ਲਿਆ ਸਕਦਾ ਜੋ ਇਸ ਵੇਲੇ ਮੌਜੂਦ ਨਹੀਂ ਹਨ? ਜਿੱਥੇ ਬਿਮਾਰੀ ਹੈ, ਪਰਮੇਸ਼ੁਰ ਆਪਣੇ ਵਚਨ ਦੀ ਸਮਰੱਥ ਨਾਲ ਚੰਗਿਆਈ ਅਤੇ ਤੰਦਰੁਸਤੀ ਨੂੰ ਹੋਂਦ ਵਿੱਚ ਲਿਆ ਸਕਦਾ ਹੈ। ਜਿੱਥੇ ਲੋੜ ਹੈ, ਉੱਥੇ ਪਰਮੇਸ਼ੁਰ ਆਪਣੇ ਵਚਨ ਦੀ ਸਮਰੱਥ ਰਾਹੀਂ ਪ੍ਰਬੰਧ ਅਤੇ ਸਪਲਾਈ ਨੂੰ ਹੋਂਦ ਵਿੱਚ ਲਿਆ ਸਕਦਾ ਹੈ। ਪਰਮੇਸ਼ੁਰ ਦੀ ਰਚਨਾਤਮਕ ਸਮਰੱਥ ਉਸ ਦੇ ਵਚਨ ਵਿੱਚ ਰਹਿੰਦੀ ਹੈ। ਇਸ ਲਈ, ਪਰਮੇਸ਼ੁਰ ਦਾ ਵਚਨ ਉਨ੍ਹਾਂ ਚੀਜ਼ਾਂ ਨੂੰ ਬਣਾ ਸਕਦਾ ਹੈ (ਹੋਂਦ ਵਿੱਚ ਲਿਆ ਸਕਦਾ ਹੈ) ਜਿਨ੍ਹਾਂ ਦਾ ਪਰਮੇਸ਼ੁਰ ਨੇ ਵਾਇਦਾ ਕੀਤਾ ਹੈ, ਭਾਵੇਂ ਉਹ ਵਰਤਮਾਨ ਵਿੱਚ ਸਾਡੇ ਜੀਵਨ ਵਿੱਚ ਮੌਜੂਦ ਨਾ ਹੋਣ।

ਪਰਮੇਸ਼ੁਰ ਨੇ ਆਪਣੇ ਵਚਨ ਨਾਲ ਇਸ ਬ੍ਰਹਿਮੰਡ ਦੀ ਸਰਿਸ਼ਟੀ ਕੀਤੀ, ਬਣਾਇਆ ਅਤੇ ਆਕਾਰ ਦਿੱਤਾ। ਕੀ ਪਰਮੇਸ਼ੁਰ ਸਾਡੇ ਵਰਤਮਾਨ ਅਤੇ ਭਵਿੱਖ

ਨੂੰ ਆਕਾਰ ਦੇਣ ਅਤੇ ਬਣਾਉਣ ਲਈ ਆਪਣੇ ਵਚਨ ਦੀ ਵਰਤੋਂ ਨਹੀਂ ਕਰ ਸਕਦਾ? ਪਰਮੇਸ਼ੁਰ ਦੇ ਵਚਨ ਵਿੱਚ ਸਾਡੇ ਵਰਤਮਾਨ ਨੂੰ ਬਦਲਣ ਅਤੇ ਸਾਡੇ ਭਵਿੱਖ ਨੂੰ ਆਕਾਰ ਦੇਣ ਦੀ ਸਮਰੱਥ ਹੈ।

ਇਹ ਸਾਰਾ ਬ੍ਰਹਿਮੰਡ ਪਰਮੇਸ਼ੁਰ ਦੇ ਵਚਨ ਦੁਆਰਾ ਟਿਕਿਆ, ਸੁਰੱਖਿਅਤ ਅਤੇ ਨਿਯੰਤ੍ਰਿਤ ਕੀਤਾ ਜਾਂਦਾ ਹੈ। ਕੀ ਪਰਮੇਸ਼ੁਰ ਦਾ ਵਚਨ ਸਾਡੇ ਜੀਵਨ ਨੂੰ ਕਾਇਮ ਰੱਖਣ, ਬਣਾਈ ਰੱਖਣ ਅਤੇ ਨਿਯੰਤ੍ਰਿਤ ਕਰਨ ਦਾ ਕੰਮ ਨਹੀਂ ਕਰ ਸਕਦਾ? ਪਰਮੇਸ਼ੁਰ ਦੇ ਵਚਨ ਵਿੱਚ ਬਹੁਤ ਸਮਰੱਥ ਹੈ ਜੋ ਧਰਤੀ ਉੱਤੇ ਸਾਡੇ ਜੀਵਨ ਨਾਲ ਸੰਬੰਧਿਤ ਗੱਲਾਂ ਨੂੰ ਕਾਇਮ ਰੱਖਣ, ਨਿਯਮਿਤ ਕਰਨ ਅਤੇ ਲੜੀ ਵਿੱਚ ਰੱਖਣ ਲਈ ਹੈ।

## ਵਾਇਦਿਆਂ ਉੱਤੇ ਖੜ੍ਹੇ ਰਹਿਣਾ

**ਰੋਮੀਆਂ 4:18 (ਇੰਪਲੀਫਾਈਡ ਬਾਈਬਲ, ਕਲਾਸਿਕ ਐਡੀਸ਼ਨ ਅੰਗਰੇਜ਼ੀ ਬਾਈਬਲ )**
**ਨਿਰਾਸ਼ਾ ਵਿੱਚ ਆਸ ਨਾਲ ਉਸ ਨੇ (ਅਬਰਾਹਾਮ ਲਈ, ਮਨੁੱਖੀ ਤਰਕ ਅਨੁਸਾਰ) ਪਰਤੀਤ ਕੀਤੀ ਭਈ ਓਸ ਵਾਕ ਦੇ ਅਨੁਸਾਰ ਕਿ ਤੇਰੀ ਅੰਸ ਇਉਂ ਹੋਵੇਗੀ, ਉਹ ਬਾਹਲੀਆਂ ਕੌਮਾਂ ਦਾ ਪਿਤਾ ਹੋਵੇ।**

ਵਚਨ ਦੀ ਸ਼ੁੱਧਤਾ ਅਤੇ ਸਮਰੱਥ ਨੂੰ ਸਮਝਣ ਨਾਲ ਸਾਨੂੰ ਇਸ ਵਿੱਚ ਵਿਸ਼ਵਾਸ ਕਰਨ ਦਾ ਯਕੀਨ ਮਿਲਦਾ ਹੈ। ਪਰਮੇਸ਼ੁਰ ਦਾ ਵਚਨ ਸਚਿਆਈ ਹੈ ਅਤੇ ਆਸ ਕਰ ਸਕਦੇ ਹਾਂ ਕਿ ਜੋ ਕੁਝ ਵਚਨ ਵਿੱਚ ਸਾਡੇ ਨਾਲ ਵਾਇਦਾ ਕੀਤਾ ਗਿਆ ਹੈ ਉਹ ਸਾਨੂੰ ਮਿਲੇਗਾ। ਪਰਮੇਸ਼ੁਰ ਦਾ ਵਚਨ ਸਮਰੱਥ ਨਾਲ ਭਰਪੂਰ ਹੈ ਅਤੇ ਇਸ ਲਈ ਅਸੀਂ ਭਰੋਸਾ ਰੱਖ ਸਕਦੇ ਹਾਂ ਕਿ ਉਸ ਦਾ ਵਚਨ ਸਾਡੇ ਜੀਵਨ ਵਿੱਚ ਫਲ ਦੇਵੇਗਾ। ਭਾਵੇਂ ਇਸ ਦਾ ਮਤਲਬ ਇਹ ਹੈ ਕਿ, ਅਬਰਾਹਾਮ ਵਾਂਗ, ਆਸ ਦੇ ਸਾਰੇ ਕਾਰਨਾਂ ਦੇ ਵਿਰੁੱਧ, ਅਸੀਂ ਅਜੇ ਵੀ ਵਿਸ਼ਵਾਸ ਵਿੱਚ ਆਸ ਕਰਦੇ ਹਾਂ ਕਿ ਅਸੀਂ ਉਹ ਸਭ ਬਣਾਂਗੇ ਜੋ ਪਰਮੇਸ਼ੁਰ ਨੇ ਕਿਹਾ ਸੀ ਕਿ ਅਸੀਂ ਬਣਾਂਗੇ। ਅਸੀਂ ਅਜਿਹਾ ਇਸ ਲਈ ਕਰਦੇ ਹਾਂ ਕਿਉਂਕਿ ਅਸੀਂ ਪਰਮੇਸ਼ੁਰ ਦੇ ਵਚਨ ਦੀ ਸ਼ੁੱਧਤਾ ਅਤੇ ਸਮਰੱਥ ਨੂੰ ਸਮਝ ਲਿਆ ਹੈ। ਅਸੀਂ ਜਾਣਦੇ ਹਾਂ ਕਿ ਪਰਮੇਸ਼ੁਰ ਦਾ ਵਚਨ ਅਸਫਲ ਨਹੀਂ ਹੋ ਸਕਦਾ।

ਸਾਡੇ ਵਿੱਚੋਂ ਕੁਝ ਲੋਕ ਆਰਥਿਕ ਤੌਰ ‘ਤੇ ਮੁਸ਼ਕਿਲ ਸਮੇਂ ਦਾ ਸਾਹਮਣਾ ਕਰ ਰਹੇ ਹੋ ਸਕਦੇ ਹਨ। ਅਸੀਂ ਸੋਚਦੇ ਹਾਂ ਕਿ ਕੀ ਜਦੋਂ ਸਾਡੀਆਂ ਰੋਜ਼ ਦੀਆਂ ਜ਼ਰੂਰਤਾਂ ਦੀ ਗੱਲ ਆਉਂਦੀ ਹੈ ਤਾਂ ਚੀਜ਼ਾਂ ਕਦੇ ਨਹੀਂ ਬਦਲਣਗੀਆਂ। ਪਰਮੇਸ਼ੁਰ

ਨੇ ਵਾਇਦਾ ਕੀਤਾ ਹੈ ਕਿ ਸਾਡੀਆਂ ਸਾਰੀਆਂ ਭੌਤਿਕ ਜ਼ਰੂਰਤਾਂ ਪੂਰੀਆਂ ਕੀਤੀਆਂ ਜਾਣਗੀਆਂ। ਅਸੀਂ ਜਾਣਦੇ ਹਾਂ ਕਿ ਉਸ ਨੇ ਵਾਇਦਾ ਕੀਤਾ ਹੈ ਕਿ *"ਅਤੇ ਮੇਰਾ ਪਰਮੇਸ਼ੁਰ ਤੇਜ ਵਿੱਚ ਆਪਣੇ ਧਨ ਦੇ ਅਨੁਸਾਰ ਤੁਹਾਡੀ ਹਰੇਕ ਥੁੜ੍ਹ ਨੂੰ ਮਸੀਹ ਯਿਸੂ ਵਿੱਚ ਸੰਪੂਰਨ ਕਰੇਗਾ"* (ਫ਼ਿਲਿੱਪੀਆਂ 4:19)। ਅਸੀਂ ਜਾਣਦੇ ਹਾਂ ਕਿ ਜਦੋਂ ਅਸੀਂ *"ਪਹਿਲਾਂ ਉਹ ਦੇ ਰਾਜ ਅਤੇ ਉਹ ਦੇ ਧਰਮ ਨੂੰ ਭਾਲਦੇ ਹਾਂ"* ਧਰਤੀ 'ਤੇ ਜੀਵਨ ਦੇ ਲਈ ਸਾਨੂੰ ਲੋੜੀਂਦੀ ਹਰ ਚੀਜ਼ ਦਿੱਤੀ ਜਾਵੇਗੀ (ਮੱਤੀ 6:33)। ਅਸੀਂ ਜਾਣਦੇ ਹਾਂ ਕਿ ਜਦੋਂ ਅਸੀਂ ਜੋ ਕੁਝ ਵੀ ਸਾਡੇ ਕੋਲ ਹੈ ਉਸ ਨਾਲ ਪਰਮੇਸ਼ੁਰ ਦਾ ਆਦਰ ਕਰਦੇ ਹਾਂ, ਤਾਂ ਉਹ ਸਾਨੂੰ ਵਾਧਾ ਦੇਵੇਗਾ (ਕਹਾਉਤਾਂ 3:9,10; ਮਲਾਕੀ 3:9-11)। ਇਹ ਜਾਣਦੇ ਹੋਏ ਕਿ ਇਨ੍ਹਾਂ ਵਿੱਚੋਂ ਹਰ ਇੱਕ ਵਾਇਦਾ ਪਵਿੱਤਰ ਹੈ ਅਤੇ ਰੱਬੀ ਸਮਰੱਥ ਨਾਲ ਭਰਪੂਰ ਹੈ, ਅਸੀਂ ਵਿਸ਼ਵਾਸ ਨਾਲ ਇਨ੍ਹਾਂ ਨੂੰ ਫੜੀ ਰੱਖਦੇ ਹਾਂ। ਅਸੀਂ ਜਾਣਦੇ ਹਾਂ ਕਿ ਇਨ੍ਹਾਂ ਵਚਨਾਂ (ਵਾਇਦਿਆਂ) ਵਿੱਚ ਇੰਨੀ ਸਮਰੱਥ ਹੈ ਕਿ ਇਹ ਸਾਡੇ ਜੀਵਨ ਵਿੱਚ ਆਰਥਿਕ ਬਰਕਤਾਂ ਦੇ ਰਚਨਾਤਮਕ ਚਮਤਕਾਰ ਕਰ ਸਕਦੇ ਹਨ ਅਤੇ ਸਾਡੇ ਹਾਲਾਤਾਂ ਨੂੰ ਬਦਲ ਸਕਦੇ ਹਨ। ਅਸੀਂ ਉਸ ਦੇ ਵਾਇਦਿਆਂ ਨੂੰ ਫੜੀ ਰੱਖਦੇ ਹਾਂ।

ਅਸੀਂ ਜਾਣਦੇ ਹਾਂ ਕਿ ਜੋ ਪਰਮੇਸ਼ੁਰ ਨੂੰ ਪਿਆਰ ਕਰਦੇ ਹਨ ਉਨ੍ਹਾਂ ਲਈ ਸਭ ਗੱਲਾਂ ਮਿਲ ਕੇ ਭਲਾ ਹੀ ਕਰਦੀਆਂ ਹਨ। ਹੋ ਸਕਦਾ ਹੈ ਕਿ ਕੁਝ ਲੋਕ ਆਪਣੇ ਭਵਿੱਖ ਦੇ ਲਈ ਪਰਮੇਸ਼ੁਰ ਵੱਲ ਦੇਖ ਰਹੇ ਹੋਣ। ਭਾਵੇਂ ਚੀਜ਼ਾਂ ਅਸਪੱਸ਼ਟ, ਅਨਿਸ਼ਚਿਤ, ਸ਼ਾਇਦ ਨਿਰਾਸ਼ਾਜਨਕ ਅਤੇ ਧੁੰਦਲੀਆਂ ਵੀ ਲੱਗਦੀਆਂ ਹੋਣ, ਤਾਂ ਵੀ ਪਰਮੇਸ਼ੁਰ ਦਾ ਵਚਨ ਸਾਡੇ ਜੀਵਨ ਵਿੱਚ ਵਿਸ਼ਵਾਸ ਅਤੇ ਭਰੋਸਾ ਲਿਆਉਂਦਾ ਹੈ। ਵਚਨ ਕਹਿੰਦਾ ਹੈ, *"ਸਾਰੀਆਂ ਵਸਤਾਂ ਰਲ ਕੇ ਓਹਨਾਂ ਦਾ ਭਲਾ ਕਰਦੀਆਂ ਹਨ ਅਰਥਾਤ ਓਹਨਾਂ ਦਾ ਜਿਹੜੇ ਪਰਮੇਸ਼ੁਰ ਦੀ ਮਨਸ਼ਾ ਦੇ ਅਨੁਸਾਰ ਸੱਦੇ ਹੋਏ ਹਨ"* (ਰੋਮੀਆਂ 8:28)। ਉਹ ਜਾਣਦਾ ਹੈ ਕਿ ਪਰਮੇਸ਼ੁਰ ਨੇ ਸਾਡੇ ਲਈ ਕੀ ਯੋਜਨਾ ਬਣਾਈ ਹੈ, ਵੱਡੀ ਖੁਸ਼ਹਾਲੀ ਦੀਆਂ ਯੋਜਨਾਵਾਂ ਅਤੇ ਉਹ ਭਵਿੱਖ ਲਿਆਉਣ ਦੀਆਂ ਯੋਜਨਾਵਾਂ ਬਣਾਈਆਂ ਹਨ ਜਿਸ ਦੀ ਅਸੀਂ ਆਸ ਕਰਦੇ ਹਾਂ (ਯਿਰਮਿਯਾਹ 29:11)। ਸਾਡਾ ਰਾਹ ਉਸ ਚਮਕਦੀ ਰੌਸ਼ਨੀ ਵਰਗਾ ਹੈ, ਜੋ ਹੋਰ ਵੀ ਚਮਕਦੀ ਜਾਂਦੀ ਹੈ (ਕਹਾਉਤਾਂ 4:18)। ਇਸ ਲਈ, ਅਸੀਂ ਆਸ ਕਰਦੇ ਹਾਂ ਕਿ ਚੀਜ਼ਾਂ ਸਪੱਸ਼ਟ ਹੋਣਗੀਆਂ। ਅਸੀਂ ਜਾਣਦੇ ਹਾਂ ਕਿ ਸਾਡਾ ਰਾਹ ਪ੍ਰਭੂ ਵੱਲੋਂ ਨਿਰਧਾਰਿਤ ਕੀਤਾ ਗਿਆ ਹੈ (ਜ਼ਬੂਰਾਂ 37:23,24)। ਇਹ ਅਤੇ ਹੋਰ ਬਹੁਤ ਸਾਰੇ ਵਚਨ ਸਾਨੂੰ ਬੇਝਿਜਕ ਹਿੰਮਤ ਅਤੇ ਆਤਮ-ਵਿਸ਼ਵਾਸ ਨਾਲ ਭਰ ਦਿੰਦੇ

ਹਨ। ਅਸੀਂ ਪਰਮੇਸ਼ੁਰ ਦੇ ਵਾਇਦਿਆਂ ‘ਤੇ ਕਾਇਮ ਰਹਿੰਦੇ ਹਾਂ।

ਇਸੇ ਤਰ੍ਹਾਂ, ਸਾਡੇ ਜੀਵਨਾਂ ਦੇ ਵੱਖ-ਵੱਖ ਖੇਤਰਾਂ ਦੇ ਲਈ, ਅਸੀਂ ਪ੍ਰਭੂ ਦੇ ਵਾਇਦਿਆਂ ਅਤੇ ਹੁਕਮਾਂ ਨੂੰ ਪਛਾਣਦੇ ਹਾਂ। ਅਸੀਂ ਮੰਨਦੇ ਹਾਂ ਕਿ ਉਸ ਦਾ ਵਚਨ, ਸਾਡੇ ਜੀਵਨ ਦੇ ਸਾਰੇ ਖੇਤਰਾਂ ਨਾਲ ਸੰਬੰਧਿਤ ਹੈ, ਪਵਿੱਤਰ ਅਤੇ ਸਮਰੱਥ ਨਾਲ ਭਰਪੂਰ ਹੈ।

ਉਸ ਅਸੀਮ ਸਮਰੱਥ ਨੂੰ ਜੋ ਵਚਨ ਵਿੱਚ ਹੈ ਅਤੇ ਸਾਡੇ ਜੀਵਨ ਵਿੱਚ ਉਸ ਦੇ ਜ਼ਾਰੀ ਹੋਣ ਦੀ ਸੰਭਾਵਨਾ ਨੂੰ ਸਮਝਣ ਤੋਂ ਬਾਅਦ, ਤਾਂ ਸਾਡੇ ਲਈ ਆਪਣੇ ਜੀਵਨ ਵਿੱਚ ਪਰਮੇਸ਼ੁਰ ਦੇ ਵਚਨ ਦੀ ਸਮਰੱਥ ਦਾ ਅਨੁਭਵ ਕਰਨ ਦੇ ਲਈ ਕੀ ਕਰਨਾ ਚਾਹੀਦਾ ਹੈ? ਉਹ ਕੀ ਹੈ ਜੋ ਪਰਮੇਸ਼ੁਰ ਦੇ ਵਚਨ ਵਿੱਚ ਮੌਜੂਦ ਸਮਰੱਥ ਨੂੰ ਇੱਕ ਵਿਸ਼ਵਾਸੀ ਦੇ ਜੀਵਨ ਵਿੱਚ ਲਾਗੂ ਕਰਦਾ ਹੈ? ਅਸੀਂ ਇਨ੍ਹਾਂ ‘ਤੇ ਅਗਲੇ ਅਧਿਆਵਾਂ ਵਿੱਚ ਵਿਚਾਰ ਕਰਾਂਗੇ।

# 3

# ਪਰਮੇਸ਼ੁਰ ਦਾ ਵਚਨ: ਚਮਤਕਾਰੀ ਬੀਜ

ਪ੍ਰਭੂ ਯਿਸੂ ਅਕਸਰ ਦ੍ਰਿਸ਼ਟਾਂਤਾਂ ਦੀ ਵਰਤੋਂ ਕਰਕੇ ਸਿੱਖਿਆ ਦਿੰਦੇ ਸਨ। ਦ੍ਰਿਸ਼ਟਾਂਤ ਕਹਾਣੀਆਂ ਜਾਂ ਉਦਾਹਰਣਾਂ ਹਨ ਜੋ ਸਾਡੇ ਸੰਸਾਰ ਤੋਂ ਲਈਆਂ ਜਾਂਦੀਆਂ ਹਨ ਜੋ ਸਾਨੂੰ ਪਰਮੇਸ਼ੁਰ ਦੇ ਰਾਜ ਬਾਰੇ ਸਚਾਈ ਨੂੰ ਸਮਝਣ ਵਿੱਚ ਸਹਾਇਤਾ ਕਰਦੀਆਂ ਹਨ। ਦ੍ਰਿਸ਼ਟਾਂਤ ਸਾਨੂੰ ਸਿੱਖਿਆ ਦਿੰਦੇ ਹਨ ਕਿ ਪਰਮੇਸ਼ੁਰ ਦਾ ਰਾਜ ਕਿਵੇਂ ਕੰਮ ਕਰਦਾ ਹੈ।

ਉਨ੍ਹਾਂ ਦ੍ਰਿਸ਼ਟਾਂਤਾਂ ਵਿੱਚੋਂ ਇੱਕ ਦ੍ਰਿਸ਼ਟਾਂਤ ਜਿਸ ਨਾਲ ਸਾਡੇ ਵਿੱਚੋਂ ਜ਼ਿਆਦਾਤਰ ਲੋਕ ਜਾਣੂ ਹਨ, ਉਹ ਹੈ ਬੀਜ ਬੀਜਣ ਵਾਲੇ ਦਾ ਦ੍ਰਿਸ਼ਟਾਂਤ ਹੈ, ਜਿਸ ਦਾ ਜ਼ਿਕਰ ਸਾਨੂੰ ਤਿੰਨਾਂ ਇੰਜ਼ੀਲਾਂ ਵਿੱਚ ਮਿਲਦਾ ਹੈ (ਮੱਤੀ 13:1-9,18-23 ਮਰਕੁਸ 4:1-10,13-20; ਲੂਕਾ 8:4-15)। ਆਓ ਅਸੀਂ ਮਰਕੁਸ ਦੀ ਇੰਜੀਲ ਵਿੱਚੋਂ ਇਸ ਦ੍ਰਿਸ਼ਟਾਂਤ ਨੂੰ ਪੜ੍ਹੀਏ ਅਤੇ ਅਸੀਂ ਤਿੰਨਾਂ ਇੰਜ਼ੀਲਾਂ ਦਾ ਅਧਿਐਨ ਕਰਕੇ ਇਸ ਦੀ ਪੂਰੀ ਸਮਝ ਪ੍ਰਾਪਤ ਕਰਾਂਗੇ।

## ਬੀਜ ਬੀਜਣ ਵਾਲੇ ਦਾ ਦ੍ਰਿਸ਼ਟਾਂਤ

**ਮਰਕੁਸ 4:1-10,13-20**

**1 ਉਹ ਫੇਰ ਝੀਲ ਦੇ ਕੰਢੇ ਉਪਦੇਸ਼ ਦੇਣ ਲੱਗਾ ਅਰ ਇੱਕ ਐਡੀ ਭੀੜ ਉਹ ਦੇ ਕੋਲ ਇਕੱਠੀ ਹੋਈ ਜੋ ਉਹ ਝੀਲ ਵਿੱਚ ਇੱਕ ਬੇੜੀ ਉੱਤੇ ਚੜ੍ਹ ਬੈਠਾ ਅਰ ਸਾਰੀ ਭੀੜ ਝੀਲ ਦੇ ਕੰਢੇ ਧਰਤੀ ਉੱਤੇ ਰਹੀ।**

**2 ਤੇ ਉਸ ਨੇ ਉਨ੍ਹਾਂ ਨੂੰ ਦ੍ਰਿਸ਼ਟਾਂਤਾਂ ਵਿੱਚ ਬਹੁਤ ਸਾਰੀਆਂ ਗੱਲਾਂ ਦਾ ਉਪਦੇਸ਼ ਦਿੱਤਾ ਅਰ ਆਪਣੇ ਉਪਦੇਸ਼ ਵਿੱਚ ਉਨ੍ਹਾਂ ਨੂੰ ਕਿਹਾ,**

**3 ਸੁਣੋ! ਵੇਖੋ, ਇੱਕ ਬੀਜਣ ਵਾਲਾ ਬੀਜਣ ਨੂੰ ਨਿਕਲਿਆ!**

**4 ਅਤੇ ਐਉਂ ਹੋਇਆ ਕਿ ਉਹ ਦੇ ਬੀਜਦਿਆਂ ਕੁਝ ਪਹੇ ਵੱਲ ਕਿਰ ਪਿਆ ਅਤੇ ਪੰਛੀ ਆਣ ਕੇ ਉਹ ਨੂੰ ਚੁਗ ਗਏ।**

**5 ਅਰ ਕੁਝ ਪਥਰੀਲੀ ਜ਼ਮੀਨ ਵਿੱਚ ਕਿਰਿਆ ਜਿੱਥੇ ਉਹ ਨੂੰ ਬਹੁਤੀ ਮਿੱਟੀ ਨਾ ਮਿਲੀ ਅਤੇ ਡੂੰਘੀ ਮਿੱਟੀ ਨਾ ਮਿਲਣ ਕਰਕੇ ਉਹ ਛੇਤੀ ਉੱਗ ਪਿਆ।**

**6 ਅਤੇ ਜਾਂ ਸੂਰਜ ਚੜ੍ਹਿਆ ਤਾਂ ਕੁਮਲਾ ਗਿਆ ਅਰ ਜੜ੍ਹ ਨਾ ਫੜਨ ਦੇ ਕਾਰਨ ਸੁੱਕ ਗਿਆ।**

**7 ਅਤੇ ਕੁਝ ਕੰਡਿਆਲਿਆਂ ਵਿੱਚ ਕਿਰਿਆ ਅਤੇ ਕੰਡਿਆਲਿਆਂ ਨੇ ਵੱਧ ਕੇ ਉਹ ਨੂੰ ਦਬਾਅ**

**ਲਿਆ ਅਤੇ ਉਹ ਨਾ ਫਲਿਆ।**
**8 ਅਰ ਕੁਝ ਚੰਗੀ ਜ਼ਮੀਨ ਵਿੱਚ ਕਿਰਿਆ ਅਤੇ ਉੱਗਦਿਆਂ ਵੱਧਦਿਆਂ ਫਲਿਆ, ਕੁਝ ਤੀਹ ਗੁਣਾ, ਕੁਝ ਸੱਠ ਗੁਣਾ, ਕੁਝ ਸੌ ਗੁਣਾ ਦਿੱਤਾ।**
**9 ਫੇਰ ਉਹ ਨੇ ਕਿਹਾ, ਜਿਹ ਦੇ ਸੁਣਨ ਦੇ ਕੰਨ ਹੋਣ ਉਹ ਸੁਣੇ।**
**10 ਜਾਂ ਉਹ ਇਕਾਂਤ ਵਿੱਚ ਸੀ ਤਾਂ ਜਿਹੜੇ ਉਹ ਦੇ ਕੋਲ ਸਨ, ਉਨ੍ਹਾਂ ਨੇ ਬਾਰਾਂ ਚੇਲਿਆਂ ਨਾਲ ਮਿਲ ਕੇ ਦ੍ਰਿਸ਼ਟਾਂਤਾਂ ਦਾ ਅਰਥ ਉਹ ਨੂੰ ਪੁੱਛਿਆ।**
**13 ਫੇਰ ਉਸ ਨੇ ਉਨ੍ਹਾਂ ਨੂੰ ਕਿਹਾ, ਕਿ ਤੁਸੀਂ ਇਹ ਦ੍ਰਿਸ਼ਟਾਂਤ ਨਹੀਂ ਸਮਝਦੇ? ਤਾਂ ਸਾਰੀਆਂ ਦ੍ਰਿਸ਼ਟਾਂਤਾ ਨੂੰ ਕਿੱਕੁਰ ਸਮਝੋਗੇ?**
**14 ਬੀਜਣ ਵਾਲਾ ਬਚਨ ਬੀਜਦਾ ਹੈ।**
**15 ਅਤੇ ਪਹੇ ਦੇ ਕਿਨਾਰੇ ਵਾਲੇ ਜਿੱਥੇ ਬਚਨ ਬੀਜਿਆ ਜਾਂਦਾ ਹੈ ਸੋ ਏਹ ਲੋਕ ਹਨ ਭਈ ਜਦ ਉਨ੍ਹਾਂ ਨੇ ਸੁਣ ਲਿਆ ਤਦ ਸ਼ੈਤਾਨ ਓਵੇਂ ਆਣ ਕੇ ਉਸ ਬਚਨ ਨੂੰ ਲੈ ਜਾਂਦਾ ਹੈ ਜਿਹੜਾ ਉਨ੍ਹਾਂ ਵਿੱਚ ਬੀਜਿਆ ਗਿਆ ਸੀ।**
**16 ਅਤੇ ਇਸੇ ਤਰ੍ਹਾਂ ਜਿਹੜੇ ਪਥਰੀਲਿਆਂ ਥਾਵਾਂ ਵਿੱਚ ਬੀਜੇ ਜਾਂਦੇ ਸੋ ਓਹ ਹਨ ਜਿਹੜੇ ਬਚਨ ਨੂੰ ਸੁਣਦਿਆਂ ਸਾਰ ਖੁਸ਼ੀ ਨਾਲ ਉਹ ਨੂੰ ਮੰਨ ਲੈਂਦੇ ਹਨ;**
**17 ਅਤੇ ਆਪਣੇ ਵਿੱਚ ਜੜ੍ਹ ਨਹੀਂ ਰੱਖਦੇ ਹਨ ਪਰ ਥੋੜ੍ਹਾ ਚਿਰ ਰਹਿੰਦੇ ਹਨ ਅਤੇ ਜਾਂ ਬਚਨ ਦੇ ਕਾਰਨ ਦੁੱਖ ਵਿੱਚ ਪੈਂਦੇ ਜਾਂ ਸਤਾਏ ਜਾਂਦੇ ਹਨ ਤਾਂ ਝੱਟ ਠੋਕਰ ਖਾਂਦੇ ਹਨ।**
**18 ਅਤੇ ਹੋਰ ਓਹ ਹਨ ਜਿਹੜੇ ਕੰਡਿਆਲਿਆਂ ਵਿੱਚ ਬੀਜੇ ਜਾਂਦੇ। ਏਹ ਓਹ ਹਨ ਜਿਨ੍ਹਾਂ ਬਚਨ ਸੁਣਿਆ;**
**19 ਅਤੇ ਦੁਨੀਆਂ ਦੀ ਚਿੰਤਾ ਅਰ ਧਨ ਦਾ ਧੋਖਾ ਅਰ ਹੋਰਨਾਂ ਚੀਜ਼ਾਂ ਦਾ ਲੋਭ ਆਣ ਕੇ ਬਚਨ ਨੂੰ ਦਬਾਅ ਲੈਂਦੇ ਹਨ ਅਤੇ ਉਹ ਅਫੱਲ ਰਹਿੰਦਾ ਹੈ।**
**20 ਅਤੇ ਜਿਹੜੇ ਚੰਗੀ ਜ਼ਮੀਨ ਵਿੱਚ ਬੀਜੇ ਗਏ ਸਨ, ਸੋ ਓਹ ਲੋਕ ਹਨ ਜਿਹੜੇ ਬਚਨ ਨੂੰ ਸੁਣ ਕੇ ਮੰਨ ਲੈਂਦੇ ਅਤੇ ਫਲ ਦਿੰਦੇ ਹਨ, ਕੁਝ ਤੀਹ ਗੁਣਾ, ਕੁਝ ਸੱਠ ਗੁਣਾ, ਕੁਝ ਸੌ ਗੁਣਾ।**

ਬੀਜ ਬੀਜਣ ਵਾਲੇ ਦਾ ਦ੍ਰਿਸ਼ਟਾਂਤ ਸਰਲ ਅਤੇ ਸਮਝਣ ਵਿੱਚ ਅਸਾਨ ਹੈ, ਖਾਸ ਕਰਕੇ ਉਨ੍ਹਾਂ ਲਈ ਜੋ ਪੜ੍ਹਨ ਜਾਂ ਅਨੁਭਵ ਦੁਆਰਾ ਬੀਜ ਬੀਜਣ ਅਤੇ ਪੌਦਿਆਂ ਜਾਂ ਫਸਲਾਂ ਦੀ ਦੇਖਭਾਲ ਕਰਨ ਦੀ ਪ੍ਰਕਿਰਿਆ ਤੋਂ ਜਾਣੂ ਹਨ। ਪ੍ਰਭੂ ਇਸ ਸਧਾਰਨ ਦ੍ਰਿਸ਼ਟਾਂਤ ਦੀ ਵਰਤੋਂ ਸਾਡੇ ਜੀਵਨ ਵਿੱਚ ਪਰਮੇਸ਼ੁਰ ਦੇ ਵਚਨ ਦੇ ਕੰਮ ਕਰਨ ਬਾਰੇ ਡੂੰਘੀਆਂ ਅਤੇ ਸਮਰੱਥੀ ਸਚਿਆਈਆਂ ਨੂੰ ਪ੍ਰਗਟ ਕਰਨ ਲਈ ਕਰਦਾ ਹੈ। ਅਸੀਂ ਜਾਣਦੇ ਹਾਂ ਕਿ ਪਰਮੇਸ਼ੁਰ ਦਾ ਵਚਨ ਜੀਉਂਦਾ, ਕਿਰਿਆਸ਼ੀਲ ਅਤੇ ਪਰਮੇਸ਼ੁਰ ਦੀ ਸਮਰੱਥ ਨਾਲ ਭਰਪੂਰ ਹੈ (ਇਬਰਾਨੀਆਂ 4:12)। ਇਹ ਦ੍ਰਿਸ਼ਟਾਂਤ ਸਾਨੂੰ ਦੱਸਦਾ ਹੈ ਕਿ ਪਰਮੇਸ਼ੁਰ ਦੇ ਵਚਨ ਵਿੱਚ ਮੌਜੂਦ ਜੀਵਨ ਅਤੇ ਸਮਰੱਥ ਨੂੰ ਸਾਡੇ ਜੀਵਨ ਵਿੱਚ ਕਿਵੇਂ ਲਾਗੂ ਕੀਤਾ ਜਾ ਸਕਦਾ ਹੈ। ਇਹ ਉਨ੍ਹਾਂ ਗੱਲਾਂ ਨੂੰ ਵੀ ਦੱਸਦਾ ਹੈ ਜੋ ਪਰਮੇਸ਼ੁਰ ਦੇ ਵਚਨ ਨੂੰ ਫਲ ਦੇਣ ਤੋਂ ਰੋਕਦੀਆਂ ਹਨ।

ਇਹ ਦ੍ਰਿਸ਼ਟਾਂਤ ਬਾਕੀ ਸਾਰੇ ਦ੍ਰਿਸ਼ਟਾਂਤਾਂ ਨੂੰ ਸਮਝਣ ਦੇ ਲਈ ਇੱਕ ਮਹੱਤਵਪੂਰਨ ਕੁੰਜੀ ਹੈ। ਯਿਸੂ ਨੇ ਕਿਹਾ: *"ਫੇਰ ਉਸ ਨੇ ਉਨ੍ਹਾਂ ਨੂੰ ਕਿਹਾ, ਕੀ ਤੁਸੀਂ ਇਹ ਦ੍ਰਿਸ਼ਟਾਂਤ ਨਹੀਂ ਸਮਝਦੇ? ਤਾਂ ਸਾਰੀਆਂ ਦ੍ਰਿਸ਼ਟਾਂਤਾਂ ਨੂੰ ਕਿੱਕੁਰ ਸਮਝੋਗੇ?"* (ਮਰਕੁਸ 4:13)। ਇਸ ਦੇ ਦੋ ਮਹੱਤਵਪੂਰਨ ਅਰਥ ਹਨ।

- ਪਹਿਲਾਂ, ਜੇਕਰ ਅਸੀਂ ਇਸ ਦ੍ਰਿਸ਼ਟਾਂਤ ਤੋਂ ਆਤਮਿਕ ਸਚਿਆਈਆਂ ਅਤੇ ਅੰਦਰੂਨੀ ਸਮਝ ਪ੍ਰਾਪਤ ਕਰਨਾ ਸਿੱਖਦੇ ਹਾਂ, ਤਾਂ ਅਸੀਂ ਬਾਕੀ ਸਾਰੇ ਦ੍ਰਿਸ਼ਟਾਂਤਾਂ ਤੋਂ ਵੀ ਲਾਭ ਪ੍ਰਾਪਤ ਕਰਨ ਦੇ ਯੋਗ ਹੋਵਾਂਗੇ।
- ਦੂਜਾ, ਇਸ ਦ੍ਰਿਸ਼ਟਾਂਤ ਵਿੱਚ ਪ੍ਰਗਟ ਕੀਤੀਆਂ ਗਈਆਂ ਸਚਿਆਈਆਂ ਉਹ ਕੁੰਜੀਆਂ ਹਨ ਜੋ ਸਾਨੂੰ ਯਿਸੂ ਦੇ ਬਾਕੀ ਸਾਰੇ ਦ੍ਰਿਸ਼ਟਾਂਤਾਂ ਵਿੱਚ ਸ਼ਾਮਿਲ ਹੋਣ ਅਤੇ ਪ੍ਰਗਟ ਕੀਤੀਆਂ ਗਈਆਂ ਸਚਿਆਈਆਂ ਨੂੰ ਸਮਝਣ ਅਤੇ ਉਨ੍ਹਾਂ ਦੀ ਪਾਲਣਾ ਕਰਨ ਦੇ ਯੋਗ ਬਣਾਉਂਦੀਆਂ ਹਨ।

ਆਓ ਅਸੀਂ ਬੀਜ ਬੀਜਣ ਵਾਲੇ ਦੇ ਦ੍ਰਿਸ਼ਟਾਂਤ ਵਿੱਚ ਪੇਸ਼ ਕੀਤੇ ਗਏ ਮੁੱਖ ਵਿਚਾਰਾਂ ਨੂੰ ਉਜਾਗਰ ਕਰੀਏ। ਇਸ ਸਾਰ ਨੂੰ ਪੇਸ਼ ਕਰਦੇ ਹੋਏ, ਅਸੀਂ ਤਿੰਨ ਇੰਜ਼ੀਲਾਂ ਦੇ ਸਮਾਨਾਂਤਰ ਹਵਾਲਿਆਂ ਵੱਲ ਧਿਆਨ ਖਿੱਚਦੇ ਹਾਂ।

1) ਪਰਮੇਸ਼ੁਰ ਦਾ ਵਚਨ ਇੱਕ ਬੀਜ ਵਰਗਾ ਹੈ (ਮਰਕੁਸ 4:14)।
2) ਸਾਡਾ ਦਿਲ ਉਹ ਜ਼ਮੀਨ ਹੈ, ਜਿੱਥੇ ਪਰਮੇਸ਼ੁਰ ਦੇ ਵਚਨ ਦਾ ਬੀਜ ਬੀਜਿਆ ਜਾਣਾ ਹੈ (ਮਰਕੁਸ 4:15)।
3) ਜੇ ਬੀਜ ਨੇ ਫਲ ਦੇਣਾ ਹੈ ਤਾਂ ਉਸ ਦੀ ਰੱਖਿਆ ਅਤੇ ਪਾਲਣ-ਪੋਸ਼ਣ ਕਰਨਾ ਜ਼ਰੂਰੀ ਹੈ।
4) ਸਾਨੂੰ ਵਚਨ ਨੂੰ ਸਮਝਣਾ (ਆਤਮਿਕ ਸਚਿਆਈ ਦੀ ਸਮਝ ਪ੍ਰਾਪਤ) ਕਰਨੀ ਚਾਹੀਦੀ ਹੈ ਤਾਂ ਜੋ ਦੁਸ਼ਟ ਆਣ ਕੇ ਉਹ ਨੂੰ ਚੋਰੀ ਨਾ ਕਰ ਸਕੇ (ਮੱਤੀ 13:19)।
5) ਭਾਵੇਂ ਸਾਨੂੰ ਕਿਸੇ ਵੀ ਮੁਸ਼ਕਿਲ ਜਾਂ ਸਤਾਓ ਦਾ—ਸੰਸਾਰ ਵੱਲੋਂ ਜਾਂ ਸੈਤਾਨ ਵੱਲੋਂ ਸਾਹਮਣਾ ਕਰਨਾ ਪਵੇ—ਅਸੀਂ ਵਚਨ ਨੂੰ ਤਕੜਾਈ ਨਾਲ ਫੜੀ ਰੱਖਣਾ ਹੈ, ਇਸ ਨੂੰ ਆਪਣੇ ਦਿਲ ਵਿੱਚ ਜੜ੍ਹ ਫੜਨ ਦੇਣੀ ਹੈ ਤਾਂ ਜੋ ਇਹ ਫਲ ਪੈਦਾ ਕਰ ਸਕੇ (ਮਰਕੁਸ 4:16,17)।

6) ਸਾਨੂੰ ਉਨ੍ਹਾਂ ਗੱਲਾਂ ਤੋਂ ਆਪਣੇ ਦਿਲਾਂ ਦੀ ਰੱਖਿਆ ਕਰਨੀ ਚਾਹੀਦੀ, ਜੋ ਵਚਨ ਨੂੰ ਦਬਾਅ ਸਕਦੀਆਂ ਹਨ ਜਿਵੇਂ ਇਸ ਸੰਸਾਰ ਦੀ ਚਿੰਤਾ ਅਰ ਧਨ ਦਾ ਧੋਖਾ ਅਰ ਹੋਰਨਾਂ ਚੀਜ਼ਾਂ ਦਾ ਲੋਭ ਅਤੇ ਜੀਵਨ ਦੇ ਭੋਗ ਬਿਲਾਸ (ਮਰਕੁਸ 4:19)।

7) ਜਦੋਂ ਅਸੀਂ ਵਚਨ ਨੂੰਆਪਣੇ ਦਿਲਾਂ ਵਿੱਚ ਸਮਝਦੇ ਹਾਂ, (ਮੱਤੀ 13:23) ਕਬੂਲ ਕਰਦੇ ਹਾਂ (ਮਰਕੁਸ 4:20) ਅਤੇ ਸਾਂਭ ਕੇ ਰੱਖਦੇ ਹਾਂ (ਲੂਕਾ 8:15) ਤਾਂ ਅਸੀਂ ਆਪਣੇ ਜੀਵਨ ਵਿੱਚ ਫਲ ਦੇਵਾਂਗੇ।

ਅਸੀਂ ਇਨ੍ਹਾਂ ਵਿੱਚੋਂ ਹਰੇਕ ਮਹੱਤਵਪੂਰਨ ਜਾਣਕਾਰੀ ਦੀ ਵਿਸਥਾਰ ਨਾਲ ਚਰਚਾ ਕਰਾਂਗੇ ਅਤੇ ਖਾਸ ਧਿਆਨ ਉਸ ਪ੍ਰਕਿਰਿਆ ਉੱਤੇ ਦੇਵਾਂਗੇ ਜਿਸ ਰਾਹੀਂ ਪਰਮੇਸ਼ੁਰ ਦੇ ਵਚਨ ਉੱਤੇ ਧਿਆਨ ਕਰਦੇ ਹੋਏ ਉਸ ਦੇ ਵਚਨ ਦੇ ਬੀਜ ਨੂੰ ਆਪਣੇ ਦਿਲਾਂ ਵਿੱਚ ਬੀਜਿਆ ਜਾਂਦਾ ਹੈ।

# 4

# ਬੀਜ ਪਰਮੇਸ਼ੁਰ ਦਾ ਵਚਨ ਹੈ

**ਲੂਕਾ 8:11**
**ਪਰ ਇਹ ਦ੍ਰਿਸ਼ਟਾਂਤ ਇਉਂ ਹੈ ਕਿ ਬੀਜ ਪਰਮੇਸ਼ੁਰ ਦਾ ਵਚਨ ਹੈ।**

**1 ਪਤਰਸ 1:23**
**ਕਿਉਂ ਜੋ ਤੁਸੀਂ ਨਾਸਵਾਨ ਤੁਖਮ ਤੋਂ ਨਹੀਂ ਸਗੋਂ ਅਵਿਨਾਸੀ ਤੋਂ ਪਰਮੇਸ਼ੁਰ ਦੇ ਬਚਨ ਦੇ ਰਾਹੀਂ ਜਿਹੜਾ ਜੀਉਂਦਾ ਅਤੇ ਅਸਥਿਰ ਹੈ ਨਵੇਂ ਸਿਰਿਓਂ ਜਨਮੇ ਹੋ।**

ਇਸ ਦ੍ਰਿਸ਼ਟਾਂਤ ਵਿੱਚ ਪਹਿਲੀ ਸਚਿਆਈ ਜੋ ਅਸੀਂ ਦੇਖਦੇ ਹਾਂ ਉਹ ਇਹ ਹੈ ਕਿ ਪਰਮੇਸ਼ੁਰ ਦਾ ਵਚਨ ਇੱਕ ਬੀਜ ਵਾਂਗ ਹੈ। ਜਦੋਂ ਤੁਸੀਂ ਆਪਣੇ ਹੱਥ ਵਿੱਚ ਇੱਕ ਬੀਜ ਫੜਦੇ ਹੋ, ਤਾਂ ਇਹ ਬਹੁਤ ਮਾਮੂਲੀ ਅਤੇ ਬੇਜਾਨ ਦਿਖਾਈ ਦਿੰਦਾ ਹੈ। ਅਸੀਂ ਕਲਪਨਾ ਨਹੀਂ ਕਰ ਸਕਦੇ ਕਿ ਜਦੋਂ ਇੱਕ ਛੋਟਾ ਜਿਹਾ ਬੀਜ ਜ਼ਮੀਨ ਵਿੱਚ ਬੀਜਿਆ ਜਾਂਦਾ ਹੈ, ਇਹ ਪੁੰਗਰਦਾ ਹੈ, ਜੜ੍ਹ ਫੜਦਾ ਹੈ ਅਤੇ ਅੰਤ ਵਿੱਚ ਇੱਕ ਪੌਦਾ ਜਾਂ ਇੱਕ ਵੱਡਾ ਰੁੱਖ ਬਣ ਜਾਂਦਾ ਹੈ। ਬੀਜ ਦੇ ਅੰਦਰ ਇੱਕ ਨਵਾਂ ਪੌਦਾ ਜਾਂ ਰੁੱਖ ਪੈਦਾ ਕਰਨ ਦੀ ਸਮਰੱਥ ਹੁੰਦੀ ਹੈ। ਕਿਸੇ ਅਰਥ ਵਿੱਚ, ਬੀਜ ਵਿੱਚ ਰਚਨਾਤਮਕ ਸਮਰੱਥਾ ਹੁੰਦੀ ਹੈ ਕਿਉਂਕਿ ਇਹ ਅਜਿਹੀ ਚੀਜ਼ ਨੂੰ ਜਨਮ ਦਿੰਦਾ ਹੈ, ਜੋ ਪਹਿਲਾਂ ਕਦੇ ਮੌਜੂਦ ਨਹੀਂ ਸੀ। ਇਸ ਤੋਂ ਇਲਾਵਾ, ਜੇਕਰ ਬੀਜ ਆਪਣੇ ਅੰਦਰ ਰਹਿੰਦਾ ਹੈ, ਇੱਕ ਬੀਜ ਦੀ ਥੈਲੀ ਵਿੱਚ ਜਾਂ ਗੋਦਾਮ ਵਿੱਚ ਰਹਿੰਦਾ ਹੈ, ਤਾਂ ਇਹ ਆਪਣੀ ਸਮਰੱਥਾ ਨੂੰ ਛੱਡਣ ਵਿੱਚ ਅਸਮਰੱਥ ਹੁੰਦਾ ਹੈ। ਬੀਜ ਦੇ ਅੰਦਰ ਵੱਸਦੀ ਤਾਕਤ ਤਦ ਹੀ ਪ੍ਰਗਟ ਹੁੰਦੀ ਹੈ, ਜਦੋਂ ਇਸ ਨੂੰ ਬੀਜਿਆ ਜਾਂਦਾ ਹੈ ਅਤੇ ਸਹੀ ਢੰਗ ਨਾਲ ਇਸ ਦਾ ਪਾਲਣ-ਪੋਸ਼ਣ ਕੀਤਾ ਜਾਂਦਾ ਹੈ।

ਹਰ ਵਚਨ ਜੋ ਪਰਮੇਸ਼ੁਰ ਨੇ ਸਾਨੂੰ ਕਿਹਾ ਹੈ, ਉਹ ਇੱਕ ਬੀਜ ਹੈ। ਵਚਨ ਬੀਜਾਂ ਨਾਲ ਭਰਿਆ ਭੰਡਾਰ ਹੈ। ਅਸੀਂ ਪਰਮੇਸ਼ੁਰ ਦੇ ਹਰੇਕ ਵਚਨ ਜਾਂ ਨੇਮ ਨੂੰ ਚਮਤਕਾਰੀ ਬੀਜ ਵਜੋਂ ਦਰਸਾ ਸਕਦੇ ਹਾਂ। ਇਨ੍ਹਾਂ ਬੀਜਾਂ ਵਿੱਚ ਉਹ ਰਚਨਾਤਮਕ ਸਮਰੱਥ ਹੁੰਦੀ ਹੈ ਜੋ ਪਰਮੇਸ਼ੁਰ ਨੇ ਸਾਨੂੰ ਦਿੱਤੀ ਹੈ। ਜਦੋਂ ਪਰਮੇਸ਼ੁਰ ਦੇ ਵਚਨ ਦੇ ਇਹ ਬੀਜ ਸਾਡੇ ਦਿਲਾਂ ਵਿੱਚ ਬੀਜੇ ਜਾਂਦੇ ਹਨ ਅਤੇ ਜੇਕਰ ਅਸੀਂ ਉਸ ਨੂੰ ਪੋਸ਼ਣ

ਦਿੰਦੇ ਹਾਂ, ਤਾਂ ਉਹ ਸਾਡੀਆਂ ਜ਼ਿੰਦਗੀਆਂ ਵਿੱਚ ਆਪਣੀ ਅਲੌਕਿਕ ਸਮਰੱਥ ਨੂੰ ਲਾਗੂ ਕਰੇਗਾ।

1 ਪਤਰਸ 1:23 ਵਿੱਚ, ਪਰਮੇਸ਼ੁਰ ਦੇ ਵਚਨ ਨੂੰ *"ਅਵਿਨਾਸ਼ੀ ਬੀਜ"* ਕਿਹਾ ਗਿਆ ਹੈ। ਇੱਥੇ ਯੂਨਾਨੀ ਸ਼ਬਦ *'ਸਪੋਰਾ'* ਦੀ ਵਰਤੋਂ ਕੀਤੀ ਗਈ ਹੈ। ਪਰਮੇਸ਼ੁਰ ਦਾ ਵਚਨ ਚਮਤਕਾਰੀ- *'ਸਪੋਰਾ'* ਹੈ, ਜਿਸ ਦਾ ਅਰਥ ਹੈ ਚਮਤਕਾਰੀ ਬੀਜ। ਮੂਲ ਸਿਧਾਂਤ ਇਹ ਹੈ-ਪਰਮੇਸ਼ੁਰ ਦੇ ਵਚਨ ਵਿੱਚ ਪੈਦਾ ਕਰਨ ਦੀ ਸਮਰੱਥਾ ਹੈ। ਇਸ ਵਿੱਚ ਜੀਵਨ ਦੇਣ ਵਾਲੀ, ਰਚਨਾਤਮਕ, ਚਮਤਕਾਰੀ ਸਮਰੱਥ ਹੈ। ਪਰਮੇਸ਼ੁਰ ਦੁਆਰਾ ਬੋਲਿਆ ਗਿਆ ਹਰ ਵਚਨ ਇੱਕ ਚਮਤਕਾਰੀ ਬੀਜ ਹੈ।

1 ਪਤਰਸ 1:23 ਕਹਿੰਦਾ ਹੈ ਕਿ ਅਸੀਂ ਪਰਮੇਸ਼ੁਰ ਦੇ ਵਚਨ ਰਾਹੀਂ ਨਵੇਂ ਸਿਰਿਓਂ ਜਨਮੇ ਹਾਂ। ਯਾਕੂਬ 1:18 ਇਸ ਗੱਲ ਨੂੰ ਦੁਹਰਾਉਂਦਾ ਹੈ ਕਿ ਅਸੀਂ *"ਸਚਿਆਈ ਦੇ ਬਚਨ"* ਰਾਹੀਂ ਨਵੇਂ ਸਿਰਿਓਂ ਜਨਮ ਲੈਂਦੇ ਹਾਂ। ਜਦੋਂ ਪਰਮੇਸ਼ੁਰ ਦੇ ਵਚਨ (ਖੁਸ਼ਖ਼ਬਰੀ) ਦਾ ਬੀਜ ਸਾਡੇ ਦਿਲਾਂ ਵਿੱਚ ਬੀਜਿਆ ਗਿਆ ਸੀ ਅਤੇ ਜਦੋਂ ਅਸੀਂ ਇਸ 'ਤੇ ਵਿਸ਼ਵਾਸ ਕੀਤਾ, ਤਦ ਉਸ ਨੇ ਸਾਡੇ ਉੱਤੇ ਜੀਵਨ ਦੇਣ ਵਾਲੀ ਸਮਰੱਥ ਲਾਗੂ ਕੀਤੀ। ਇੱਕ ਛੋਟੇ ਜਿਹੇ ਪਲ ਵਿੱਚ, ਅਸੀਂ ਨਵੇਂ ਸਿਰਿਓਂ ਜਨਮ ਲਿਆ। ਅਸੀਂ ਨਵੀਂ ਸਰਿਸ਼ਟੀ ਬਣ ਗਏ। *"ਸੋ ਜੇ ਕੋਈ ਮਸੀਹ ਵਿੱਚ ਹੈ ਤਾਂ ਉਹ ਨਵੀਂ ਸਰਿਸ਼ਟ ਹੈ। ਪੁਰਾਣੀਆਂ ਗੱਲਾਂ ਬੀਤ ਗਈਆਂ, ਵੇਖੋ, ਓਹ ਨਵੀਆਂ ਹੋ ਗਈਆਂ ਹਨ"* (2 ਕੁਰਿੰਥੀਆਂ 5:17)। ਪਰਮੇਸ਼ੁਰ ਦਾ ਇੱਕ ਰਚਨਾਤਮਕ ਕੰਮ ਸਾਡੀਆਂ ਆਤਮਾਵਾਂ ਵਿੱਚ ਪੂਰਾ ਹੋਇਆ (ਅਫ਼ਸੀਆਂ 2:10)। ਇਹ ਰਚਨਾਤਮਕ ਕੰਮ ਜੋ ਸਾਡੇ ਅੰਦਰ ਪੂਰਾ ਹੋਇਆ (ਅਤੇ ਬਹੁਤ ਸਾਰੇ ਲੋਕਾਂ ਦੇ ਦਿਲਾਂ ਵਿੱਚ ਪੂਰਾ ਹੋ ਰਿਹਾ ਹੈ, ਜੋ ਬਚਾਏ ਜਾ ਰਹੇ ਹਨ) ਸਭ ਤੋਂ ਵੱਡਾ ਚਮਤਕਾਰ ਹੈ ਜੋ ਅਸੀਂ ਅਨੁਭਵ ਕਰਦੇ ਹਾਂ। ਇਹ ਨਵੇਂ ਜਨਮ ਦਾ ਚਮਤਕਾਰ ਹੈ—ਮਸੀਹ ਵਿੱਚ ਇੱਕ ਨਵੀਂ ਸਰਿਸ਼ਟੀ ਬਣਨ ਦਾ ਅਤੇ ਇਹ ਰਚਨਾਤਮਕ ਚਮਤਕਾਰ ਉਸ ਅਵਿਨਾਸ਼ੀ ਬੀਜ (ਖੁਸ਼ਖ਼ਬਰੀ), ਅਰਥਾਤ ਪਰਮੇਸ਼ੁਰ ਦੇ ਵਚਨ ਦੀ ਸਮਰੱਥ ਰਾਹੀਂ ਹੋਇਆ।

ਧਿਆਨ ਦਿਓ ਕਿ ਮਸੀਹ ਵਿੱਚ ਸਾਨੂੰ ਨਵੀਂ ਸਰਿਸ਼ਟੀ ਬਣਾਏ ਜਾਣ ਦਾ ਇਹ ਕੰਮ ਸਾਡੇ ਲਈ ਕਿੰਨਾ ਮਹਾਨ ਸੀ। ਸਾਡੇ ਜੀਵਨ ਵਿੱਚੋਂ ਸ਼ੈਤਾਨ ਦੀ ਸਮਰੱਥ ਟੁੱਟ ਗਈ ਸੀ। ਸਾਨੂੰ ਸ਼ੈਤਾਨ ਦੇ ਰਾਜ ਤੋਂ ਪਰਮੇਸ਼ੁਰ ਦੇ ਆਪਣੇ ਪੁੱਤਰ ਦੇ ਰਾਜ ਵਿੱਚ ਲਿਆਂਦਾ ਗਿਆ ਸੀ (ਕੁਲੁੱਸੀਆਂ 1:13)। ਸਾਨੂੰ ਪਰਮੇਸ਼ੁਰ ਦੇ

ਰਾਜ ਵਿੱਚ ਲਿਆਂਦਾ ਗਿਆ ਹੈ। ਸਾਨੂੰ ਪਰਮੇਸ਼ੁਰ ਦੇ ਪਰਿਵਾਰ ਵਿੱਚ ਗੋਦ ਲਿਆ ਗਿਆ। ਅਸੀਂ ਪਰਮੇਸ਼ੁਰ ਤੋਂ ਪੈਦਾ ਹੋਏ ਸੀ ਅਤੇ ਰੱਬੀ ਸੁਭਾਅ ਦੇ ਭਾਗੀਦਾਰ ਬਣ ਗਏ। ਸਾਨੂੰ ਮਸੀਹ ਵਿੱਚ ਲਿਆਂਦਾ ਗਿਆ ਅਤੇ ਮਸੀਹ ਵਿੱਚ ਹੋਣ ਕਰਕੇ ਸਾਰੀਆਂ ਅਦਭੁੱਤ ਬਰਕਤਾਂ ਸਾਡੀਆਂ ਹੋ ਗਈਆਂ। ਇਹ ਸਭ ਕੁਝ ਅਤੇ ਹੋਰ ਬਹੁਤ ਕੁਝ ਇੱਕ ਪਲ ਵਿੱਚ ਸਾਡਾ ਹੋ ਗਿਆ, ਜਦੋਂ ਪਰਮੇਸ਼ੁਰ ਦੇ ਵਚਨ ਦੇ ਬੀਜ ਨੇ ਆਪਣੀ ਚਮਤਕਾਰੀ ਸਮਰੱਥ ਸਾਡੇ ਜੀਵਨ ਵਿੱਚ ਦਿੱਤੀ।

ਕੀ ਪਰਮੇਸ਼ੁਰ ਦੇ ਵਚਨ ਦੇ ਬੀਜ ਨੇ ਸਾਡੇ ਵਿੱਚ ਕੰਮ ਕਰਨ ਦੀ ਆਪਣੀ ਸਮਰੱਥ ਜਾਂ ਯੋਗਤਾ ਗੁਆ ਦਿੱਤੀ ਹੈ? ਕੀ ਵਚਨ ਦਾ ਚਮਤਕਾਰੀ ਬੀਜ ਸਾਡੇ ਜੀਵਨ ਵਿੱਚ ਹੋਰ ਚਮਤਕਾਰ ਪੈਦਾ ਕਰਨ ਦੇ ਅਯੋਗ ਹੈ? ਨਹੀਂ, ਬਿਲਕੁਲ ਨਹੀਂ। ਕਿਉਂਕਿ ਵਚਨ ਇੱਕ ਅਵਿਨਾਸ਼ੀ ਬੀਜ ਹੈ। ਵਚਨ ਜੀਉਂਦਾ ਹੈ, ਇਹ ਹਮੇਸ਼ਾਂ ਲਈ ਕਾਇਮ ਰਹਿੰਦਾ ਹੈ। ਹਰ ਵਚਨ ਜੋ ਪਰਮੇਸ਼ੁਰ ਨੇ ਸਾਨੂੰ ਬੋਲਿਆ ਹੈ, ਸਾਡੇ ਜੀਵਨ ਵਿੱਚ ਪੈਦਾ ਕਰਨ ਦੀ ਸਮਰੱਥਾ ਰੱਖਦਾ ਹੈ।

## ਪਰਮੇਸ਼ੁਰ ਦਾ ਵਚਨ ਪੈਦਾ ਕਰਨ ਦੇ ਲਈ ਤਿਆਰ ਕੀਤਾ ਗਿਆ ਹੈ

**ਯਸਾਯਾਹ 55:10,11**

**10 ਜਿਵੇਂ ਤਾਂ ਵਰਖਾ ਅਤੇ ਬਰਫ਼ ਅਕਾਸ਼ ਤੋਂ ਪੈਂਦੀ ਹੈ ਅਤੇ ਉੱਥੇ ਨੂੰ ਮੁੜ ਨਹੀਂ ਜਾਂਦੀ, ਸਗੋਂ ਧਰਤੀ ਨੂੰ ਸਿੰਜ ਕੇ ਉਸ ਨੂੰ ਜਮਾਉਂਦੀ ਅਤੇ ਖਿੜਾਉਂਦੀ ਹੈ, ਐਉਂ ਬੀਜਣ ਵਾਲੇ ਨੂੰ ਬੀ ਅਤੇ ਖਾਣ ਵਾਲੇ ਨੂੰ ਰੋਟੀ ਦਿੰਦੀ ਹੈ,**
**11 ਤਿਵੇਂ ਮੇਰਾ ਬਚਨ ਹੋਵੇਗਾ ਜੋ ਮੇਰੇ ਮੂੰਹੋਂ ਨਿਕਲਦਾ ਹੈ, ਉਹ ਮੇਰੀ ਵੱਲ ਅਵਿਰਥਾ ਨਹੀਂ ਮੁੜੇਗਾ, ਪਰ ਜੋ ਮੈਂ ਠਾਣਿਆ ਉਸ ਨੂੰ ਪੂਰਾ ਕਰੇਗਾ ਅਤੇ ਜਿਸ ਲਈ ਮੈਂ ਘੱਲਿਆ, ਉਸ ਵਿੱਚ ਸਫ਼ਲ ਹੋਏਗਾ।**

ਪਰਮੇਸ਼ੁਰ ਨੇ ਕਿਹਾ ਕਿ ਉਸ ਦੇ ਮੂੰਹੋਂ ਨਿਕਲਿਆ ਹਰ ਵਚਨ ਉਸ ਕੋਲ ਖਾਲੀ ਨਹੀਂ ਮੁੜੇਗਾ। ਪਰ ਉਹ ਉਹੀ ਪੂਰਾ ਕਰੇਗਾ ਜੋ ਉਸ ਨੂੰ ਪ੍ਰਸੰਨ ਕਰਦਾ ਅਤੇ ਜੋ ਪਰਮੇਸ਼ੁਰ ਚਾਹੁੰਦਾ ਹੈ।

ਸਾਨੂੰ ਯਸਾਯਾਹ 55:10,11 ਤੋਂ ਚਾਰ ਸਰਲ ਜਾਣਕਾਰੀਆਂ ਮਿਲਦੀਆਂ ਹਨ

1) ਪਰਮੇਸ਼ੁਰ ਦਾ ਵਚਨ ਫਲ ਦੇਣ (ਜਾਂ ਪੂਰਾ ਕਰਨ) ਲਈ ਬਣਾਇਆ ਗਿਆ ਹੈ।

2) ਪਰਮੇਸ਼ੁਰ ਦਾ ਵਚਨ ਉਹੀ ਪੂਰਾ ਕਰੇਗਾ ਜੋ ਪਰਮੇਸ਼ੁਰ ਨੂੰ ਪ੍ਰਸੰਨ ਅਤੇ

ਪਰਮੇਸ਼ੁਰ ਦੇ ਉਦੇਸ਼ ਨੂੰ ਪੂਰਾ ਕਰੇਗਾ।

3) ਜਦੋਂ ਪਰਮੇਸ਼ੁਰ ਆਪਣਾ ਉਦੇਸ਼ ਅਤੇ ਖੁਸ਼ੀ ਪੂਰੀ ਕਰਨਾ ਚਾਹੁੰਦਾ ਹੈ, ਤਾਂ ਉਹ ਆਪਣਾ ਵਚਨ ਬੋਲਦਾ ਹੈ।

4) ਪਰਮੇਸ਼ੁਰ ਦਾ ਵਚਨ ਪਰਮੇਸ਼ੁਰ ਦੇ ਉਦੇਸ਼ ਅਤੇ ਖੁਸ਼ੀ ਨੂੰ ਪ੍ਰਗਟ ਕਰਦਾ ਹੈ।

ਪਰਮੇਸ਼ੁਰ ਜੋ ਵਚਨ ਬੋਲਦਾ ਹੈ (ਅਤੇ ਜੋ ਵਚਨ ਉਸ ਨੇ ਬੋਲੇ ਹਨ) ਸਿਰਫ਼ ਖਾਲੀ ਸ਼ਬਦ ਨਹੀਂ ਹਨ। ਇਹ ਵਚਨ ਪਰਮੇਸ਼ੁਰ ਦੀ ਸਰਬ-ਸਮਰੱਥ ਨਾਲ ਭਰੇ ਹੋਏ ਹਨ। ਉਹ ਪੈਦਾ ਕਰਨ ਦੇ ਲਈ ਬਣਾਏ ਗਏ ਹਨ। ਬੀਜ ਵਾਂਗ, ਪਰਮੇਸ਼ੁਰ ਦੁਆਰਾ ਬੋਲਿਆ ਗਿਆ ਹਰੇਕ ਵਚਨ ਆਪਣੀ ਪੂਰਤੀ ਨੂੰ ਪੂਰਾ ਕਰਨ ਦੇ ਲਈ ਅਲੌਕਿਕ ਸਮਰੱਥ ਨਾਲ ਭਰਪੂਰ ਹੁੰਦਾ ਹੈ।

ਪਰਮੇਸ਼ੁਰ ਨੇ ਆਪਣੇ ਵਚਨਾਂ ਨੂੰ ਧਰਤੀ ਉੱਤੇ ਆਪਣੇ ਉਦੇਸ਼ ਨੂੰ ਪੂਰਾ ਕਰਨ ਲਈ ਤਿਆਰ ਕੀਤਾ ਹੈ। ਕਿਉਂਕਿ ਪਰਮੇਸ਼ੁਰ ਦਾ ਉਦੇਸ਼ ਆਪਣੇ ਲੋਕਾਂ ਨੂੰ ਬਰਕਤ ਦੇਣਾ ਹੈ (ਜ਼ਬੂਰਾਂ 3:8), ਪਰਮੇਸ਼ੁਰ ਦਾ ਵਚਨ ਉਸ ਦੀਆਂ ਗੱਲਾਂ ਨੂੰ ਪੂਰਾ ਕਰੇਗਾ। ਪਰਮੇਸ਼ੁਰ ਦਾ ਉਦੇਸ਼ ਆਪਣੇ ਲੋਕਾਂ ਨੂੰ ਚੰਗਾ ਕਰਨਾ ਹੈ (ਕੂਚ 15:26; ਕੂਚ 23:25)। ਇਸ ਲਈ, ਪਰਮੇਸ਼ੁਰ ਦਾ ਵਚਨ ਬਿਮਾਰਾਂ ਨੂੰ ਚੰਗਾ ਕਰੇਗਾ (ਜ਼ਬੂਰਾਂ 107:20)। ਪਰਮੇਸ਼ੁਰ ਦਾ ਉਦੇਸ਼ ਹੈ ਕਿ ਉਸ ਦੇ ਲੋਕ ਆਪਣੇ ਜੀਵਨ ਲਈ ਬੁੱਧ, ਸਮਝ ਅਤੇ ਦਿਸ਼ਾ ਪ੍ਰਾਪਤ ਕਰਨ (ਯਸਾਯਾਹ 48:17; ਜ਼ਬੂਰਾਂ 32:8) ਅਤੇ ਇਸ ਲਈ, ਉਸ ਦੇ ਵਚਨ ਇਸ ਉਦੇਸ਼ ਨੂੰ ਪੂਰਾ ਕਰਨਗੇ। ਪਰਮੇਸ਼ੁਰ ਦਾ ਵਚਨ ਉਹ ਸਭ ਕੁਝ ਪੂਰਾ ਕਰੇਗਾ ਜਿਸ ਦੀ ਉਸ ਨੇ ਯੋਜਨਾ ਬਣਾਈ, ਨਿਯੁਕਤ ਕੀਤਾ ਹੈ ਅਤੇ ਜਿਸ ਦੀ ਉਸ ਨੇ ਇੱਛਾ ਕੀਤੀ ਹੈ।

ਪਰਮੇਸ਼ੁਰ ਸਵਰਗ ਵਿੱਚ ਹੈ ਅਤੇ ਜਦੋਂ ਉਹ ਧਰਤੀ ਉੱਤੇ ਆਪਣੇ ਉਦੇਸ਼ ਅਤੇ ਖੁਸ਼ੀ ਨੂੰ ਪੂਰਾ ਕਰਨਾ ਚਾਹੁੰਦਾ ਹੈ, ਤਾਂ ਉਹ ਆਪਣਾ ਵਚਨ ਘੱਲਦਾ ਹੈ। ਇਹ ਬੋਲਿਆ ਹੋਇਆ ਵਚਨ ਇੱਕ ਚਮਤਕਾਰੀ ਬੀਜ ਹੈ। ਇਹ ਪਰਮੇਸ਼ੁਰ ਦੇ ਉਦੇਸ਼ ਪੂਰਾ ਕਰੇਗਾ। ਅਸੀਂ, ਧਰਤੀ ਉੱਤੇ ਉਸ ਦੇ ਲੋਕ ਹਾਂ। ਉਸ ਦੇ ਅਵਿਨਾਸ਼ੀ ਵਚਨ ਦੀ ਸਮਰੱਥ ਅਤੇ ਉਸ ਦੇ ਆਤਮਾ ਦੇ ਕੰਮ ਦੁਆਰਾ, ਪਰਮੇਸ਼ੁਰ ਸਾਡੇ ਜੀਵਨਾਂ ਵਿੱਚ ਉਹੀ ਪੂਰਾ ਕਰਦਾ ਹੈ ਜੋ ਉਸ ਨੂੰ ਭਾਉਂਦਾ ਅਤੇ ਉਸ ਨੇ ਇਰਾਦਾ ਕੀਤਾ ਹੈ।

## ਵਚਨ ਉਨ੍ਹਾਂ ਅੰਦਰ ਪ੍ਰਭਾਵਸ਼ਾਲੀ ਢੰਗ ਨਾਲ ਕੰਮ ਕਰਦਾ ਹੈ ਜੋ ਵਿਸ਼ਵਾਸ ਕਰਦੇ ਹਨ

**1 ਥੱਸਲੁਨੀਕੀਆਂ 2:13**

**ਇਸ ਕਾਰਨ ਅਸੀਂ ਵੀ ਨਿੱਤ ਪਰਮੇਸ਼ੁਰ ਦਾ ਧੰਨਵਾਦ ਕਰਦੇ ਹਾਂ ਭਈ ਜਦ ਤੁਹਾਨੂੰ ਪਰਮੇਸ਼ੁਰ ਦਾ ਸੁਣਿਆ ਹੋਇਆ ਬਚਨ ਸਾਥੋਂ ਮਿਲਿਆ ਤਾਂ ਉਹ ਨੂੰ ਮਨੁੱਖਾਂ ਦਾ ਬਚਨ ਕਰਕੇ ਨਹੀਂ ਸਗੋਂ ਜਿਵੇਂ ਉਹ ਸੱਚੀਂ ਮੁੱਚੀਂ ਹੈ, ਪਰਮੇਸ਼ੁਰ ਦਾ ਬਚਨ ਕਰਕੇ ਕਬੂਲ ਕੀਤਾ ਅਤੇ ਉਹ ਤੁਹਾਡੇ ਨਿਹਚਾਵਾਨਾਂ ਵਿੱਚ ਕੰਮ ਵੀ ਕਰਦਾ ਹੈ।**

ਪਰਮੇਸ਼ੁਰ ਨੇ ਆਪਣੇ ਵਚਨ ਨੂੰ ਮਨੁੱਖੀ ਜੀਵਨ ਵਿੱਚ ਉਸ ਦੀ ਸਮਰੱਥ ਦਾ ਇੱਕ ਵਾਹਕ ਬਣਾਉਣ ਦੇ ਲਈ ਤਿਆਰ ਕੀਤਾ ਹੈ। ਥੱਸਲੁਨੀਕੀਆਂ ਨੂੰ ਲਿਖੀ ਚਿੱਠੀ ਵਿੱਚ, ਪੌਲੁਸ ਦੱਸਦਾ ਹੈ ਕਿ ਪਰਮੇਸ਼ੁਰ ਦਾ ਵਚਨ ਉਸ ਦੀ ਰੱਬੀ ਸਮਰੱਥ ਨੂੰ ਘੱਲਦਾ ਹੈ ਅਤੇ ਨਿਹਚਾਵਾਨਾਂ ਦੇ ਜੀਵਨ ਵਿੱਚ ਪ੍ਰਭਾਵਸ਼ਾਲੀ ਢੰਗ ਨਾਲ ਕੰਮ ਕਰਦਾ ਹੈ। *"ਪ੍ਰਭਾਵਸ਼ਾਲੀ ਬਣੋ"* ਲਈ ਯੂਨਾਨੀ ਸ਼ਬਦ *'ਐਨਰਜੀਓ'* ਹੈ, ਜੋ ਰੱਬੀ ਊਰਜਾ ਜਾਂ ਅਲੌਕਿਕ ਸਮਰੱਥ ਨੂੰ ਦਰਸਾਉਂਦਾ ਹੈ, ਜੋ ਅੰਦਰੋਂ ਨਿੱਕਲਦੀ ਹੈ ਅਤੇ ਕੰਮ ਕਰਨ ਵਿੱਚ ਸਮਰੱਥਸ਼ਾਲੀ ਹੁੰਦੀ ਹੈ। ਐਂਪਲੀਫਾਈਡ ਬਾਈਬਲ ਵਿੱਚ ਇਹ ਸੰਖੇਪ ਟਿੱਪਣੀ ਦਿੱਤੀ ਗਈ ਹੈ, *"(ਪਰਮੇਸ਼ੁਰ ਦਾ ਵਚਨ ਕਰਕੇ ਕਬੂਲ ਕੀਤਾ ਅਤੇ ਉਹ ਤੁਹਾਡੇ ਨਿਹਚਾਵਾਨਾਂ ਵਿੱਚ ਕੰਮ ਵੀ ਕਰਦਾ ਹੈ)"* (1 ਥੱਸਲੁਨੀਕੀਆਂ 2:13)। ਤਦ ਜਦੋਂ ਅਸੀਂ ਉਸ ਨੂੰ ਕਬੂਲ ਕਰਦੇ ਹਾਂ ਅਤੇ ਵਿਸ਼ਵਾਸ ਕਰਦੇ ਹਾਂ, ਤਾਂ ਪਰਮੇਸ਼ੁਰ ਦਾ ਵਚਨ ਸਾਡੇ ਜੀਵਨ ਵਿੱਚ ਆਪਣੀ ਅਲੌਕਿਕ ਸਮਰੱਥ ਨੂੰ ਘੱਲਦਾ ਹੈ।

ਪਰਮੇਸ਼ੁਰ ਦੇ ਵਚਨ ਵਿੱਚ ਦਰਜ ਹਰ ਵਚਨ ਇੱਕ ਚਮਤਕਾਰੀ ਬੀਜ ਹੈ ਜਿਸ ਵਿੱਚ ਹਰੇਕ ਵਿਸ਼ਵਾਸੀ ਦੇ ਜੀਵਨ ਵਿੱਚ ਪਰਮੇਸ਼ੁਰ ਦੀਆਂ ਗੱਲਾਂ ਪੈਦਾ ਕਰਨ ਦੀ ਸਮਰੱਥਾ ਹੈ। ਜਿਵੇਂ ਕਿ ਹਰ ਬੀਜ ਆਪਣੀ ਕਿਸਮ ਦੇ ਅਨੁਸਾਰ ਫਲ ਪੈਦਾ ਕਰਦਾ ਹੈ (ਉਤਪਤ 1:11,12), ਇਸ ਲਈ ਪਰਮੇਸ਼ੁਰ ਦਾ ਹਰ ਵਚਨ ਉਹੀ ਪੈਦਾ ਕਰੇਗਾ ਜਿਸ ਲਈ ਬਣਾਇਆ ਗਿਆ ਹੈ। ਚੰਗਿਆਈ ਦੇ ਬਾਰੇ ਪਰਮੇਸ਼ੁਰ ਦਾ ਵਚਨ ਚੰਗਿਆਈ ਪੈਦਾ ਕਰੇਗਾ। ਬਰਕਤ ਅਤੇ ਖੁਸ਼ਹਾਲੀ ਬਾਰੇ ਪਰਮੇਸ਼ੁਰ ਦਾ ਵਚਨ ਬਰਕਤ ਅਤੇ ਖੁਸ਼ਹਾਲੀ ਪੈਦਾ ਕਰੇਗਾ। ਜੀਵਨ ਦੇ ਹਰ ਖੇਤਰ ਬਾਰੇ ਸੰਬੰਧਿਤ ਪਰਮੇਸ਼ੁਰ ਦਾ ਵਚਨ ਸਾਡੇ ਜੀਵਨ ਦੇ ਉਸ ਖੇਤਰ ਵਿੱਚ ਫਲ ਪੈਦਾ ਕਰੇਗਾ।

ਵਚਨ ਦੇ ਬੀਜ ਬਾਰੇ ਇਸ ਸਚਿਆਈ ਨੂੰ ਬਿਆਨ ਕਰਨ ਤੋਂ ਬਾਅਦ, ਸਾਡੇ ਲਈ ਤੁਹਾਨੂੰ ਇਹ ਯਾਦ ਦਿਵਾਉਣਾ ਜ਼ਰੂਰੀ ਹੈ ਕਿ ਸਿਰਫ਼ ਵਚਨ ਦੇ ਚੁਣੇ ਹੋਏ ਹਿੱਸਿਆਂ ਨੂੰ ਹੀ ਨਹੀਂ—ਬਲਕਿ ਪੂਰੀ ਤਰ੍ਹਾਂ ਪਰਮੇਸ਼ੁਰ ਦੇ ਵਚਨ ਨੂੰ ਸੁਣਨ ਅਤੇ ਆਗਿਆ ਮੰਨਣ ਦਾ ਸਿਧਾਂਤ ਵੀ ਹੈ—ਜੀਵਨ, ਸਿਹਤ, ਬਰਕਤ ਅਤੇ ਪੂਰਨ ਤੰਦਰੁਸਤੀ ਦਾ ਵਾਇਦਾ ਉਨ੍ਹਾਂ ਲੋਕਾਂ ਨਾਲ ਕੀਤਾ ਗਿਆ ਹੈ, ਜੋ ਪਰਮੇਸ਼ੁਰ ਦੇ ਸੰਪੂਰਨ ਵਚਨ ਨੂੰ ਸੁਣਦੇ ਅਤੇ ਮੰਨਦੇ ਹਨ (ਕਹਾਉਤਾਂ 3:1,2,7,8; ਕਹਾਉਤਾਂ 4:20-22)।

# 5
# ਬੀਜ ਦਿਲ ਵਿੱਚ ਬੀਜਿਆ ਜਾਣਾ ਚਾਹੀਦਾ ਹੈ

## ਦਿਲ ਦੀ ਮਿੱਟੀ

**ਮਰਕੁਸ 4:14,15**

**14 ਬੀਜਣ ਵਾਲਾ ਵਚਨ ਬੀਜਦਾ ਹੈ**

**15 ਅਤੇ ਪਹੇ ਦੇ ਕਨਾਰੇ ਵਾਲੇ ਜਿੱਥੇ ਵਚਨ ਬੀਜਿਆ ਜਾਂਦਾ ਹੈ ਸੋ ਏਹ ਲੋਕ ਹਨ ਭਈ ਜਦ ਉਨ੍ਹਾਂ ਨੇ ਸੁਣ ਲਿਆ ਤਦ ਸ਼ੈਤਾਨ ਓਵੇਂ ਆਣ ਕੇ ਉਸ ਵਚਨ ਨੂੰ ਲੈ ਜਾਂਦਾ ਹੈ ਜਿਹੜਾ ਉਨ੍ਹਾਂ ਵਿੱਚ ਬੀਜਿਆ ਗਿਆ ਸੀ।**

ਤਿੰਨੇ ਇੰਜ਼ੀਲਾਂ ਵਿੱਚ ਬੀਜ ਬੀਜਣ ਵਾਲੇ ਦਾ ਦ੍ਰਿਸ਼ਟਾਂਤ ਦਿੱਤਾ ਗਿਆ ਹੈ, ਜੋ ਸਪੱਸ਼ਟ ਤੌਰ ‘ਤੇ ਦੱਸਦੇ ਹਨ ਕਿ ਵਚਨ ਦਾ ਬੀਜ ਦਿਲ ਵਿੱਚ ਬੀਜਿਆ ਗਿਆ ਸੀ (ਮੱਤੀ 13:19; ਮਰਕੁਸ 4:15; ਲੂਕਾ 8:12)। ਦਿਲ ਉਹ ਮਿੱਟੀ ਹੈ ਜਿੱਥੇ ਪਰਮੇਸ਼ੁਰ ਦੇ ਵਚਨ ਦਾ ਬੀਜ ਬੀਜਿਆ ਜਾਂਦਾ ਹੈ।

ਨਵੇਂ ਨੇਮ ਦੀ ਵਾਇਨ ਐਕਸਪੋਜ਼ੀਟਰੀ ਡਿਕਸ਼ਨਰੀ ਦੇ ਅਨੁਸਾਰ, “ਦਿਲ” ਦਾ ਅਰਥ *“ਨੈਤਿਕ ਸੁਭਾਅ ਅਤੇ ਆਤਮਿਕ ਜੀਵਨ ਦਾ ਨਿਵਾਸ ਸਥਾਨ, ਦੁੱਖਾਂ, ਇੱਛਾਵਾਂ, ਪਿਆਰਾਂ, ਧਾਰਨਾਵਾਂ, ਵਿਚਾਰਾਂ, ਸਮਝ, ਤਰਕ, ਕਲਪਨਾ, ਇਰਾਦਿਆਂ, ਉਦੇਸ਼ਾਂ, ਇੱਛਾ ਅਤੇ ਵਿਸ਼ਵਾਸ ਦਾ ਸਥਾਨ ਹੈ।”* ਪੁਰਾਣਾ ਨੇਮ ਦਿਲ ਸ਼ਬਦ ਦੀ ਵਰਤੋਂ ਕਿਸੇ ਵਿਅਕਤੀ ਦੀ ਨੈਤਿਕ ਸ਼ਖਸੀਅਤ ਨੂੰ ਦਰਸਾਉਣ ਲਈ ਕਰਦਾ ਹੈ, ਤਾਂ ਇਸ ਵਿੱਚ *“ਭਾਵਨਾਵਾਂ, ਤਰਕ ਅਤੇ ਇੱਛਾ”* ਸ਼ਾਮਿਲ ਹੁੰਦੇ ਹਨ। ਜਦ ਕਿ ਨਵਾਂ ਨੇਮ ਆਤਮਾ ( *‘ਨਿਊਮਾ’* ) ਅਤੇ ਪ੍ਰਾਣ ( *‘ਪੁਸਚੇ’* ) ਵਿੱਚ ਫਰਕ ਕਰਦਾ ਹੈ, “ਦਿਲ” ਸ਼ਬਦ ਅਕਸਰ ਆਤਮਾ ਦੇ ਮਹੱਤਵਪੂਰਨ ਅਰਥਾਂ ਵਿੱਚ ਵਰਤਿਆ ਜਾਂਦਾ ਹੈ, ਜਿਸ ਵਿੱਚ ਆਤਮਾ ਅਤੇ ਪ੍ਰਾਣ ਦੋਵੇਂ ਸ਼ਾਮਿਲ ਹੁੰਦੇ ਹਨ (ਇਬਰਾਨੀਆਂ 4:12)। ਦਿਲ ਅੰਦਰੂਨੀ ਮਨੁੱਖ, ਲੁਕੇ ਹੋਏ ਵਿਅਕਤੀ (1 ਪਤਰਸ 3:4) ਜਾਂ ਅਸਲ ਮਨੁੱਖ ਨੂੰ ਦਰਸਾਉਂਦਾ ਹੈ। ਇਸ ਲਈ, ਦਿਲ ਵਿੱਚ ਬੀਜੇ ਜਾਣ ਵਾਲੇ ਵਚਨ ਦਾ ਅਰਥ ਹੈ ਕਿ ਵਚਨ ਉਸ ਵਿਅਕਤੀ ਦੇ ਅੰਦਰਲੇ ਮਨੁੱਖ ਵਿੱਚ, ਆਤਮਾ ਅਤੇ ਪ੍ਰਾਣ ਵਿੱਚ, ਵਿਅਕਤੀ ਦੇ ਬਿਲਕੁਲ ਮੂਲ ਵਿੱਚ ਪ੍ਰਾਪਤ ਹੁੰਦਾ ਹੈ। ਵਚਨ ਨੂੰ ਸਾਡੇ ਵਿਸ਼ਵਾਸ, ਇੱਛਾਵਾਂ, ਪਿਆਰ,

ਧਾਰਨਾਵਾਂ, ਵਿਚਾਰਾਂ, ਸਮਝ, ਤਰਕ, ਕਲਪਨਾ, ਇਰਾਦਿਆਂ, ਉਦੇਸ਼ਾਂ ਅਤੇ ਸਮਝ ਦੇ ਦਾਇਰੇ ਵਿੱਚ ਕਬੂਲ ਕੀਤਾ ਜਾਣਾ ਚਾਹੀਦਾ ਹੈ।

## ਬੀਜਿਆ ਗਿਆ ਵਚਨ

**ਯਾਕੂਬ 1:21**

**ਇਸ ਕਾਰਨ ਤੁਸੀਂ ਹਰ ਪ੍ਰਕਾਰ ਦੇ ਗੰਦ ਮੰਦ ਅਤੇ ਬਦੀ ਦੀ ਵਾਫ਼ਰੀ ਨੂੰ ਪਰ੍ਹੇ ਸੁੱਟ ਕੇ ਉਸ ਬੀਜੇ ਹੋਏ ਵਚਨ ਨੂੰ ਜਿਹੜਾ ਤੁਹਾਡੀਆਂ ਜਾਨਾਂ ਨੂੰ ਬਚਾਅ ਸਕਦਾ ਹੈ ਨਰਮਾਈ ਨਾਲ ਕਬੂਲ ਕਰ ਲਓ।**

ਯਾਕੂਬ 1:21 ਵਿੱਚ ਬੀਜਿਆ ਗਿਆ ਵਚਨ *"ਬੀਜ ਦੇ ਜੜ੍ਹ ਫੜਨ"* ਨੂੰ ਦਰਸਾਉਂਦਾ ਹੈ। ਜੋ ਮਿੱਟੀ ਵਿੱਚ ਉੱਗਦਾ ਹੈ, ਪੈਦਾ ਹੁੰਦਾ ਹੈ ਅਤੇ ਮਿੱਟੀ ਵਿੱਚ ਜੜ੍ਹ ਫੜਦਾ ਹੈ ਅਤੇ ਮਿੱਟੀ ਵਿੱਚ ਬੀਜੇ ਗਏ ਬੀਜ ਵਾਂਗ, ਵਚਨ ਦਿਲ ਵਿੱਚ ਕੰਮ ਕਰਦਾ ਹੈ। ਇਹ ਦਿਲ ਦੀ ਮਿੱਟੀ ਵਿੱਚ ਜਾਂਦਾ ਹੈ, ਜੜ੍ਹ ਫੜਦਾ ਹੈ ਅਤੇ ਫਿਰ ਪੁੰਗਰਦਾ ਹੈ ਅਤੇ ਆਤਮਾ ਨੂੰ ਪ੍ਰਭਾਵਿਤ ਕਰਦਾ ਹੈ। ਇਹ ਇੱਕ ਵਾਰ ਫੇਰ ਇਸ ਸਚਿਆਈ 'ਤੇ ਜ਼ੋਰ ਦਿੰਦਾ ਹੈ ਕਿ ਵਚਨ ਨੂੰ ਅੰਦਰੂਨੀ ਹੋਂਦ ਵਿੱਚ ਪ੍ਰਾਪਤ ਕੀਤਾ ਜਾਣਾ ਚਾਹੀਦਾ ਹੈ ਅਤੇ ਅੰਦਰ ਬੀਜੇ ਜਾਣ ਅਤੇ ਡੂੰਘੀ ਜੜ੍ਹ ਫੜਨ ਦੀ ਪ੍ਰਕਿਰਿਆ ਵਿੱਚੋਂ ਲੰਘਣ ਦਾ ਮੌਕਾ ਦਿੱਤਾ ਜਾਣਾ ਚਾਹੀਦਾ ਹੈ।

## ਤੁਹਾਡੇ ਦਿਲ ਵਿੱਚ

**ਕਹਾਉਤਾਂ 4:20-23**

**20 ਹੇ ਮੇਰੇ ਪੁੱਤ੍ਰ, ਤੂੰ ਮੇਰੀਆਂ ਗੱਲਾਂ ਧਿਆਨ ਨਾਲ ਸੁਣ, ਅਤੇ ਮੇਰੇ ਵਾਕਾਂ ਉੱਤੇ ਕੰਨ ਲਾ।**
**21 ਓਹਨਾਂ ਨੂੰ ਆਪਣੀਆਂ ਅੱਖੀਆਂ ਤੋਂ ਪਰੋਖੇ ਨਾ ਹੋਣ ਦੇਹ, ਆਪਣੇ ਮਨ ਵਿੱਚ ਓਹਨਾਂ ਨੂੰ ਸਾਂਭ ਕੇ ਰੱਖ।**
**22 ਜਿਨ੍ਹਾਂ ਨੂੰ ਓਹ ਪ੍ਰਾਪਤ ਹੁੰਦੀਆਂ ਹਨ ਉਨ੍ਹਾਂ ਦੇ ਲਈ ਜੀਉਣ ਹਨ, ਤੇ ਉਨ੍ਹਾਂ ਦੇ ਸਾਰੇ ਸਰੀਰ ਦੇ ਲਈ ਤੰਦਰੁਸਤੀ।**
**23 ਆਪਣੇ ਮਨ ਦੀ ਵੱਡੀ ਚੌਕਸੀ ਕਰ, ਕਿਉਂ ਜੋ ਜੀਉਣ ਦੀਆਂ ਧਾਰਾਂ ਉਸੇ ਤੋਂ ਨਿੱਕਲਦੀਆਂ ਹਨ!**

ਪਰਮੇਸ਼ੁਰ ਦੇ ਵਚਨ ਨੂੰ ਸਾਡੇ ਦਿਲਾਂ ਵਿੱਚ ਕਬੂਲ ਕਰਨ ਦੀ ਸਚਿਆਈ ਸਿਰਫ਼ ਇੱਕ ਨਵੇਂ ਨੇਮ ਦਾ ਪਰਕਾਸ਼ ਨਹੀਂ ਹੈ। ਅਸੀਂ ਪੁਰਾਣੇ ਨੇਮ ਵਿੱਚ ਉਦਾਹਰਣਾਂ ਦੇਖਦੇ ਹਾਂ, ਜਦੋਂ ਪਰਮੇਸ਼ੁਰ ਨੇ ਆਪਣੇ ਲੋਕਾਂ ਨੂੰ ਆਪਣੇ ਵਚਨ ਨੂੰ ਆਪਣੇ ਦਿਲਾਂ ਵਿੱਚ ਸੰਭਾਲ ਕੇ ਰੱਖਣ ਲਈ ਕਿਹਾ ਸੀ। *"ਅਤੇ ਇਹ ਗੱਲਾਂ ਜਿਨ੍ਹਾਂ ਦਾ ਮੈਂ ਤੁਹਾਨੂੰ ਅੱਜ ਹੁਕਮ ਦਿੰਦਾ ਹਾਂ ਤੁਹਾਡੇ ਹਿਰਦੇ ਉੱਤੇ ਹੋਣ"* (ਬਿਵਸਥਾਸਾਰ

6:6; ਬਿਵਸਥਾਸਾਰ 11:18 ਵੇਖੋ)। ਜ਼ਬੂਰਾਂ ਦੇ ਲੇਖਕ ਨੇ ਕਿਹਾ, *"ਮੈਂ ਤੇਰੇ ਵਚਨ ਨੂੰ ਆਪਣੇ ਮਨ ਵਿੱਚ ਜਮ੍ਹਾਂ ਕਰ ਲਿਆ, ਤਾਂ ਜੋ ਤੇਰਾ ਪਾਪ ਨਾ ਕਰਾਂ!"* (ਜ਼ਬੂਰਾਂ 119:11ੳ)।

ਕਹਾਉਤਾਂ 4:20-23 ਦਾ ਹਵਾਲਾ ਪਰਮੇਸ਼ੁਰ ਦੇ ਵਚਨ ਨੂੰ ਸਾਡੇ ਦਿਲਾਂ ਵਿੱਚ ਸਹੀ ਜਗ੍ਹਾ ਦੇਣ ਲਈ ਇੱਕ ਸਮਰੱਥੀ ਸੱਦਾ ਹੈ।

***ਮੇਰੇ ਵਚਨਾਂ ਨੂੰ ਧਿਆਨ ਨਾਲ ਸੁਣ***—ਸਾਡਾ ਧਿਆਨ ਆਪਣੇ ਵੱਲ ਖਿਚਣ ਵਾਲੀਆ ਸਾਰੀਆਂ ਚੀਜ਼ਾਂ ਤੋਂ ਉੱਪਰ, ਅਸੀਂ ਜਾਣਬੁੱਝ ਕੇ ਪਰਮੇਸ਼ੁਰ ਦੇ ਵਚਨ 'ਤੇ ਧਿਆਨ ਕੇਂਦਰਿਤ ਕਰਨਾ ਚੁਣਦੇ ਹਾਂ। ਹਰ ਹਾਲਾਤ ਵਿੱਚ, ਅਸੀਂ ਇਹ ਚੁਣ ਕੇ ਸ਼ੁਰੂਆਤ ਕਰਦੇ ਹਾਂ ਕਿ ਪਰਮੇਸ਼ੁਰ ਦਾ ਵਚਨ ਇਸ ਗੱਲ ਬਾਰੇ ਕੀ ਕਹਿੰਦਾ ਹੈ। ਜਦੋਂ ਅਸੀਂ ਪਰਮੇਸ਼ੁਰ ਦੇ ਵਚਨ ਨੂੰ ਮੁੱਖ ਸਥਾਨ ਦਿੰਦੇ ਹਾਂ, ਤਾਂ ਇਹ ਪਰਮੇਸ਼ੁਰ ਦੇ ਵਚਨ ਵੱਲ ਧਿਆਨ ਦੇਣਾ ਹੈ।

***ਆਪਣਾ ਕੰਨ ਮੇਰੀਆਂ ਗੱਲਾਂ ਵੱਲ ਲਾਓ***—ਅਸੀਂ ਪਰਮੇਸ਼ੁਰ ਅੱਗੇ ਝੁੱਕਦੇ ਹਾਂ ਅਤੇ ਜੋ ਉਸ ਨੇ ਕਿਹਾ ਹੈ ਉਸ ਨੂੰ ਸੁਣਦੇ ਹਾਂ, ਜਦ ਕਿ ਹੋਰ ਬਹੁਤ ਸਾਰੀਆਂ ਅਵਾਜ਼ਾਂ ਆਪਣੀ ਰਾਏ ਦਿੰਦੀਆਂ ਹਨ। ਅਸੀਂ ਪਰਮੇਸ਼ੁਰ ਦੇ ਵਚਨ ਨੂੰ ਸੁਣਦੇ ਹਾਂ ਅਤੇ ਧਿਆਨ ਭਟਕਾਉਣ ਵਾਲੀਆਂ ਅਵਾਜ਼ਾਂ ਨੂੰ ਬੰਦ ਕਰਦੇ ਹਾਂ।

***ਉਨ੍ਹਾਂ ਨੂੰ ਆਪਣੀਆਂ ਅੱਖਾਂ ਤੋਂ ਦੂਰ ਨਾ ਹੋਣ ਦਿਓ***—ਅਸੀਂ ਆਪਣਾ ਧਿਆਨ ਲਗਾਤਾਰ ਪਰਮੇਸ਼ੁਰ ਦੇ ਵਚਨ 'ਤੇ ਕੇਂਦ੍ਰਿਤ ਕਰਦੇ ਹਾਂ। ਅਸੀਂ ਆਪਣੇ ਮਨ ਦੀ ਅੱਖ ਵਿੱਚ ਪਰਮੇਸ਼ੁਰ ਦੇ ਵਚਨ ਦੀ ਤਸਵੀਰ ਬਣਾਉਂਦੇ ਹਾਂ। ਅਸੀਂ ਵਚਨ ਨੂੰ "ਦੇਖਦੇ" ਹਾਂ। ਅਸੀਂ ਪਰਮੇਸ਼ੁਰ ਦੇ ਵਚਨ ਨੂੰ ਆਪਣੀ ਕਲਪਨਾ ਨੂੰ ਭਰਨ ਦਿੰਦੇ ਹਾਂ।

***ਉਨ੍ਹਾਂ ਨੂੰ ਆਪਣੇ ਦਿਲ ਵਿੱਚ ਰੱਖ***—ਅੰਤ ਵਿੱਚ ਉਦੇਸ਼ ਇਹ ਹੈ ਕਿ ਪਰਮੇਸ਼ੁਰ ਦੇ ਵਚਨ ਨੂੰ ਸਾਡੇ ਦਿਲਾਂ ਵਿੱਚ ਜਮ੍ਹਾ ਕੀਤਾ ਜਾਵੇ, ਜੋ ਸਾਡੇ ਅੰਦਰਲੇ ਇਨਸਾਨ, ਸਾਡੇ ਸਾਰੇ ਵਿਚਾਰਾਂ, ਉਦੇਸ਼ਾਂ, ਇੱਛਾਵਾਂ ਅਤੇ ਤਰਕ ਨੂੰ ਭਰ ਦੇਵੇ। ਇਸ ਦਾ ਨਤੀਜ਼ਾ ਇਹ ਹੋਵੇਗਾ ਕਿ ਵਚਨ ਰਾਹੀਂ ਸਾਨੂੰ ਜੀਵਨ ਅਤੇ ਤੰਦਰੁਸਤੀ ਮਿਲੇਗੀ।

ਆਪਣੇ ਦਿਲਾਂ ਨੂੰ ਉਸ ਦੇ ਵਚਨ ਨਾਲ ਭਰਨਾ ਬਹੁਤ ਜ਼ਰੂਰੀ ਹੈ ਕਿਉਂਕਿ

ਦਿਲ ਸਾਡੇ ਜੀਵਨ ਵਿੱਚ ਵਾਪਰਨ ਵਾਲੀ ਹਰ ਚੀਜ਼ ਦਾ ਸਰੋਤ ਹੈ। ਜੇ ਵਚਨ ਸਾਡੇ ਦਿਲਾਂ ਨੂੰ ਭਰ ਦਿੰਦਾ ਹੈ, ਤਾਂ ਵਚਨ ਸਾਡੇ ਜੀਵਨ ਵਿੱਚ ਆਪਣਾ ਜੀਵਨ ਅਤੇ ਸਮਰੱਥ ਘੱਲਦਾ ਹੈ। ਇਸ ਤਰ੍ਹਾਂ, ਪਰਮੇਸ਼ੁਰ ਦੇ ਵਚਨ ਦੀ ਸਮਰੱਥ ਦੁਆਰਾ ਸਾਡਾ ਜੀਵਨ ਪ੍ਰਭਾਵਿਤ ਹੁੰਦਾ ਹੈ, ਇਸ ਨੂੰ ਆਕਾਰ ਮਿਲਦਾ ਹੈ ਅਤੇ ਸਿਰਜਿਆ ਜਾਂਦਾ ਹੈ।

## ਵਚਨ ਤੁਹਾਡੇ ਨੇੜੇ ਹੈ

**ਬਿਵਸਥਾਸਾਰ 30:11-14**

**11 ਏਹ ਹੁਕਮ ਜਿਹੜਾ ਮੈਂ ਅੱਜ ਤੁਹਾਨੂੰ ਦਿੰਦਾ ਹਾਂ ਤੁਹਾਡੇ ਲਈ ਬਹੁਤਾ ਔਖਾ ਤਾਂ ਨਹੀਂ, ਨਾ ਹੀ ਤੁਹਾਥੋਂ ਦੂਰ ਹੈ।**
**12 ਉਹ ਅਕਾਸ਼ ਉੱਤੇ ਤਾਂ ਹੈ ਨਹੀਂ ਕਿ ਤੁਸੀਂ ਆਖੋ, ਭਲਾ, ਅਕਾਸ਼ ਉੱਤੇ ਸਾਡੇ ਲਈ ਕੌਣ ਚੜ੍ਹੇ ਅਤੇ ਉਸ ਨੂੰ ਸਾਡੇ ਕੋਲ ਲਿਆਵੇ ਅਤੇ ਸਾਨੂੰ ਸੁਣਾਵੇ ਤਾਂ ਜੋ ਉਸ ਨੂੰ ਪੂਰਾ ਕਰੀਏ?**
**13 ਨਾ ਹੀ ਉਹ ਸਮੁੰਦਰ ਪਾਰ ਹੈ ਕਿ ਤੁਸੀਂ ਆਖੋ, ਸਾਡੇ ਲਈ ਕੌਣ ਸਮੁੰਦਰ ਤੋਂ ਪਾਰ ਜਾਵੇ ਅਤੇ ਉਸ ਨੂੰ ਸਾਡੇ ਲਈ ਲਿਆਵੇ ਅਤੇ ਸਾਨੂੰ ਸੁਣਾਵੇ ਤਾਂ ਜੋ ਉਸ ਨੂੰ ਪੂਰਾ ਕਰੀਏ?**
**14 ਪਰ ਉਹ ਬਾਣੀ ਬਹੁਤ ਨੇੜੇ ਹੈ ਸਗੋਂ ਤੁਹਾਡੇ ਮੂੰਹ ਵਿੱਚ ਅਤੇ ਤੁਹਾਡੇ ਮਨ ਵਿੱਚ ਹੈ ਤਾਂ ਜੋ ਤੁਸੀਂ ਉਸ ਨੂੰ ਪੂਰਾ ਕਰੋ।**

ਜੇਕਰ ਅਸੀਂ ਪਰਮੇਸ਼ੁਰ ਦੇ ਵਚਨ ਨੂੰ ਆਪਣੇ ਦਿਲਾਂ ਵਿੱਚ ਰੱਖਣ ਦੀ ਕੋਸ਼ਿਸ਼ ਕਰਦੇ ਹਾਂ, ਤਾਂ ਵਚਨ ਹਮੇਸ਼ਾ ਸਾਡੇ “ਬਹੁਤ ਨੇੜੇ” ਹੁੰਦਾ ਹੈ। ਦਿਲ ਇੱਕ ਵੱਡੇ ਭੰਡਾਰ ਵਾਂਗ ਹੁੰਦਾ ਹੈ, ਜਿੱਥੇ ਅਸੀਂ ਪਰਮੇਸ਼ੁਰ ਦੇ ਵਚਨ ਨੂੰ ਸੰਭਾਲ ਸਕਦੇ ਹਾਂ। ਮੂੰਹ ਉਹੀ ਬੋਲਦਾ ਹੈ ਜੋ ਦਿਲ ਵਿੱਚ ਭਰਿਆ ਹੋਇਆ ਹੈ। ਜਦੋਂ ਵਚਨ ਸਾਡੇ ਦਿਲਾਂ ਅਤੇ ਮੂੰਹਾਂ ਨੂੰ ਭਰ ਦਿੰਦਾ ਹੈ, ਤਾਂ ਅਸੀਂ ਕਦੇ ਵੀ ਬੇਵੱਸੀ ਅਤੇ ਨਿਰਾਸ਼ਾ ਦੀ ਭਾਸ਼ਾ ਨਹੀਂ ਬੋਲਾਂਗੇ। ਸਾਡੀ ਬੋਲੀ ਨਿਰਾਸ਼ਾ ਦੀ ਗੱਲ ਨਹੀਂ ਕਰੇਗੀ, ਜਿਵੇਂ ਕਿ ਪਰਮੇਸ਼ੁਰ ਅਤੇ ਉਸ ਦਾ ਵਚਨ ਸਵਰਗ ਵਿੱਚ ਜਾਂ ਸਮੁੰਦਰ ਦੇ ਪਾਰ ਬਹੁਤ ਦੂਰ ਹੈ। ਜਦੋਂ ਵਚਨ ਸਾਡੇ ਦਿਲਾਂ ਅਤੇ ਮੂੰਹਾਂ ਨੂੰ ਭਰ ਦਿੰਦਾ ਹੈ, ਤਾਂ ਅਸੀਂ ਇਸ ਦੁਆਰਾ ਜੀਵਾਂਗੇ। ਇਹ ਬਹੁਤ ਦਿਲਚਸਪ ਹੈ ਕਿ ਰਸੂਲ ਪੌਲੁਸ ਨੇ ਰੋਮੀਆਂ 10:6-8 ਵਿੱਚ ਇਸ ਦਾ ਹਵਾਲਾ ਦਿੱਤਾ ਸੀ। ਇਹ ਬਿਵਸਥਾਸਾਰ 30:11-14 ਤੋਂ ਹਵਾਲਾ ਦਿੱਤਾ ਗਿਆ ਹੈ ਅਤੇ ਇਹ ਨਵੇਂ ਨੇਮ ਦੇ ਵਿਸ਼ਵਾਸੀਆਂ ਨੂੰ ਸੰਬੋਧਿਤ ਕਰਦਾ ਹੈ। ਇਸ ਲਈ, ਸਾਡੇ ਦਿਲਾਂ ਅਤੇ ਮੂੰਹਾਂ ਵਿੱਚ ਪਰਮੇਸ਼ੁਰ ਦੇ ਵਚਨ ਦੀ ਬੁਨਿਆਦੀ ਸਚਿਆਈ ਕੁਝ ਅਜਿਹੀ ਹੈ ਜਿਸ ਦਾ ਸਾਨੂੰ, ਨਵੇਂ ਨੇਮ ਦੇ ਵਿਸ਼ਵਾਸੀਆਂ ਨੂੰ ਵੀ ਅਭਿਆਸ ਕਰਨਾ ਚਾਹੀਦਾ ਹੈ।

## ਧਿਆਨ ਦੇ ਰਾਹੀਂ

ਫਿਰ ਵੱਡਾ ਸਵਾਲ ਇਹ ਹੈ ਅਸੀਂ ਪਰਮੇਸ਼ੁਰ ਦੇ ਵਚਨ ਦੇ ਬੀਜ ਨੂੰ ਆਪਣੇ ਦਿਲਾਂ ਵਿੱਚ ਕਿਵੇਂ ਜਮ੍ਹਾ ਕਰ ਸਕਦੇ ਹਾਂ? ਬੀਜ ਬੀਜਣ ਵਾਲੇ ਦੇ ਦ੍ਰਿਸ਼ਟਾਂਤ ਵਿੱਚ, ਬੀਜ ਬੀਜਣ ਵਾਲੇ ਦੀ ਵਚਨ ਨੂੰ ਸੁਣਨ ਨਾਲ ਤੁਲਨਾ ਕੀਤੀ ਗਈ ਹੈ ਅਤੇ ਅਸੀਂ ਜਾਣਦੇ ਹਾਂ ਕਿ ਬੀਜ ਬੀਜਣ ਦੇ ਨਾਲ-ਨਾਲ, ਇਸ ਨੂੰ ਮਿੱਟੀ ਵਿੱਚ ਵੀ ਡਿੱਗ ਕੇ ਪੁੰਗਰਨਾ ਪੈਂਦਾ ਹੈ। ਇਸੇ ਤਰ੍ਹਾਂ, ਅਸੀਂ ਦੇਖਦੇ ਹਾਂ ਕਿ ਵਚਨ ਨੂੰ ਸਾਡੇ ਦਿਲਾਂ ਵਿੱਚ ਬੀਜਿਆ ਜਾਣਾ ਚਾਹੀਦਾ ਹੈ। ਅਸੀਂ ਇਹ ਕਿਵੇਂ ਕਰ ਸਕਦੇ ਹਾਂ?

ਭਾਵੇਂ ਬੀਜ ਬੀਜਣ ਵਾਲੇ ਦੇ ਦ੍ਰਿਸ਼ਟਾਂਤ ਵਿੱਚ ਇਹ ਨਹੀਂ ਦੱਸਿਆ ਗਿਆ ਹੈ, ਪਰ ਜੇਕਰ ਅਸੀਂ ਵਚਨ ਦੀ ਸਿੱਖਿਆ ਨਾਲ ਇਕਸਾਰ ਰਹਿੰਦੇ ਹਾਂ, ਤਾਂ ਅਸੀਂ ਜਾਣ ਲੈਂਦੇ ਹਾਂ ਕਿ ਇਹ ਪਰਮੇਸ਼ੁਰ ਦੇ ਵਚਨ ਉੱਤੇ ਧਿਆਨ ਕਰਨ ਦੇ ਅਭਿਆਸ ਦੁਆਰਾ ਸੰਭਵ ਹੈ।

ਪਰਮੇਸ਼ੁਰ ਦੇ ਵਚਨ ਦਾ ਧਿਆਨ ਕਰਨਾ ਇੱਕ ਅਜਿਹੀ ਪ੍ਰਕਿਰਿਆ ਹੈ, ਜਿਸ ਦੁਆਰਾ ਅਸੀਂ ਆਪਣੇ ਦਿਲਾਂ ਵਿੱਚ ਵਚਨ ਦਾ ਇੱਕ ਵੱਡਾ ਭੰਡਾਰ ਇਕੱਠਾ ਕਰ ਸਕਦੇ ਹਾਂ। ਅਸੀਂ ਵਚਨ ਨੂੰ ਸੁਣਦੇ ਅਤੇ ਪ੍ਰਾਪਤ ਕਰਦੇ ਹਾਂ, ਤਾਂ ਜੋ ਇਹ ਸਾਡੇ ਵਿੱਚ ਬੀਜਿਆ, ਪਾਲਿਆ ਅਤੇ ਸਾਡੇ ਜੀਵਨ ਵਿੱਚ ਫਲ ਦੇ ਸਕੇ।

ਜਦੋਂ ਅਸੀਂ ਆਪਣੇ ਆਪ ਨੂੰ ਵਚਨ ‘ਤੇ ਧਿਆਨ ਕਰਨ ਲਈ ਅਨੁਸ਼ਾਸਿਤ ਕਰਦੇ ਅਤੇ ਉਸ ਦੇ ਵਚਨ ਨੂੰ ਆਪਣੇ ਦਿਲਾਂ ਵਿੱਚ ਸਾਂਭ ਕੇ ਰੱਖਦੇ ਹਾਂ, ਤਾਂ ਅਸੀਂ ਕਿਸੇ ਵੀ ਸਮੇਂ, ਕਿਤੇ ਵੀ ਉਸ ਦੇ ਵਚਨ ਤੱਕ ਤੁਰੰਤ ਪਹੁੰਚ ਕਰ ਸਕਦੇ ਹਾਂ। ਅਸੀਂ ਆਪਣੇ ਦਿਲਾਂ ਵਿੱਚ ਜਮ੍ਹਾ ਕੀਤੇ ਗਏ ਵਚਨ ਨੂੰ ਆਪਣੇ ਮੂੰਹ ਦੇ ਸ਼ਬਦਾਂ ਨਾਲ ਜ਼ਾਰੀ ਕਰ ਸਕਦੇ ਹਾਂ। ਅਸੀਂ ਉਹ ਬੋਲਦੇ ਹਾਂ, ਜੋ ਅਸੀਂ ਉੱਥੇ ਰੱਖਿਆ ਹੈ। ਜਦੋਂ ਵਚਨ ਸਾਡੇ ਮੂੰਹ ਅਤੇ ਸਾਡੇ ਦਿਲ ਨੂੰ ਘੇਰ ਲੈਂਦਾ ਹੈ, ਤਾਂ ਉਹ ਸਾਡੇ ਲਈ ਬਹੁਤ ਨੇੜੇ ਜਾਂਦਾ ਹੈ ਅਤੇ ਇਹ ਸਾਨੂੰ ਲੱਗਭੱਗ ਕਿਤੇ ਵੀ ਅਤੇ ਕਿਸੇ ਵੀ ਸਮੇਂ ਪਰਮੇਸ਼ੁਰ ਦੇ ਵਚਨ ਤੱਕ ਸਰਗਰਮੀ ਨਾਲ ਪਹੁੰਚ ਦੇ ਯੋਗ ਬਣਾਉਂਦਾ ਹੈ। ਅਸਲ ਵਿੱਚ, ਅਸੀਂ ਇੱਕ ਸ਼ਾਂਤ ਥਾਂ ਚਾਹੁੰਦੇ ਹਾਂ, ਜਿੱਥੇ ਕੋਈ ਸ਼ੋਰ ਸ਼ਰਾਬਾਂ ਨਾ ਹੋਵੇ, ਬਹੁਤ ਦੂਰ, ਜਿੱਥੇ ਅਸੀਂ ਬੈਠ ਕੇ ਧਿਆਨ ਕਰ ਸਕਦੇ ਹਾਂ, ਪਰ ਜੇ ਅਸੀਂ ਉਸ ਦਾ ਵਚਨ ਆਪਣੇ ਦਿਲਾਂ ਵਿੱਚ ਵਸਾ ਲਿਆ ਹੈ, ਤਾਂ ਭਾਵੇਂ ਕਿਸੇ ਭੀੜ ਭਰੀ

ਗਲੀ ਵਿੱਚ ਤੁਰਦੇ ਹੋਈਏ ਜਾਂ ਹਾਈਵੇਅ ‘ਤੇ ਗੱਡੀ ਚਲਾਉਂਦੇ ਹੋਈਏ, ਤਦ ਵੀ ਅਸੀਂ ਵਚਨ ‘ਤੇ ਧਿਆਨ ਕਰ ਸਕਦੇ ਹਾਂ।

ਅਗਲੇ ਅਧਿਆਇ ਵਿੱਚ, ਅਸੀਂ ਪਰਮੇਸ਼ੁਰ ਦੇ ਵਚਨ ਉੱਤੇ ਧਿਆਨ ਕਰਨ ਦੀ ਪ੍ਰਕਿਰਿਆ ਵਿੱਚ ਗਹਿਰਾਈ ਨਾਲ ਵਿਚਾਰ ਕਰਾਂਗੇ।

# 6
# ਪਰਮੇਸ਼ੁਰ ਦੇ ਵਚਨ ਉੱਤੇ ਧਿਆਨ ਕਰਨਾ

ਪਿਛਲੇ ਵਿੱਚ, ਅਸੀਂ ਇਸ ਗੱਲ ‘ਤੇ ਜ਼ੋਰ ਦਿੱਤਾ ਸੀ ਕਿ ਪਰਮੇਸ਼ੁਰ ਦਾ ਵਚਨ ਸਾਡੇ ਵਿਸ਼ਵਾਸ ਦਾ ਸਰੋਤ ਅਤੇ ਨੀਂਹ ਹੈ। ਅਸੀਂ ਪਰਮੇਸ਼ੁਰ ਦੇ ਵਚਨ ਦੀ ਪਵਿੱਤਰਤਾਈ ਅਤੇ ਸਮਰੱਥ ਬਾਰੇ ਵੇਖਿਆ ਸੀ ਕੀ ਅਸੀਂ ਇਹ ਤੱਥ ਪੇਸ਼ ਕੀਤਾ ਸੀ ਕਿ ਪਰਮੇਸ਼ੁਰ ਦਾ ਵਚਨ ਪਰਮੇਸ਼ੁਰ ਦੀ ਸਮਰੱਥ ਨਾਲ ਭਰਿਆ ਹੋਇਆ ਹੈ ਅਤੇ ਇਹ ਸਮਰੱਥ ਸਾਡੇ ਜੀਵਨਾਂ ਵਿੱਚ ਪ੍ਰਗਟ ਕੀਤੀ ਜਾ ਸਕਦੀ ਹੈ। ਅਸੀਂ ਇਹ ਵੀ ਸਮਝਿਆ ਸੀ ਕਿ ਪਰਮੇਸ਼ੁਰ ਦਾ ਵਚਨ ਇੱਕ ਬੀਜ ਦੀ ਤਰ੍ਹਾਂ ਹੈ, ਜਦੋਂ ਸਾਡੇ ਦਿਲਾਂ ਵਿੱਚ ਬੀਜਿਆ ਅਤੇ ਪਾਲਿਆ ਜਾਂਦਾ ਹੈ, ਤਾਂ ਇਹ ਆਪਣੀ ਬਦਲਣ ਵਾਲੀ ਸਮਰੱਥ ਸਾਡੇ ਜੀਵਨ ਵਿੱਚ ਛੱਡਦਾ ਹੈ। ਹੁਣ ਅਸੀਂ ਪਰਮੇਸ਼ੁਰ ਦੇ ਵਚਨ ‘ਤੇ ਧਿਆਨ ਕਰਨ ਦੇ ਅਨੁਸ਼ਾਸਨ ਦੀ ਪੜਚੋਲ ਕਰਨ ਲਈ ਇੱਕ ਕਦਮ ਹੋਰ ਅੱਗੇ ਵਧਦੇ ਹਾਂ। ਧਿਆਨ ਉਹ ਪ੍ਰਕਿਰਿਆ ਹੈ, ਜਿਸ ਦੁਆਰਾ ਅਸੀਂ ਆਪਣੇ ਦਿਲਾਂ ਵਿੱਚ ਪਰਮੇਸ਼ੁਰ ਦੇ ਵਚਨ ਦੇ ਬੀਜ ਨੂੰ ਬੀਜਦੇ ਅਤੇ ਪਾਲਣ-ਪੋਸ਼ਣ ਕਰਦੇ ਹਾਂ।

ਆਮ ਤੌਰ ‘ਤੇ, ਜਦੋਂ ਅਸੀਂ “ਧਿਆਨ” ਸ਼ਬਦ ਦਾ ਜ਼ਿਕਰ ਕਰਦੇ ਹਾਂ, ਤਾਂ ਲੋਕ ਤਪੱਸਵੀਆਂ ਦੁਆਰਾ ਕੀਤੇ ਗਏ ਕਿਸੇ ਰਹੱਸਮਈ ਅਭਿਆਸ ਬਾਰੇ ਸੋਚਦੇ ਹਨ। ਸ਼ਾਇਦ ਇਸੇ ਲਈ ਕਲੀਸੀਆ ਆਮ ਤੌਰ ‘ਤੇ ਧਿਆਨ ਦੇ ਅਭਿਆਸ ‘ਤੇ ਜ਼ੋਰ ਨਹੀਂ ਦਿੰਦੀ। ਹਾਲਾਂਕਿ ਇਹ ਸੱਚ ਹੈ ਕਿ ਦੁਨੀਆਂ ਭਰ ਦੇ ਸੱਭਿਆਚਾਰਾਂ ਵਿੱਚ ਧਿਆਨ ਕਰਨ ਦੀ ਪ੍ਰਕਿਰਿਆ ਦੇ ਆਪਣੇ-ਆਪਣੇ ਰੂਪ ਹਨ, ਸਾਡਾ ਉਦੇਸ਼ ਧਿਆਨ ਲਈ ਵਚਨ ਦਾ ਦਿਸ਼ਟੀਕੋਣ ਪੇਸ਼ ਕਰਨਾ ਹੈ। ਇੱਕ ਵਿਸ਼ਵਾਸੀ ਹੋਣ ਦੇ ਨਾਤੇ, ਸਾਨੂੰ ਇਸ ਦੀ ਮਹੱਤਤਾ ਨੂੰ ਸਮਝਣਾ ਚਾਹੀਦਾ ਹੈ ਅਤੇ ਇਸ ਨੂੰ ਆਪਣੀ ਨਿਹਚਾ ਦੀ ਚਾਲ ਵਿੱਚ ਇਸ ਅਨੁਸ਼ਾਸਨ ਨੂੰ ਵਿਕਸਤ ਕਰਨਾ ਚਾਹੀਦਾ ਹੈ।

## ਧਿਆਨ—ਵਚਨ ਨਾਲ ਸੰਬੰਧਤ ਅਨੁਸ਼ਾਸਨ

**ਉਤਪਤ 24:63ੳ**

**ਜਾਂ ਇਸਹਾਕ ਸ਼ਾਮਾਂ ਦੇ ਵੇਲੇ ਖੇਤਾਂ ਵਿੱਚ ਗਿਆਨ ਧਿਆਨ ਕਰਨ ਲਈ ਬਾਹਰ ਗਿਆ ...**

ਬਾਈਬਲ ਵਿੱਚ "ਧਿਆਨ" ਸ਼ਬਦ ਦਾ ਸਭ ਤੋਂ ਪਹਿਲਾ ਜ਼ਿਕਰ ਉਤਪਤ ਦੀ ਕਿਤਾਬ ਵਿੱਚ ਇਸਹਾਕ ਨਾਲ ਸੰਬੰਧਿਤ ਹੈ। ਹਾਲਾਂਕਿ ਇਹ ਇਸ ਬਾਰੇ ਵਧੇਰੇ ਜਾਣਕਾਰੀ ਨਹੀਂ ਦਿੰਦਾ ਕਿ ਉਹ ਕਿਵੇਂ ਜਾਂ ਕੀ ਧਿਆਨ ਕਰ ਰਿਹਾ ਸੀ, ਫਿਰ ਵੀ ਇਹ ਧਿਆਨ ਦੇਣਾ ਦਿਲਚਸਪ ਹੈ ਕਿ ਧਿਆਨ ਦਾ ਅਭਿਆਸ ਵਚਨ ਵਿੱਚ ਪਹਿਲਾਂ ਦੇ ਸਮੇਂ ਤੋਂ ਹੀ ਕੀਤਾ ਜਾਂਦਾ ਰਿਹਾ ਹੈ। ਇਸ ਤੋਂ ਇਲਾਵਾ, ਇਸਹਾਕ ਧਿਆਨ ਕਰਨ ਦੇ ਲਈ ਖੇਤਾਂ ਵਿੱਚ ਗਿਆ ਸੀ, ਜੋ ਸਾਨੂੰ ਦੱਸਦਾ ਹੈ ਕਿ ਕੋਈ ਵੀ ਵਿਅਕਤੀ ਆਮ ਤੌਰ 'ਤੇ ਧਿਆਨ ਕਰਨ ਦੇ ਲਈ ਸਹੀ ਮਾਹੌਲ ਬਣਾਉਣ ਦੇ ਲਈ ਸਾਰੀਆਂ ਧਿਆਨ ਭਟਕਾਉਣ ਵਾਲੀਆਂ ਚੀਜ਼ਾਂ ਅਤੇ ਦਖਲਅੰਦਾਜ਼ੀ ਤੋਂ ਦੂਰ ਹੋਣਾ ਚਾਹੁੰਦਾ ਹੈ।

**ਯਹੋਸ਼ੁਆ 1:8**

**ਏਹ ਬਿਵਸਥਾ ਦੀ ਪੋਥੀ ਤੇਰੇ ਮੂੰਹ ਤੋਂ ਕਦੀ ਵੱਖਰੀ ਨਾ ਹੋਵੇ ਸਗੋਂ ਤੂੰ ਦਿਨ ਰਾਤ ਉਸ ਉੱਤੇ ਧਿਆਨ ਰੱਖ ਤਾਂ ਜੋ ਤੂੰ ਉਸ ਸਾਰੇ ਦੇ ਅਨੁਸਾਰ ਜੋ ਉਸ ਵਿੱਚ ਲਿਖਿਆ ਹੈ ਚੱਲੇਂ ਤੇ ਉਸ ਨੂੰ ਪੂਰਾ ਕਰੇਂ ਤਾਂ ਤੂੰ ਆਪਣੇ ਮਾਰਗ ਨੂੰ ਸੁਫਲ ਬਣਾਵੇਂਗਾ ਅਤੇ ਤੇਰਾ ਬੋਲ ਬਾਲਾ ਹੋਵੇਗਾ।**

ਧਿਆਨ ਦੇ ਵਿਸ਼ੇ 'ਤੇ ਇੱਕ ਪ੍ਰਸਿੱਧ ਆਇਤ ਯਹੋਸ਼ੁਆ 1:8 ਹੈ। ਯਹੋਵਾਹ ਨੇ ਆਪਣੇ ਸੇਵਕ ਮੂਸਾ ਰਾਹੀਂ ਆਪਣੀ ਪਰਜਾ ਅਰਥਾਤ ਇਸਰਾਏਲੀਆਂ ਨੂੰ ਬਿਵਸਥਾ ਦਿੱਤੀ। ਮੂਸਾ ਨੇ ਇਸਰਾਏਲੀਆਂ ਨੂੰ ਇਹ ਗੱਲ ਜ਼ੋਰ ਦੇ ਕੇ ਦੱਸੀ ਕਿ ਉਹ ਕਿੰਨੇ ਖੁਸ਼ਕਿਸਮਤ ਸਨ ਕਿ ਪਰਮੇਸ਼ੁਰ ਨੇ ਉਨ੍ਹਾਂ ਨੂੰ ਆਪਣੀ ਬਿਵਸਥਾ ਦਿੱਤੀ ਸੀ। ਉਦਾਹਰਣ ਵਜੋਂ, ਮੂਸਾ ਨੇ ਜੋ ਸ਼ਬਦ ਇਸਰਾਏਲ ਨੂੰ ਕਹੇ ਉਨ੍ਹਾਂ 'ਤੇ ਵਿਚਾਰ ਕਰੋ:

**ਬਿਵਸਥਾਸਾਰ 4:5-8**

**5 'ਵੇਖੋ, ਮੈਂ ਤੁਹਾਨੂੰ ਬਿਧੀਆਂ ਅਤੇ ਕਨੂੰਨ ਸਿਖਾਏ ਹਨ ਜਿਵੇਂ ਯਹੋਵਾਹ ਮੇਰੇ ਪਰਮੇਸ਼ੁਰ ਨੇ ਮੈਨੂੰ ਹੁਕਮ ਦਿੱਤਾ ਸੀ ਕਿ ਤੁਸੀਂ ਉਸ ਧਰਤੀ ਵਿੱਚ ਜਿੱਥੇ ਤੁਸੀਂ ਕਬਜ਼ਾ ਕਰਨ ਜਾਂਦੇ ਹੋ ਐਉਂ-ਐਉਂ ਕਰਿਓ।**

**6 ਤੁਸੀਂ ਓਹਨਾਂ ਨੂੰ ਮੰਨੋ ਅਤੇ ਪੂਰੇ ਕਰੋ ਕਿਉਂ ਜੋ ਏਹ ਤੁਹਾਡੀ ਬੁੱਧੀ ਅਤੇ ਸਮਝ ਹੈ ਉਨ੍ਹਾਂ ਲੋਕਾਂ ਦੀ ਨਿਗਾਹ ਵਿੱਚ ਜਿਹੜੇ ਇਨ੍ਹਾਂ ਸਾਰੀਆਂ ਬਿਧੀਆਂ ਨੂੰ ਸੁਣ ਕੇ ਆਖਣਗੇ ਕਿ ਬੇਸ਼ੱਕ ਏਹ ਵੱਡੀ ਕੌਮ ਬੁੱਧਵਾਨ ਅਤੇ ਸਮਝਦਾਰ ਲੋਕਾਂ ਦੀ ਹੈ।**

**[7] ਕਿਉਂ ਜੋ ਕਿਹੜੀ ਵੱਡੀ ਕੌਮ ਹੈ ਜਿਹ ਦੇ ਲਈ ਪਰਮੇਸ਼ੁਰ ਐੱਨਾ ਨੇੜੇ ਹੈ ਜਿੰਨਾ ਯਹੋਵਾਹ ਸਾਡਾ ਪਰਮੇਸ਼ੁਰ ਸਾਡੇ ਨੇੜੇ ਹੈ ਜਦ ਕਦੀ ਅਸੀਂ ਉਸ ਦੇ ਅੱਗੇ ਅਸੀਂ ਬੇਨਤੀ ਕਰਦੇ ਹਾਂ?**
**[8] ਅਤੇ ਕਿਹੜੀ ਵੱਡੀ ਕੌਮ ਹੈ ਜਿਹ ਦੇ ਕੋਲ ਬਿਧੀਆਂ ਅਤੇ ਕਨੂੰਨ ਐੱਨੇ ਧਾਰਮਿਕ ਹਨ ਜਿੰਨੀ ਏਹ ਸਾਰੀ ਬਿਵਸਥਾ ਜਿਹੜੀ ਮੈਂ ਤੁਹਾਡੇ ਅੱਗੇ ਅੱਜ ਰੱਖਦਾ ਹਾਂ?**

ਇਸ ਤੋਂ ਇਲਾਵਾ, ਯਹੋਵਾਹ ਨੇ ਆਪਣੇ ਲੋਕਾਂ ਨੂੰ ਲਗਾਤਾਰ ਯਾਦ ਦਿਵਾਉਂਦਾ ਰਿਹਾ ਕਿ ਉਹ ਚਾਹੁੰਦਾ ਸੀ ਕਿ ਉਹ ਉਸ ਦੇ ਵਚਨ ਨੂੰ ਆਪਣੇ ਦਿਲਾਂ ਵਿੱਚ ਰੱਖਣ ਅਤੇ ਉਸ ਦੇ ਹੁਕਮਾਂ ਦੀ ਲਗਾਤਾਰ ਪਾਲਣਾ ਕਰਨ। ਬਾਰ-ਬਾਰ, ਅਸੀਂ ਇਸ ਤਰ੍ਹਾਂ ਦੀਆਂ ਗੱਲਾਂ ਪੜ੍ਹਦੇ ਹਾਂ, *"ਅਤੇ ਇਹ ਗੱਲਾਂ ਜਿਨ੍ਹਾਂ ਦਾ ਮੈਂ ਤੁਹਾਨੂੰ ਅੱਜ ਹੁਕਮ ਦਿੰਦਾ ਹਾਂ ਤੁਹਾਡੇ ਹਿਰਦੇ ਉੱਤੇ ਹੋਣ"* (ਬਿਵਸਥਾਸਾਰ 6:6) ਅਤੇ *"ਤੁਸੀਂ ਮੇਰੀਆਂ ਇਨ੍ਹਾਂ ਗੱਲਾਂ ਨੂੰ ਆਪਣਿਆਂ ਦਿਲਾਂ ਅਤੇ ਜਾਨਾਂ ਵਿੱਚ ਰੱਖਣਾ ਅਤੇ ਓਹਨਾਂ ਨੂੰ ਤੁਸਾਂ ਨਿਸ਼ਾਨ ਲਈ ਆਪਣੇ ਹੱਥ ਉੱਤੇ ਬੰਨ੍ਹਣਾ ਅਤੇ ਓਹ ਤੁਹਾਡੀਆਂ ਅੱਖਾਂ ਦੇ ਵਿਚਕਾਰ ਤਵੀਤ ਵਾਂਙੁ ਹੋਣ"* (ਬਿਵਸਥਾਸਾਰ 11:18ੳ)। ਇਹੀ ਹੁਕਮ ਯਹੋਸ਼ੁਆ ਦੇ ਲਈ ਦੁਹਰਾਇਆ ਜਾ ਰਿਹਾ ਸੀ, ਜੋ ਹੁਣ ਇਸਰਾਏਲ ਦਾ ਆਗੂ ਸੀ। ਪਰਮੇਸ਼ੁਰ ਯਹੋਸ਼ੁਆ ਨੂੰ ਹੁਕਮ ਦੇ ਰਿਹਾ ਸੀ ਕਿ ਉਹ ਤਕੜਾ ਅਤੇ ਦਲੇਰ ਹੋਵੇ ਅਤੇ ਮੂਸਾ ਦੁਆਰਾ ਦਿੱਤੇ ਗਏ ਸਾਰੇ ਕਾਨੂੰਨ ਦੀ ਧਿਆਨ ਨਾਲ ਪਾਲਣਾ ਕਰੇ (ਯਹੋਸ਼ੁਆ 1:7)। ਫਿਰ ਯਹੋਵਾਹ ਨੇ ਯਹੋਸ਼ੁਆ ਦੇ ਸਾਹਮਣੇ ਇੱਕ ਅਨੁਸ਼ਾਸਨ ਰੱਖਿਆ ਜਿਸ ਦੀ ਵਰਤੋਂ ਕਰਕੇ ਉਹ ਵਚਨ ਨੂੰ ਆਪਣੇ ਦਿਲ ਵਿੱਚ ਰੱਖ ਕੇ ਉਨ੍ਹਾਂ ਦੀ ਧਿਆਨ ਨਾਲ ਪਾਲਣਾ ਕਰ ਸਕੇ। ਯਹੋਵਾਹ ਨੇ ਯਹੋਸ਼ੁਆ ਨੂੰ ਕਿਹਾ, *"ਏਹ ਬਿਵਸਥਾ ਦੀ ਪੋਥੀ ਤੇਰੇ ਮੂੰਹ ਤੋਂ ਕਦੀ ਵੱਖਰੀ ਨਾ ਹੋਵੇ ਸਗੋਂ ਤੂੰ ਦਿਨ ਰਾਤ ਉਸ ਉੱਤੇ ਧਿਆਨ ਰੱਖ ਤਾਂ ਜੋ ਤੂੰ ਉਸ ਸਾਰੇ ਦੇ ਅਨੁਸਾਰ ਜੋ ਉਸ ਵਿੱਚ ਲਿਖਿਆ ਹੈ ਚੱਲੇਂ ਤੇ ਉਸ ਨੂੰ ਪੂਰਾ ਕਰੇਂ ਤਾਂ ਤੂੰ ਆਪਣੇ ਮਾਰਗ ਨੂੰ ਸੁਫਲ ਬਣਾਵੇਂਗਾ ਅਤੇ ਤੇਰਾ ਬੋਲ ਬਾਲਾ ਹੋਵੇਗਾ"* (ਯਹੋਸ਼ੁਆ 1:8ੳ)।

ਇਹ ਦਿਲਚਸਪ ਹੈ ਕਿ ਪਰਮੇਸ਼ੁਰ ਯਹੋਸ਼ੁਆ ਨੂੰ ਦਿਨ-ਰਾਤ ਆਪਣੇ ਵਚਨ ਉੱਤੇ ਧਿਆਨ ਕਰਨ ਦੀ ਹਿਦਾਇਤ ਦੇ ਰਿਹਾ ਸੀ। ਇਸ ਲਈ ਪਰਮੇਸ਼ੁਰ ਦੇ ਵਚਨ ਉੱਤੇ ਧਿਆਨ ਕਰਨਾ ਇੱਕ ਅਨੁਸ਼ਾਸਨ ਹੈ, ਜਿਸ ਨੂੰ ਪਰਮੇਸ਼ੁਰ ਨੇ ਖ਼ੁਦ ਸਿਖਾਇਆ ਅਤੇ ਉਤਸ਼ਾਹਿਤ ਕੀਤਾ ਹੈ। ਇਹ ਇੱਕ ਅਨੁਸ਼ਾਸਨ ਹੈ ਜਿਸ ਦੀ ਪਰਮੇਸ਼ੁਰ ਚਾਹੁੰਦਾ ਹੈ ਕਿ ਅਸੀਂ ਵੀ ਪਾਲਣਾ ਕਰੀਏ।

ਇਸ ਪ੍ਰਕਿਰਿਆ ਵੱਲ ਧਿਆਨ ਦਿਓ ...

1) ਬਿਵਸਥਾ ਦੀ ਪੋਥੀ ਉਸ ਦੀ ਗੱਲਬਾਤ ਦਾ ਹਿੱਸਾ ਹੋਣੀ ਸੀ। (*"ਏਹ ਬਿਵਸਥਾ ਦੀ ਪੋਥੀ ਤੇਰੇ ਮੂੰਹ ਤੋਂ ਕਦੀ ਵੱਖਰੀ ਨਾ ਹੋਵੇ "* (ਯਹੋਸ਼ੁਆ 1:8))

2) ਉਸ ਨੇ ਵਚਨ ਉੱਤੇ ਲਗਾਤਾਰ ਧਿਆਨ ਕਰਨਾ ਸੀ। (*"ਸਗੋਂ ਤੂੰ ਦਿਨ ਰਾਤ ਉਸ ਉੱਤੇ ਧਿਆਨ ਰੱਖ ਤਾਂ ਜੋ ਤੂੰ ਉਸ ਸਾਰੇ ਦੇ ਅਨੁਸਾਰ ਜੋ ਉਸ ਵਿੱਚ ਲਿਖਿਆ ਹੈ ਚੱਲੇਂ "* (ਯਹੋਸ਼ੁਆ 1:8))

ਧਿਆਨ ਕਰਨਾ ਪਵਿੱਤਰ ਬਾਈਬਲ ਵਿੱਚ ਸਿਖਾਇਆ ਗਿਆ ਇੱਕ ਅਨੁਸ਼ਾਸਨ ਹੈ ਜੋ ਸਾਨੂੰ ਪਰਮੇਸ਼ੁਰ ਦੇ ਵਚਨ ਨੂੰ ਸਾਡੇ ਦਿਲਾਂ (ਆਤਮਾਵਾਂ) ਅਤੇ ਪ੍ਰਾਣ (ਮਨਾਂ) ਵਿੱਚ ਜਮ੍ਹਾ ਕਰਨ ਵਿੱਚ ਮਦਦ ਕਰਦਾ ਹੈ। ਪਵਿੱਤਰ ਬਾਈਬਲ ਵਿੱਚ ਧਿਆਨ ਦੇ ਹੋਰ ਵੀ ਬਹੁਤ ਸਾਰੇ ਹਵਾਲੇ ਹਨ, ਖਾਸ ਕਰਕੇ ਜ਼ਬੂਰਾਂ ਦੀ ਪੋਥੀ ਵਿੱਚ ਜ਼ਬੂਰਾਂ ਇੱਕ ਜਾਣਿਆ-ਪਛਾਣਿਆ ਹਵਾਲਾ ਹੈ ਜੋ ਸਾਨੂੰ ਇੱਕ ਧਰਮੀ ਵਿਅਕਤੀ ਦੀ ਅਨੁਸ਼ਾਸਿਤ ਜੀਵਨ-ਸ਼ੈਲੀ ਬਾਰੇ ਸਿਖਾਉਂਦਾ ਹੈ। ਇਹ ਸਾਨੂੰ ਦੱਸਦਾ ਹੈ ਕਿ ਅਜਿਹਾ ਵਿਅਕਤੀ ਦੁਸ਼ਟਾਂ ਦੀ ਸਲਾਹ 'ਤੇ ਨਹੀਂ ਚੱਲਦਾ, ਪਾਪੀਆਂ ਦੇ ਰਾਹ 'ਤੇ ਨਹੀਂ ਚੱਲਦਾ ਜਾਂ ਮਖੌਲ ਕਰਨ ਵਾਲਿਆਂ ਦੇ ਕੰਮਾਂ ਵਿੱਚ ਸ਼ਾਮਿਲ ਨਹੀਂ ਹੁੰਦਾ। *"ਪਰ ਉਹ ਯਹੋਵਾਹ ਦੀ ਬਿਵਸਥਾ ਵਿੱਚ ਮਗਨ ਰਹਿੰਦਾ ਅਤੇ ਦਿਨ ਰਾਤ ਉਸ ਦੀ ਬਿਵਸਥਾ ਉੱਤੇ ਧਿਆਨ ਕਰਦਾ ਹੈ"* (ਜ਼ਬੂਰਾਂ 1:2)। ਉਸ ਦਾ ਧਾਰਮਿਕਤਾ ਦਾ ਅਨੁਸ਼ਾਸਨ ਅਤੇ ਨਿਰੰਤਰ ਵਚਨ ਉੱਤੇ ਧਿਆਨ ਕਰਨਾ ਉਸ ਨੂੰ ਫਲਦਾਰ ਅਤੇ ਉਸ ਦੇ ਹਰ ਕੰਮ ਵਿੱਚ ਸਫਲ ਬਣਾਉਂਦਾ ਹੈ (ਜ਼ਬੂਰਾਂ 1:3)।

ਵਚਨ ਉੱਤੇ ਧਿਆਨ ਕਰਨਾ ਸਿਰਫ਼ ਪਰਮੇਸ਼ੁਰ ਦੇ ਵਚਨ ਉੱਤੇ ਧਿਆਨ ਕਰਨ ਤੱਕ ਹੀ ਸੀਮਿਤ ਨਹੀਂ ਹੈ। ਸਾਨੂੰ ਹੋਰ ਵਿਸ਼ੇ ਵੀ ਮਿਲਦੇ ਹਨ ਜਿਨ੍ਹਾਂ ਉੱਤੇ ਅਸੀਂ ਧਿਆਨ ਕਰ ਸਕਦੇ ਹਾਂ। ਉਦਾਹਰਣ ਵਜੋਂ, ਅਸੀਂ ਖ਼ੁਦ ਯਹੋਵਾਹ ਉੱਤੇ ਧਿਆਨ ਕਰ ਸਕਦੇ ਹਾਂ। ਯਹੋਵਾਹ, ਉਸ ਦਾ ਚਰਿੱਤਰ ਅਤੇ ਉਸ ਦੇ ਗੁਣ ਸਾਡੇ ਧਿਆਨ ਦਾ ਵਿਸ਼ਾ ਬਣ ਜਾਂਦੇ ਹਨ। ਇਸਰਾਏਲ ਦਾ ਮਿੱਠੇ ਜ਼ਬੂਰਾਂ ਦਾ ਲੇਖਕ, ਦਾਊਦ, ਕਹਿੰਦਾ ਹੈ, *"ਏਸ ਲਈ ਕਿ ਤੇਰੀ ਦਯਾ ਜੀਵਨ ਨਾਲੋਂ ਵੀ ਚੰਗੀ ਹੈ, ਮੇਰੇ ਬੁੱਲ੍ਹ ਤੇਰੀ ਉਸਤਤ ਕਰਨਗੇ"* (ਜ਼ਬੂਰਾਂ 63:6)। ਜ਼ਬੂਰਾਂ ਦੇ ਇੱਕ ਹੋਰ ਲੇਖਕ ਨੇ ਲਿਖਿਆ, *"ਮੇਰਾ ਧਿਆਨ ਉਹ ਨੂੰ ਭਾਵੇ, ਮੈਂ ਯਹੋਵਾਹ ਵਿੱਚ ਮਗਨ ਰਹਾਂਗਾ"* (ਜ਼ਬੂਰਾਂ 104:34)।

ਅਸੀਂ ਉਨ੍ਹਾਂ ਅਦਭੁੱਤ ਗੱਲਾਂ 'ਤੇ ਵੀ ਧਿਆਨ ਕਰ ਸਕਦੇ ਹਾਂ ਜੋ ਪ੍ਰਭੂ ਨੇ ਸਾਡੇ ਜੀਵਨ ਵਿੱਚ ਕੀਤੀਆਂ ਹਨ। ਦਾਊਦ ਨੇ ਕਿਹਾ, *"ਮੈਂ ਪੁਰਾਣਿਆਂ ਸਮਿਆਂ ਨੂੰ ਯਾਦ ਕਰਦਾ ਹਾਂ, ਮੈਂ ਤੇਰੀਆਂ ਸਾਰੀਆਂ ਕਰਨੀਆਂ ਦਾ ਵਿਚਾਰ ਕਰਦਾ ਹੈਂ, ਮੈਂ ਤੇਰੇ ਹੱਥਾਂ ਦੇ ਕੰਮਾਂ ਦਾ ਧਿਆਨ ਕਰਦਾ ਹਾਂ"* (ਜ਼ਬੂਰਾਂ 143:5)। ਇਸਰਾਏਲ ਦੇ ਜ਼ਬੂਰਾਂ ਦੇ ਇੱਕ ਹੋਰ ਲੇਖਕ, ਆਸਾਫ਼ ਨੇ ਲਿਖਿਆ, *"ਮੈਂ ਤੇਰੇ ਸਾਰੇ ਕੰਮਾਂ ਉੱਤੇ ਵਿਚਾਰ ਕਰਾਂਗਾ ਅਤੇ ਮੈਂ ਤੇਰੇ ਕਾਰਜਾਂ ਉੱਤੇ ਧਿਆਨ ਕਰਾਂਗਾ"* (ਜ਼ਬੂਰਾਂ 77:12)। ਅਸੀਂ ਬੁੱਧ ਅਤੇ ਸਮਝ ਦੀਆਂ ਗੱਲਾਂ 'ਤੇ ਵੀ ਧਿਆਨ ਅਤੇ ਵਿਚਾਰ ਕਰ ਸਕਦੇ ਹਾਂ। ਜ਼ਬੂਰਾਂ ਦੇ ਲੇਖਕ ਨੇ ਲਿਖਿਆ, *"ਹੇ ਸਾਰੇ ਲੋਕੋ, ਏਹ ਸੁਣੋ, ਹੇ ਜਗਤ ਦੇ ਸਾਰੇ ਵਾਸੀਓ, ਕੰਨ ਲਾਓ! ਕੀ ਊਚ ਕੀ ਨੀਚ, ਧਨੀ ਅਤੇ ਕੰਗਾਲ ਇਕੱਠੇ। ਮੇਰੇ ਮੂੰਹ ਵਿੱਚੋਂ ਬੁੱਧ ਦੀਆਂ ਗੱਲਾਂ ਨਿੱਕਲਣਗੀਆਂ ਅਤੇ ਮੇਰੇ ਮਨ ਦਾ ਵਿਚਾਰ ਗਿਆਨ ਦਾ ਹੋਵੇਗਾ"* (ਜ਼ਬੂਰਾਂ 49:1-3)।

## ਧਿਆਨ ਕਰਨਾ-ਬਾਈਬਲ ਅਧਾਰਿਤ ਦ੍ਰਿਸ਼ਟੀਕੋਣ

ਇਹ ਸਮਝਣ ਤੋਂ ਬਾਅਦ ਕਿ ਧਿਆਨ ਕਰਨਾ ਵਚਨ ਦਾ ਤਰੀਕਾ ਹੈ ਅਤੇ ਖ਼ੁਦ ਪਰਮੇਸ਼ੁਰ ਦੁਆਰਾ ਉਤਸ਼ਾਹਿਤ ਕੀਤਾ ਜਾਂਦਾ ਹੈ ਅਤੇ ਇਸ ਤਰ੍ਹਾਂ ਅਸੀਂ ਆਪਣੇ ਦਿਲਾਂ ਵਿੱਚ ਪਰਮੇਸ਼ੁਰ ਦੇ ਵਚਨ ਨੂੰ ਸੰਭਾਲ ਸਕਦੇ ਹਾਂ, ਸਾਡਾ ਅਗਲਾ ਉਦੇਸ਼ ਇਹ ਸਿੱਖਣਾ ਹੈ ਕਿ ਧਿਆਨ ਕਿਵੇਂ ਕਰਨਾ ਹੈ।

ਪੁਰਾਣੇ ਨੇਮ ਵਿੱਚ "ਧਿਆਨ ਕਰਨ" ਦੇ ਲਈ ਦੋ ਮੁੱਖ ਇਬਰਾਨੀ ਸ਼ਬਦ ਵਰਤੇ ਗਏ ਹਨ। ਇਬਰਾਨੀ ਸ਼ਬਦ *'ਹਗਾਹ'* ਦਾ ਅਰਥ ਹੈ "ਸੋਚਣਾ, ਕਲਪਨਾ ਕਰਨਾ, ਧਿਆਨ ਕਰਨਾ, ਕਰਾਹਣਾ, ਗਰਜਣਾ, ਬੁੜਬੁੜਾਉਣਾ, ਹਉਕੇ ਵਰਗੀ ਸ਼ਾਂਤ ਅਵਾਜ਼ ਕੱਢਣਾ, ਸ਼ਬਦਾਂ ਨੂੰ ਦੁਹਰਾ ਕੇ ਕਿਸੇ ਗੱਲ 'ਤੇ ਧਿਆਨ ਕਰਨਾ।" ਦੂਜਾ ਇਬਰਾਨੀ ਸ਼ਬਦ *'ਸਿਆਹ'*, ਜੋ ਮੁੱਖ ਤੌਰ 'ਤੇ ਜ਼ਬੂਰਾਂ 119 ਵਿੱਚ ਵਰਤੇ ਗਏ ਸ਼ਬਦ ਦਾ ਅਰਥ ਹੈ: "ਧਿਆਨ ਕਰਨਾ, ਸੋਚ ਵਿਚਾਰ ਕਰਨਾ, ਗੱਲਬਾਤ ਕਰਨਾ (ਆਪਣੇ ਆਪ ਨਾਲ, ਇਸ ਲਈ ਉੱਚੀ ਅਵਾਜ਼ ਵਿੱਚ) ਬੋਲਣਾ, ਸਾਂਝ ਪਾਉਣਾ, ਸ਼ਿਕਾਇਤ ਕਰਨਾ, ਐਲਾਨ ਕਰਨਾ, ਮਨਨ ਕਰਨਾ, ਪ੍ਰਾਰਥਨਾ ਕਰਨਾ, ਬੋਲਣਾ, ਗੱਲ ਕਰਨਾ।" ਆਤਮਾ-ਭਰਪੂਰ ਜੀਵਨ ਬਾਈਬਲ ਪਹਿਲੇ ਸ਼ਬਦ ਬਾਰੇ ਹੇਠਾਂ ਦਿੱਤੀ ਟਿੱਪਣੀ ਮਿਲਦੀ ਹੈ। ਉਹ ਕਹਿੰਦਾ ਹੈ, *"ਹਾਗਾਹ ਅੰਗਰੇਜ਼ੀ ਸ਼ਬਦ "ਧਿਆਨ" ਦੇ ਬਿਲਕੁਲ ਉਲਟ ਹੈ, ਜੋ ਸਿਰਫ ਮਾਨਸਿਕ ਅਭਿਆਸ ਨੂੰ ਦਰਸਾਉਂਦਾ ਹੈ। ਇਬਰਾਨੀ ਵਿਚਾਰ ਵਿੱਚ, ਪਵਿੱਤਰ ਬਾਈਬਲ ਦੇ ਵਚਨਾਂ 'ਤੇ*

*ਧਿਆਨ ਕਰਨ ਦਾ ਅਰਥ ਹੈ, ਉਨ੍ਹਾਂ ਨੂੰ ਚੁੱਪਚਾਪ, ਇੱਕ ਕੋਮਲ, ਗੂੰਜਦੀ ਅਵਾਜ਼ ਦੇ ਨਾਲ ਦੁਹਰਾਉਣਾ, ਜਦ ਕਿ ਇੱਕੋ ਸਮੇਂ ਬਾਹਰੀ ਭਟਕਣਾ ਨੂੰ ਨਜ਼ਰਅੰਦਾਜ਼ ਕਰਨਾ। ਇਸ ਪਰੰਪਰਾ ਤੋਂ ਯਹੂਦੀ ਪ੍ਰਾਰਥਨਾ ਦਾ ਇੱਕ ਵਿਸ਼ੇਸ਼ ਰੂਪ ਆਉਂਦਾ ਹੈ ਜਿਸ ਨੂੰ "ਡੇਵਨਿੰਗ" ਕਿਹਾ ਜਾਂਦਾ ਹੈ, ਭਾਵ ਵਚਨਾਂ ਨੂੰ ਦੁਹਰਾਉਣਾ, ਗਹਿਰੀਆਂ ਪ੍ਰਾਰਥਨਾਵਾਂ ਕਰਨਾ, ਝੁਕਣਾ ਜਾਂ ਅੱਗੇ-ਪਿੱਛੇ ਹਿਲਾਉਣਾ ਅਤੇ ਪਰਮੇਸ਼ੁਰ ਨਾਲ ਗੱਲਬਾਤ ਵਿੱਚ ਖੋ ਜਾਣਾ। ਸਪੱਸ਼ਟ ਤੌਰ 'ਤੇ, ਧਿਆਨ ਪ੍ਰਾਰਥਨਾ ਦਾ ਇਹ ਗਤੀਸ਼ੀਲ ਰੂਪ ਦਾਊਦ ਦੇ ਸਮੇਂ ਤੋਂ ਚੱਲਦਾ ਆ ਰਿਹਾ ਹੈ"* (ਪੰਨੇ 753-754, ਥਾਮਸ ਨੈਲਸਨ ਪਬਲਿਸ਼ਰਜ਼, 1991)।

ਧਿਆਨ ਅਸਲ ਵਿੱਚ ਮਨੁੱਖੀ ਆਤਮਾ ਦੀ ਇੱਕ ਕਿਰਿਆ ਹੈ, ਜੋ ਪ੍ਰਾਣ (ਵਿਚਾਰ, ਬੁੱਧੀ, ਕਲਪਨਾ, ਭਾਵਨਾ ਅਤੇ ਇੱਛਾ ਦਾ ਨਿਵਾਸ ਸਥਾਨ) ਤੱਕ ਪਹੁੰਚਦੀ ਹੈ ਅਤੇ ਭੌਤਿਕ ਸਰੀਰ ਨੂੰ ਪ੍ਰਭਾਵਿਤ ਕਰਦੀ ਹੈ। ਵਿੱਦਿਅਕ ਉਦੇਸ਼ਾਂ ਲਈ, ਅਸੀਂ ਤਿੰਨ ਸ਼ਬਦਾਂ ਦੀ ਵਰਤੋਂ ਕਰਕੇ ਧਿਆਨ ਦਾ ਸਾਰ ਦੇਵਾਂਗੇ: **ਚਿੰਤਨ, ਕਲਪਨਾ ਕਰਨਾ** ਅਤੇ **ਇਕਰਾਰ ਕਰਨਾ**। ਕਿਸੇ ਵੀ ਸਮੇਂ ਵਿੱਚ, ਧਿਆਨ ਕਰਦੇ ਸਮੇਂ, ਅਸੀਂ ਇਨ੍ਹਾਂ ਤਿੰਨਾਂ ਵਿੱਚੋਂ ਇੱਕ ਜਾਂ ਵੱਧ ਪ੍ਰਕਿਰਿਆਵਾਂ ਵਿੱਚ ਸ਼ਾਮਿਲ ਹੋ ਸਕਦੇ ਹਾਂ। ਅਸੀਂ ਕਿਸੇ ਖਾਸ ਵਿਸ਼ੇ ਬਾਰੇ ਡੂੰਘਾਈ ਨਾਲ ਵਿਚਾਰ ਕਰ ਸਕਦੇ ਹਾਂ ਜਾਂ ਕਿਸੇ ਖਾਸ ਵਿਸ਼ੇ 'ਤੇ ਵਿਚਾਰ ਕਰਦੇ ਸਮੇਂ ਇਸ ਦੀ ਕਲਪਨਾ ਵੀ ਕਰ ਸਕਦੇ ਹਾਂ ਜਾਂ ਇਸ ਵਿੱਚ ਇਕਰਾਰ ਵੀ ਸ਼ਾਮਿਲ ਹੋ ਸਕਦਾ ਹੈ।

ਆਓ ਅਸੀਂ ਇਨ੍ਹਾਂ ਵਿੱਚੋਂ ਹਰੇਕ 'ਤੇ ਵਿਸਥਾਰ ਨਾਲ ਵਿਚਾਰ ਕਰੀਏ।

## ਚਿੰਤਨ—ਆਪਣੀ ਅੰਤਰ ਆਤਮਾ ਵਿੱਚ ਸੋਚਣਾ

**ਜ਼ਬੂਰਾਂ 143:5**

**ਮੈਂ ਪੁਰਾਣਿਆਂ ਸਮਿਆਂ ਨੂੰ ਯਾਦ ਕਰਦਾ ਹਾਂ, ਮੈਂ ਤੇਰੀਆਂ ਸਾਰੀਆਂ ਕਰਨੀਆਂ ਦਾ ਵਿਚਾਰ ਕਰਦਾ ਹੈਂ, ਮੈਂ ਤੇਰੇ ਹੱਥਾਂ ਦੇ ਕੰਮਾਂ ਦਾ ਧਿਆਨ ਕਰਦਾ ਹਾਂ।**

ਧਿਆਨ ਕਰਨ ਦਾ ਇਹ ਪਹਿਲੂ ਸਾਡੇ ਵਿਚਾਰਾਂ ਅਤੇ ਬੁੱਧੀ ਨੂੰ ਜੋੜਦਾ ਹੈ। ਅਸੀਂ ਕਿਸੇ ਖਾਸ ਵਿਸ਼ੇ ਬਾਰੇ ਡੂੰਘਾਈ ਨਾਲ ਸੋਚਦੇ ਹਾਂ। ਉਦਾਹਰਣ ਵਜੋਂ, ਜੇ ਅਸੀਂ ਪਰਮੇਸ਼ੁਰ ਦੇ ਵਚਨ ਵਿੱਚੋਂ ਕਿਸੇ ਖਾਸ ਵਿਸ਼ੇ 'ਤੇ ਵਿਚਾਰ ਕਰ ਰਹੇ ਹਾਂ, ਜਿਵੇਂ ਕਿ ਰੱਬੀ ਚੰਗਿਆਈ ਬਾਰੇ ਅਸੀਂ ਯਸਾਯਾਹ 53:4 ਨੂੰ ਆਪਣੀ ਪਵਿੱਤਰ ਬਾਈਬਲ ਦੀ ਆਇਤ ਵਜੋਂ ਚੁਣਿਆ ਹੈ, ਤਾਂ ਅਸੀਂ ਆਪਣੇ ਧਿਆਨ ਦੌਰਾਨ

ਇਸ ਆਇਤ ਦੇ ਅਰਥ, ਮਹੱਤਵ ਅਤੇ ਅਰਥਾਂ 'ਤੇ ਵਿਚਾਰ ਕਰਾਂਗੇ। ਅਸੀਂ ਜਾਣਦੇ ਹਾਂ ਕਿ ਯਿਸੂ ਨੇ ਸਾਡੀਆਂ ਬਿਮਾਰੀਆਂ ਨੂੰ ਆਪਣੇ ਉੱਤੇ ਲੈ ਲਿਆ ਅਤੇ ਸਾਡੇ ਸਾਰੇ ਦੁੱਖ ਝੱਲੇ। ਉਸ ਨੇ ਇਹ ਸਾਡੇ ਬਦਲ ਕੀਤਾ ਅਤੇ ਇਸ ਲਈ, ਸਾਨੂੰ ਉਨ੍ਹਾਂ ਨੂੰ ਸਹਿਣ ਦੀ ਜ਼ਰੂਰਤ ਨਹੀਂ ਹੈ। ਅਸੀਂ ਇਸ ਬਾਰੇ ਆਪਣੀ ਜ਼ਮੀਰ ਵਿੱਚ ਸਮਝਦੇ ਹਾਂ ਅਤੇ ਤਰਕ ਕਰਦੇ ਹਾਂ। ਅਸੀਂ ਸੋਚਦੇ ਹਾਂ ਕਿ ਸਾਡੇ ਰੋਜ਼ਾਨਾ ਜੀਵਨ ਵਿੱਚ ਇਸ ਦੀ ਪ੍ਰਾਸੰਗਿਕਤਾ 'ਤੇ ਵਿਚਾਰ ਕਰਦੇ ਹਾਂ। ਅਸੀਂ ਗ਼ਲਤ ਕਲਪਨਾਵਾਂ ਅਤੇ ਵਿਚਾਰਾਂ ਦੀ ਜਾਂਚ ਕਰਦੇ ਹਾਂ, ਜੋ ਸਾਡੇ ਮਨ ਵਿੱਚ ਆ ਸਕਦੇ ਹਨ ਅਤੇ ਅਸੀਂ ਉਨ੍ਹਾਂ ਨੂੰ ਨਜ਼ਰਅੰਦਾਜ਼ ਕਰਦੇ ਹਾਂ।

ਸਾਡਾ ਮੰਨਣਾ ਹੈ ਕਿ ਜਦੋਂ ਅਸੀਂ ਪਰਮੇਸ਼ੁਰ ਦੇ ਵਚਨ 'ਤੇ ਡੂੰਘਾਈ ਨਾਲ ਵਿਚਾਰ ਕਰਨ ਵਿੱਚ ਸਮਾਂ ਬਿਤਾਉਂਦੇ ਹਾਂ, ਤਾਂ ਪਰਮੇਸ਼ੁਰ ਦਾ ਆਤਮਾ ਸਾਡੇ ਤੋਂ ਪ੍ਰਸੰਨ ਹੁੰਦਾ ਹੈ। ਅਕਸਰ, ਜਦੋਂ ਸਾਡਾ ਧਿਆਨ ਭਟਕਾਉਣ ਵਾਲੀਆਂ ਬਾਹਰੀ ਗੱਲਾਂ ਤੋਂ ਅਸੀਂ ਆਪਣੇ ਆਪ ਨੂੰ ਅਲੱਗ ਕਰਦੇ ਹਾਂ ਅਤੇ ਆਪਣੇ ਮਨ ਦਾ ਧਿਆਨ ਵਚਨ 'ਤੇ ਕੇਂਦ੍ਰਿਤ ਕਰਦੇ ਹਾਂ, ਤਾਂ ਪ੍ਰਭੂ ਦਾ ਆਤਮਾ ਸਾਡੇ ਵਿਚਾਰਾਂ ਦੀ ਪ੍ਰਕਿਰਿਆ ਵਿੱਚ ਸਾਡੀ ਹੌਲੀ-ਹੌਲੀ ਅਗਵਾਈ ਕਰਦਾ ਹੈ। ਉਹ ਸਾਡੇ ਮਨਾਂ ਵਿੱਚ ਨਵੇਂ ਵਿਚਾਰ ਅਤੇ ਅੰਦਰੂਨੀ ਸਮਝ ਪੈਦਾ ਕਰਕੇ ਸਾਡੇ ਵਿਚਾਰਾਂ ਨੂੰ ਪ੍ਰੇਰਿਤ ਅਤੇ ਦਿਸ਼ਾ ਦਿੰਦਾ ਹੈ। ਇਹ ਦੱਸਦੇ ਹੋਏ ਪ੍ਰਾਚੀਨ ਸਮੇਂ ਦੇ ਲੋਕਾਂ ਨੇ ਪਵਿੱਤਰ ਬਾਈਬਲ ਦੇ ਵਚਨਾਂ ਨੂੰ ਲਿਖਣ ਦੁਆਰਾ ਕਿਵੇਂ ਪ੍ਰੇਰਨਾ ਪ੍ਰਾਪਤ ਕੀਤੀ। ਜਦੋਂ ਰਸੂਲ ਪਤਰਸ ਨੇ ਨਬੀਆਂ ਨੂੰ ਬੋਲਣ ਲਈ ਪ੍ਰੇਰਿਤ ਕੀਤਾ ਸੀ, ਤਾਂ ਉਸ ਨੇ ਕਿਹਾ, *"ਕਿਉਂਕਿ ਕੋਈ ਅਗੰਮ ਵਾਕ ਮਨੁੱਖ ਦੀ ਇੱਛਿਆ ਤੋਂ ਕਦੇ ਨਹੀਂ ਆਇਆ ਸਗੋਂ ਮਨੁੱਖ ਪਵਿੱਤਰ ਆਤਮਾ ਦੇ ਉਕਾਸਣ ਨਾਲ ਪਰਮੇਸ਼ੁਰ ਦੀ ਵੱਲੋਂ ਬੋਲਦੇ ਸਨ"* (2 ਪਤਰਸ 1:21) *"ਪ੍ਰੇਰਿਤ"* ਇਹ ਸ਼ਬਦ ਯੂਨਾਨੀ ਭਾਸ਼ਾ *'ਫ਼ੇਰੋ'* ਤੋਂ ਆਇਆ ਹੈ, ਜਿਸ ਦਾ ਅਰਥ ਹੈ "ਅੱਗੇ ਉਠਾ ਕੇ ਲੈ ਜਾਣਾ, ਚੁੱਕ ਕੇ ਲੈ ਜਾਣਾ।" ਵਾਈਨਜ਼ ਡਿਕਸ਼ਨਰੀ ਵਿੱਚ ਪੁਰਾਣੇ ਨੇਮ ਦੇ ਨਬੀਆਂ ਬਾਰੇ ਹੇਠ ਲਿਖੀਆਂ ਟਿੱਪਣੀਆਂ ਹਨ। ਇਹ ਡਿਕਸ਼ਨਰੀ ਕਹਿੰਦੀ ਹੈ, *"ਪਵਿੱਤਰ ਆਤਮਾ ਦੀ ਸਮਰੱਥ ਦੁਆਰਾ ਉਹ ਅੱਗੇ ਲੈ ਜਾਣ ਜਾਂ ਪ੍ਰੇਰਿਤ ਹੋ ਕੇ, ਉਨ੍ਹਾਂ ਨੇ ਆਪਣੀ ਇੱਛਾ ਦੇ ਅਨੁਸਾਰ ਕੰਮ ਨਹੀਂ ਕੀਤਾ, ਸਿਰਫ਼ ਆਪਣੇ ਵਿਚਾਰਾਂ ਦੀ ਵਰਤੋਂ ਨਹੀਂ ਕੀਤੀ, ਸਗੋਂ ਪਰਮੇਸ਼ੁਰ ਦੁਆਰਾ ਦਿੱਤੇ ਅਤੇ ਸਪਲਾਈ ਕੀਤੇ ਸ਼ਬਦਾਂ ਵਿੱਚ ਪਰਮੇਸ਼ੁਰ ਦੇ ਮਨ ਨੂੰ ਪ੍ਰਗਟ ਕੀਤਾ"* (ਪੰਨਾ 420, ਥਾਮਸ ਨੈਲਸਨ ਪਬਲਿਸ਼ਰਜ਼, 1985)।

ਨਬੀਆਂ ਨੇ ਆਪਣੀ ਸਮਝ ਤੋਂ ਪਰ੍ਹੇ ਗੱਲਾਂ ਬਾਰੇ ਗੱਲ ਕੀਤੀ ਸੀ, ਇੰਨੀ ਜ਼ਿਆਦਾ ਕਿ ਉਨ੍ਹਾਂ ਨੂੰ ਇਹ ਪਤਾ ਲਗਾਉਣ ਦੀ ਕੋਸ਼ਿਸ਼ ਕਰਨੀ ਪਈ ਕਿ *"ਅਤੇ ਓਹ ਇਹ ਖੋਜ ਵਿਚਾਰ ਕਰਦੇ ਸਨ ਭਈ ਮਸੀਹ ਦਾ ਆਤਮਾ ਜਿਹੜਾ ਉਨ੍ਹਾਂ ਵਿੱਚ ਸੀ ਜਦ ਮਸੀਹ ਦਿਆਂ ਦੁੱਖਾਂ ਦੇ ਅਤੇ ਉਨ੍ਹਾਂ ਦੇ ਪਿੱਛੋਂ ਦੀ ਮਹਿਮਾ ਦੇ ਵਿਖੇ ਅੱਗੋਂ ਹੀ ਸਾਖੀ ਦਿੰਦਾ ਸੀ ਤਦ ਉਹ ਕਿਹੜੇ ਅਥਵਾ ਕਿਹੋ ਜਿਹੇ ਸਮੇਂ ਦਾ ਪਤਾ ਦਿੰਦਾ ਸੀ"* (1 ਪਤਰਸ 1:11)। ਇਸੇ ਤਰ੍ਹਾਂ, ਜਦੋਂ ਅਸੀਂ ਵਚਨ ਉੱਤੇ ਧਿਆਨ ਕਰਦੇ ਹਾਂ, ਤਾਂ ਪਵਿੱਤਰ ਆਤਮਾ ਸਾਡੇ ਵਿਚਾਰਾਂ ਦੀ ਅਗਵਾਈ ਕਰਦਾ ਹੈ। ਪਵਿੱਤਰ ਆਤਮਾ ਸਾਡਾ ਗੁਰੂ ਹੈ। ਯਿਸੂ ਨੇ ਕਿਹਾ ਕਿ ਪਵਿੱਤਰ ਆਤਮਾ ਸਾਡੇ ਨਾਲ ਉਹੀ ਗੱਲ ਦੱਸੇਗਾ ਜੋ ਉਹ ਯਿਸੂ ਨੂੰ ਬੋਲਦੇ ਸੁਣਦਾ ਹੈ (ਯੂਹੰਨਾ 16:12-15)। ਇਹ ਅਕਸਰ ਉਦੋਂ ਹੁੰਦਾ ਹੈ ਜਦੋਂ ਅਸੀਂ ਆਪਣੇ ਆਪ ਨੂੰ ਉਨ੍ਹਾਂ ਸਾਰੀਆਂ ਗੱਲਾਂ ਤੋਂ ਵੱਖ ਕਰਦੇ ਹਾਂ, ਜੋ ਸਾਨੂੰ ਉਸ ਦੇ ਵਚਨ ਉੱਤੇ ਧਿਆਨ ਕਰਨ ਜਾਂ ਵਿਚਾਰ ਕਰਨ ਲਈ ਭਟਕਾਉਂਦੀਆਂ ਹਨ। ਓਹ! ਇਹ ਕਿੰਨਾ ਅਦਭੁੱਤ ਅਨੁਭਵ ਹੁੰਦਾ ਹੈ ਜਦੋਂ "ਪ੍ਰਭੂ ਦਾ ਹੱਥ", ਜੋ ਮਿੱਠਾ ਪਵਿੱਤਰ ਆਤਮਾ ਹੈ, ਸਾਡੇ ਉੱਤੇ ਹੌਲੀ-ਹੌਲੀ ਆਉਂਦਾ ਹੈ ਅਤੇ ਜਦੋਂ ਅਸੀਂ ਧਿਆਨ ਵਿੱਚ ਅਗਵਾਈ ਕਰਦੇ ਹਾਂ ਤਾਂ ਸਾਡੇ ਵਿਚਾਰਾਂ ਵਿੱਚ ਸਾਨੂੰ ਅੱਗੇ ਲੈ ਜਾਂਦਾ ਹੈ। ਅਕਸਰ ਪ੍ਰਭੂ ਦੀ ਹਜ਼ੂਰੀ ਇੰਨੀ ਡੂੰਘੀ ਹੋ ਜਾਂਦੀ ਹੈ ਕਿ ਅਦਭੁੱਤ ਪਰਕਾਸ਼ ਅਤੇ ਸਮਝ ਦੇ ਉਸ ਸਮੇਂ ਖੁਸ਼ੀ ਅਤੇ ਧੰਨਵਾਦ ਦੇ ਹੰਝੂ ਵਹਿਣ ਲੱਗ ਜਾਂਦੇ ਹਨ।

ਧਿਆਨ ਸਾਡੀ ਸੋਚ ਨੂੰ ਪ੍ਰਭਾਵਿਤ ਕਰਦਾ ਹੈ। ਇਹ ਇੱਕ ਅਜਿਹਾ ਮਨ ਪੈਦਾ ਕਰਦਾ ਹੈ ਜੋ ਪਰਮੇਸ਼ੁਰ ਦੇ ਵਚਨ ਦੁਆਰਾ ਨਵਾਂ ਹੁੰਦਾ ਹੈ। ਵਚਨ ਸਾਨੂੰ ਸਾਡੇ ਦਿਲਾਂ ਦੇ ਨਵੇਂ ਹੋਣ ਬਾਰੇ ਸਿਖਾਉਂਦਾ ਹੈ (ਰੋਮੀਆਂ 12:2)। ਸਾਨੂੰ ਆਗਿਆ ਦਿੱਤੀ ਗਈ ਹੈ ਕਿ ਅਸੀਂ ਆਪਣੇ ਮਨਾਂ ਦੀ ਆਤਮਾ (ਸੁਭਾਅ) ਵਿੱਚ ਨਵੇਂ ਬਣੀਏ (ਅਫ਼ਸੀਆਂ 4:23)। ਜਿਸ ਵਿਅਕਤੀ ਦਾ ਮਨ ਪਰਮੇਸ਼ੁਰ ਦੀ ਸੰਪੂਰਨ ਸਲਾਹ (ਪਰਮੇਸ਼ੁਰ ਦਾ ਪੂਰਾ ਵਚਨ) ਵਿੱਚ ਨਵਾਂ ਹੁੰਦਾ ਹੈ, ਉਹ ਇਹ ਜਾਣਨ ਦੇ ਯੋਗ ਹੁੰਦਾ ਹੈ *"ਭਈ ਇਹੋ ਜਿਹੇ ਕੰਮ ਕਰਨ ਵਾਲਿਆਂ ਉੱਤੇ ਪਰਮੇਸ਼ੁਰ ਦਾ ਦੰਡ ਯਥਾਰਥ ਹੈ"* (ਰੋਮੀਆਂ 12:2ਅ)। ਪਰਮੇਸ਼ੁਰ ਦੇ ਵਚਨ ਦਾ ਧਿਆਨ/ਮਨਨ ਕਰਨ ਦੇ ਅਨੁਸ਼ਾਸਿਤ ਅਭਿਆਸ ਰਾਹੀਂ ਸਾਡੀਆਂ *"ਗਿਆਨ ਇੰਦਰੀਆਂ ਭਲੇ ਬੁਰੇ ਦੀ ਜਾਂਚ ਕਰਨ ਨੂੰ ਅਭਿਆਸ ਨਾਲ ਸਾਧੀਆਂ ਹੋਈਆਂ ਹਨ।"* (ਇਬਰਾਨੀਆਂ 5:14ਅ)।

## ਕਲਪਨਾ ਕਰਨਾ—ਆਪਣੀ ਕਲਪਨਾ ਤੋਂ ਇੱਕ ਤਸਵੀਰ ਬਣਾਉਣਾ

**ਉਤਪਤ 15:1-6**

**1 ਇਨ੍ਹਾਂ ਗੱਲਾਂ ਦੇ ਮਗਰੋਂ ਯਹੋਵਾਹ ਦਾ ਬਚਨ ਅਬਰਾਮ ਦੇ ਕੋਲ ਦਰਸ਼ਨ ਵਿੱਚ ਆਇਆ ਕਿ ਨਾ**
**ਡਰ ਅਬਰਾਮ ਮੈਂ ਤੇਰੇ ਲਈ ਢਾਲ ਹਾਂ ਅਤੇ ਤੇਰਾ ਅੱਤ ਵੱਡਾ ਅਜਰ ਹਾਂ।**
**2 ਉਪਰੰਤ ਅਬਰਾਮ ਨੇ ਆਖਿਆ, ਹੇ ਯਹੋਵਾਹ ਪ੍ਰਭੂ ਤੂੰ ਮੈਨੂੰ ਕੀ ਦੇਵੇਂਗਾ? ਕਿਉਂ ਜੋ ਮੈਂ ਔਤ**
**ਜਾਂਦਾ ਹਾਂ ਅਰ ਮੇਰੇ ਘਰ ਦਾ ਵਾਰਿਸ ਇਹ ਦਮਿਸ਼ਕੀ ਅਲੀਅਜ਼ਰ ਹੈ।**
**3 ਨਾਲੇ ਅਬਰਾਮ ਨੇ ਆਖਿਆ ਵੇਖ ਤੈਂ ਮੈਨੂੰ ਕੋਈ ਅੰਸ ਨਾ ਦਿੱਤੀ ਅਰ ਵੇਖ ਮੇਰਾ ਘਰਜੰਮ**
**ਮੇਰਾ ਵਾਰਿਸ ਹੋਵੇਗਾ।**
**4 ਤਾਂ ਵੇਖੋ ਯਹੋਵਾਹ ਦਾ ਬਚਨ ਉਹ ਦੇ ਕੋਲ ਆਇਆ ਕਿ ਇਹ ਤੇਰਾ ਵਾਰਿਸ ਨਾ ਹੋਵੇਗਾ ਪਰ**
**ਉਹ ਜੋ ਤੇਰੇ ਤੁਖ਼ਮ ਵਿੱਚੋਂ ਨਿੱਕਲੇਗਾ ਤੇਰਾ ਵਾਰਿਸ ਹੋਵੇਗਾ।**
**5 ਤਾਂ ਉਹ ਉਸ ਨੂੰ ਬਾਹਰ ਲੈ ਗਿਆ ਅਰ ਆਖਿਆ ਅਕਾਸ਼ ਵੱਲ ਨਿਗਾਹ ਮਾਰ ਅਤੇ ਤਾਰੇ**
**ਗਿਣ ਜੇ ਤੂੰ ਉਨ੍ਹਾਂ ਨੂੰ ਗਿਣ ਸਕੇਂ, ਫੇਰ ਉਸ ਨੇ ਉਹ ਨੂੰ ਆਖਿਆ ਐੱਨੀ ਹੀ ਤੇਰੀ ਅੰਸ ਹੋਵੇਗੀ।**
**6 ਉਸ ਨੇ ਯਹੋਵਾਹ ਦੀ ਪਰਤੀਤ ਕੀਤੀ ਅਤੇ ਉਹ ਨੇ ਉਹ ਦੇ ਲਈ ਏਸ ਗੱਲ ਨੂੰ ਧਰਮ**
**ਗਿਣਿਆ।**

ਕਈ ਸਾਲ ਬੀਤ ਗਏ ਸਨ ਜਦੋਂ ਪਰਮੇਸ਼ੁਰ ਨੇ ਅਬਰਾਮ ਨਾਲ ਵਾਇਦਾ ਕੀਤਾ ਸੀ ਕਿ ਮੈਂ ਤੈਨੂੰ ਇੱਕ ਵੱਡੀ ਕੌਮ ਦਾ ਪਿਤਾ ਬਣਾਵਾਂਗਾ। ਸਾਰਾਹ ਅਤੇ ਅਬਰਾਮ ਬੇਔਲਾਦ ਸਨ ਅਤੇ ਇਹ ਉਨ੍ਹਾਂ ਲਈ ਸਪੱਸ਼ਟ ਤੌਰ ‘ਤੇ ਚਿੰਤਾ ਦਾ ਵਿਸ਼ਾ ਸੀ। ਇਸ ਸਮੇਂ ਦੌਰਾਨ, ਯਹੋਵਾਹ ਨੇ ਅਬਰਾਹਾਮ ਨਾਲ ਗੱਲ ਕੀਤੀ ਅਤੇ ਉਸ ਨੂੰ ਆਪਣੇ ਵਾਇਦੇ ਦਾ ਭਰੋਸਾ ਦਿੱਤਾ। ਧਿਆਨ ਨਾਲ ਵਿਚਾਰ ਕਰੋ ਕਿ ਯਹੋਵਾਹ ਨੇ ਕੀ ਕੀਤਾ। ਇੱਕ ਰਾਤ, ਯਹੋਵਾਹ ਨੇ ਅਬਰਾਮ ਨੂੰ ਉਸ ਦੇ ਘਰੋਂ ਬਾਹਰ ਕੱਢਿਆ, ਉਸ ਨੂੰ ਤਾਰਿਆਂ ਵਾਲੇ ਅਸਮਾਨ ਵੱਲ ਦੇਖਣ ਦਾ ਹੁਕਮ ਦਿੱਤਾ ਅਤੇ ਉਸ ਨੂੰ ਪੁੱਛਿਆ ਕਿ ਕੀ ਉਹ ਉਨ੍ਹਾਂ ਨੂੰ ਗਿਣ ਸਕਦਾ ਹੈ। ਫਿਰ ਉਸ ਨੇ ਅਬਰਾਮ ਨੂੰ ਕਿਹਾ, *“ਐੱਨੀ ਹੀ ਤੇਰੀ ਅੰਸ ਹੋਵੇਗੀ”* (ਉਤਪਤ 15:5)। ਅਸਲ ਵਿੱਚ, ਪਰਮੇਸ਼ੁਰ ਅਬਰਾਮ ਨੂੰ ਆਪਣੇ ਵਾਇਦੇ ਦੀ ਇੱਕ ਦ੍ਰਿਸ਼ਟੀਗਤ ਤਸਵੀਰ ਦੇ ਰਿਹਾ ਸੀ। ਉਹ ਉਸ ਤਸਵੀਰ ਨੂੰ ਬਾਰ-ਬਾਰ ਦੇਖਣ ਦੇ ਯੋਗ ਸੀ, ਉਹ ਕਲਪਨਾ ਕਰ ਰਿਹਾ ਸੀ ਕਿ ਪਰਮੇਸ਼ੁਰ ਦੇ ਨੇਮ ਦੀ ਪੂਰਤੀ ਕਿਵੇਂ ਦਿਖਾਈ ਦੇਵੇਗੀ। ਬਾਅਦ ਵਿੱਚ, ਯਹੋਵਾਹ ਨੇ ਅਬਰਾਹਾਮ ਨੂੰ ਕਿਹਾ, *“... ਸੋ ਮੈਂ ਤੈਨੂੰ ਬਰਕਤਾਂ ਤੇ ਬਰਕਤਾਂ ਦਿਆਂਗਾ ਅਤੇ ਮੈਂ ਤੇਰੀ ਅੰਸ ਨੂੰ ਅਕਾਸ਼ ਦੇ ਤਾਰਿਆਂ ਜਿੰਨੀਂ ਅਰ ਸਮੁੰਦਰ ਦੇ ਕੰਢੇ ਦੀ ਰੇਤ ਵਾਂਙੁ ਅੱਤ ਵਧਾਂਵਾਗਾ...”* (ਉਤਪਤ 22:17)।

ਕਿਸੇ ਦ੍ਰਿਸ਼ ਨੂੰ ਕਲਪਨਾ ਕਰਨਾ ਇੱਕ ਮਹੱਤਵਪੂਰਨ ਪ੍ਰਕਿਰਿਆ ਹੈ, ਜਿਸ ਦਾ ਅਸੀਂ ਧਿਆਨ ਵਿੱਚ ਅਭਿਆਸ ਕਰਦੇ ਹਾਂ। ਅਸੀਂ ਕਲਪਨਾ ਦੀ ਸਮਰੱਥ ਦੀ ਵਰਤੋਂ ਇਹ ਦੇਖਣ ਲਈ ਕਰਦੇ ਹਾਂ ਕਿ ਪਰਮੇਸ਼ੁਰ ਦਾ ਵਚਨ ਸਾਨੂੰ ਕੀ ਦੱਸ ਰਿਹਾ ਹੈ। ਉਦਾਹਰਣ ਵਜੋਂ, ਜੇਕਰ ਅਸੀਂ ਬਿਮਾਰ ਹਾਂ, ਤਾਂ ਅਸੀਂ ਆਪਣੇ ਆਪ ਨੂੰ ਚੰਗਾ ਅਤੇ ਸਿਹਤਮੰਦ ਦੇਖਦੇ ਹਾਂ, ਅਸੀਂ ਆਪਣੇ ਆਪ ਨੂੰ ਉਵੇਂ ਦੇਖਦੇ ਹਾਂ ਜਿਵੇਂ ਅਸੀਂ ਹਾਂ ਅਤੇ ਉਹ ਸਭ ਕੁਝ ਕਰ ਰਹੇ ਹਾਂ ਜੋ ਵਚਨ ਸਾਡੇ ਬਾਰੇ ਕਹਿੰਦਾ ਹੈ। ਧਿਆਨ ਦੀ ਪ੍ਰਕਿਰਿਆ ਵਿੱਚ ਕਲਪਨਾ ਕਰਨਾ ਸਾਡੀ ਕਲਪਨਾ ਦੀ ਸ਼ਕਤੀ ਨੂੰ ਸ਼ਾਮਿਲ ਕਰਦਾ ਹੈ।

ਆਮ ਤੌਰ ‘ਤੇ, ਕਲੀਸੀਆ ਨੇ ਕਲਪਨਾ ਕਰਨ ਦੀ ਸਮਰੱਥ ਨੂੰ ਵਰਤਣ ਤੋਂ ਅਣਗੌਲਿਆ ਕੀਤਾ ਹੈ। ਦੂਜੇ ਪਾਸੇ, ਵਚਨ ਮੀਡੀਆ ਇਸ਼ਤਿਹਾਰਾਂ, ਪ੍ਰਿੰਟ ਇਸ਼ਤਿਹਾਰਾਂ ਆਦਿ ਰਾਹੀਂ ਸਾਡੀ ਕਲਪਨਾ ਨੂੰ ਲਗਾਤਾਰ ਪ੍ਰਭਾਵਿਤ ਕਰਦਾ ਹੈ। ਕਲਪਨਾ ਕਰਨਾ ਸਾਡੀ ਸ਼ਖਸੀਅਤ ਦਾ ਇੱਕ ਮਹੱਤਵਪੂਰਨ ਹਿੱਸਾ ਹੈ। ਪਰਮੇਸ਼ੁਰ ਨੇ ਇਸ ਨੂੰ ਬਣਾਇਆ ਅਤੇ ਸਾਨੂੰ ਵਰਤਣ ਦੇ ਲਈ ਦਿੱਤਾ। ਸਾਡੀ ਕਲਪਨਾ ਸਾਡੇ ਵਿਹਾਰ ਅਤੇ ਸਾਡੇ ਦੁਆਰਾ ਲਏ ਗਏ ਫੈਸਲਿਆਂ ਨੂੰ ਪ੍ਰਭਾਵਿਤ ਕਰਦੀ ਹੈ। ਇਹ ਜੀਵਨ ਦੇ ਪ੍ਰਤੀ ਸਾਡੇ ਨਜ਼ਰੀਏ ਨੂੰ ਪ੍ਰਭਾਵਿਤ ਕਰਦੀ ਹੈ ਅਤੇ ਸਾਡੇ ਆਤਮ-ਸਨਮਾਨ ਨੂੰ ਨਿਰਧਾਰਿਤ ਕਰਦੀ ਹੈ। ਬਹੁਤ ਸਾਰੇ ਲੋਕਾਂ ਦਾ ਇੱਕ ਨਕਾਰਾਤਮਕ ਸਵੈ-ਚਿੱਤਰ (ਜਾਂ “ਸਵੈ-ਨਿਰਭਰਤਾ”) ਹੁੰਦਾ ਹੈ ਜੋ ਉਨ੍ਹਾਂ ਨੂੰ ਲੋਕਾਂ ਦੇ ਡਰ, ਅਣਜਾਣ ਦੇ ਡਰ, ਖ਼ਤਰਾ ਉਠਾਉਣ ਦੇ ਡਰ ਜਾਂ ਇੱਕ ਸਵੈ-ਚਿੱਤਰ ਨਾਲ ਬੰਨਦਾ ਹੈ, ਜੋ ਉਨ੍ਹਾਂ ਨੂੰ ਹੀਣਤਾ ਦੀ ਭਾਵਨਾ ਨਾਲ ਭਰ ਦਿੰਦਾ ਹੈ। ਹਾਲਾਂਕਿ, ਜਦੋਂ ਅਸੀਂ ਪਰਮੇਸ਼ੁਰ ਦੇ ਵਚਨ ‘ਤੇ ਧਿਆਨ ਕਰਦੇ ਹਾਂ ਅਤੇ ਕਲਪਨਾ ਕਰਨਾ ਸ਼ੁਰੂ ਕਰਦੇ ਹਾਂ ਜਿਵੇਂ ਪਰਮੇਸ਼ੁਰ ਕਹਿੰਦਾ ਹੈ ਕਿ ਅਸੀਂ ਹਾਂ, ਤਾਂ ਸਾਡਾ ਸਵੈ-ਚਿੱਤਰ ਬਦਲਣਾ ਸ਼ੁਰੂ ਹੋ ਜਾਂਦਾ ਹੈ। ਅਸਲ ਵਿੱਚ, ਨਾ ਸਿਰਫ਼ ਸਾਡਾ ਸਵੈ-ਚਿੱਤਰ ਸਗੋਂ ਜ਼ਿੰਦਗੀ ਅਤੇ ਸਾਡੇ ਆਲੇ-ਦੁਆਲੇ ਦੇ ਹਾਲਾਤਾਂ ਪ੍ਰਤੀ ਸਾਡਾ ਪੂਰਾ ਨਜ਼ਰੀਆ ਬਦਲਣਾ ਸ਼ੁਰੂ ਹੋ ਜਾਂਦਾ ਹੈ।

ਗਿਣਤੀ 13 ਵਿੱਚ ਪੁਰਾਣੇ ਨੇਮ ਦੀ ਇੱਕ ਅਜਿਹੀ ਹੀ ਘਟਨਾ ਹੈ, ਜੋ ਇੱਕ ਚੰਗੀ ਉਦਾਹਰਣ ਵਜੋਂ ਕੰਮ ਕਰਦੀ ਹੈ। ਪਰਮੇਸ਼ੁਰ ਨੇ ਆਪਣੇ ਲੋਕਾਂ ਨੂੰ ਮਿਸਰ ਦੀ ਗ਼ੁਲਾਮੀ ਤੋਂ ਬਾਹਰ ਕੱਢ ਕੇ ਉਨ੍ਹਾਂ ਨੂੰ ਕਨਾਨ ਦੀ ਧਰਤੀ ਮਿਲਖ ਵਜੋਂ ਦੇਣ ਦਾ ਵਾਇਦਾ ਕੀਤਾ ਸੀ। ਵਾਇਦਾ ਕੀਤੇ ਹੋਏ ਦੇਸ਼ ਵਿੱਚ ਦਾਖ਼ਲ ਹੋਣ

ਦੀ ਤਿਆਰੀ ਵਿੱਚ, ਯਹੋਵਾਹ ਨੇ ਮੂਸਾ ਨੂੰ ਹਿਦਾਇਤ ਦਿੱਤੀ ਕਿ ਉਹ ਹਰੇਕ ਗੋਤ ਵਿੱਚੋਂ 12 ਆਦਮੀਆਂ ਨੂੰ ਦੇਸ਼ ਦੀ ਜਾਸੂਸੀ ਕਰਨ ਲਈ ਆਗੂਆਂ ਵਜੋਂ ਭੇਜੇ। ਇਨ੍ਹਾਂ 12 ਆਦਮੀਆਂ ਨੇ 40 ਦਿਨ ਦੇਸ਼ ਦਾ ਸਰਵੇਖਣ ਅਤੇ ਪੜਚੋਲ ਕਰਨ ਵਿੱਚ ਬਿਤਾਏ। ਫਿਰ ਉਹ ਵਾਪਸ ਆਏ ਅਤੇ ਆਪਣੀਆਂ ਖੋਜਾਂ ਦੀ ਰਿਪੋਰਟ ਦਿੱਤੀ। ਉਹ ਸਾਰੇ ਇਸ ਗੱਲ ਨਾਲ ਸਹਿਮਤ ਹੋਏ ਕਿ ਧਰਤੀ ਫਲਦਾਇਕ ਅਤੇ ਖੁਸ਼ਹਾਲ ਸੀ। ਹਾਲਾਂਕਿ, ਉਨ੍ਹਾਂ ਵਿੱਚੋਂ 10 ਧਰਤੀ ਵਿੱਚ ਰਹਿਣ ਵਾਲੇ ਦੈਂਤਾਂ ਤੋਂ ਡਰਦੇ ਸਨ। ਉਨ੍ਹਾਂ ਨੇ ਕਿਹਾ, *"ਪਰ ਉਨ੍ਹਾਂ ਮਨੁੱਖਾਂ ਨੇ ਜਿਹੜੇ ਉਹ ਦੇ ਨਾਲ ਉੱਪਰ ਗਏ ਸਨ ਆਖਿਆ ਭਈ ਅਸੀਂ ਉਨ੍ਹਾਂ ਲੋਕਾਂ ਦੇ ਵਿਰੁੱਧ ਉੱਪਰ ਨਹੀਂ ਜਾ ਸਕਦੇ ਕਿਉਂ ਜੋ ਓਹ ਸਾਥੋਂ ਬਲਵਾਨ ਹਨ। ਓਹ ਇਸਰਾਏਲੀਆਂ ਕੋਲ ਉਸ ਦੇਸ਼ ਦੀ ਬੁਰੀ ਖ਼ਬਰ ਲਿਆਏ ਜਿਹ ਦਾ ਉਨ੍ਹਾਂ ਨੇ ਖੋਜ ਕੱਢਿਆ ਸੀ ਅਤੇ ਆਖਣ ਲੱਗੇ ਕਿ ਜਿਸ ਦੇਸ਼ ਦੇ ਵਿੱਚ ਦੀ ਅਸੀ ਲੰਘੇ ਭਈ ਉਸ ਦਾ ਖੋਜ ਕੱਢੀਏ ਅਜਿਹਾ ਦੇਸ਼ ਹੈ ਜਿਹੜਾ ਆਪਣੇ ਵਾਸੀਆਂ ਨੂੰ ਖਾਂਦਾ ਹੈ ਨਾਲੇ ਸਾਰੇ ਲੋਕ ਜਿਨ੍ਹਾਂ ਨੂੰ ਅਸਾਂ ਉਸ ਵਿੱਚ ਵੇਖਿਆ ਵੱਡੇ-ਵੱਡੇ ਕੱਦਾਂ ਵਾਲੇ ਮਨੁੱਖ ਹਨ ਅਤੇ ਉੱਥੇ ਅਸਾਂ ਨਫੀਲੀਮ ਤੋਂ ਜਿਹੜੀ ਅਨਾਕ ਦੀ ਅੰਸ ਹੈ ਦੈਂਤ ਵੇਖੇ ਅਤੇ ਅਸੀਂ ਆਪਣੀ ਨਿਗਾਹ ਵਿੱਚ ਟਿੱਡਿਆਂ ਵਰਗੇ ਸਾਂ ਅਤੇ ਉਨ੍ਹਾਂ ਦੀ ਨਿਗਾਹ ਵਿੱਚ ਅਸੀਂ ਏਵੇਂ ਹੀ ਸਾਂ!"* (ਗਿਣਤੀ 13:31-33)। ਸਿਰਫ਼ ਦੋ ਆਦਮੀ ਸਕਾਰਾਤਮਕ ਖ਼ਬਰ ਲੈ ਕੇ ਆਏ ਅਤੇ ਕਿਹਾ, *"ਜ਼ਰੂਰ ਅਸੀਂ ਉੱਪਰ ਜਾਈਏ ਅਤੇ ਉਸ ਦੇਸ਼ ਉੱਤੇ ਕਬਜ਼ਾ ਕਰੀਏ ਕਿਉਂ ਜੋ ਅਸੀਂ ਉਹ ਦੇ ਉੱਤੇ ਕਬਜ਼ਾ ਕਰ ਸਕਦੇ ਹਾਂ"* (ਗਿਣਤੀ 13:30ਅ)। ਇਨ੍ਹਾਂ ਸਾਰੇ 12 ਆਦਮੀਆਂ ਨੇ ਦੈਂਤਾਂ ਨੂੰ ਦੇਖਿਆ ਹੋਵੇਗਾ, ਪਰ ਉਨ੍ਹਾਂ ਦੀਆਂ ਪ੍ਰਤੀਕਿਰਿਆਵਾਂ ਵੱਖਰੀਆਂ ਸਨ। ਉਨ੍ਹਾਂ ਵਿੱਚੋਂ ਦੋ ਨੂੰ ਵਿਸ਼ਵਾਸ ਸੀ ਕਿਉਂਕਿ ਉਨ੍ਹਾਂ ਨੂੰ ਯਾਦ ਸੀ ਕਿ ਪਰਮੇਸ਼ੁਰ ਉਨ੍ਹਾਂ ਦੇ ਨਾਲ ਸੀ (ਗਿਣਤੀ 14:6-9)। ਬਾਕੀ 10 ਆਦਮੀਆਂ ਨੇ ਆਪਣੀਆਂ ਨਕਾਰਾਤਮਕ ਕਲਪਨਾਵਾਂ ਨੂੰ ਆਪਣੇ ਆਪ ਉੱਤੇ ਹਾਵੀ ਹੋਣ ਦਿੱਤਾ। ਉਨ੍ਹਾਂ ਨੇ ਆਪਣੇ ਮਨ ਦੀ ਅੱਖ ਵਿੱਚ ਜੋ ਦੇਖਿਆ ਉਸ ਨੇ ਉਨ੍ਹਾਂ ਨੂੰ ਕਮਜ਼ੋਰ ਕਰ ਦਿੱਤਾ। ਉਨ੍ਹਾਂ ਨੇ ਆਪਣੇ ਆਪ ਨੂੰ ਇਨ੍ਹਾਂ ਦੈਂਤਾਂ ਦੇ ਸਾਹਮਣੇ ਛੋਟੇ ਟਿੱਡਿਆਂ ਦੇ ਰੂਪ ਵਿੱਚ ਦਰਸਾਇਆ। ਇਸ ਗੱਲ ਨੇ ਉਨ੍ਹਾਂ ਨੂੰ ਡਰਾਇਆ ਅਤੇ ਉਨ੍ਹਾਂ ਦਾ ਪਰਮੇਸ਼ੁਰ ਵਿੱਚੋਂ ਵਿਸ਼ਵਾਸ ਖੋਹ ਲਿਆ। ਦੁੱਖ ਦੀ ਗੱਲ ਇਹ ਹੈ ਕਿ ਬਹੁਤ ਸਾਰੇ ਮਸੀਹੀ ਇਨ੍ਹਾਂ 10 ਆਦਮੀਆਂ ਵਰਗੀਆਂ ਜ਼ਿੰਦਗੀਆਂ ਦੀਆਂ ਸਥਿਤੀਆਂ ਦਾ ਅਨੁਭਵ ਕਰਦੇ ਹਨ। ਉਹ ਜੋ ਆਪਣੇ ਮਨ ਦੀ ਅੱਖ ਵਿੱਚ ਦੇਖਦੇ ਹਨ—ਉਨ੍ਹਾਂ ਦੀ ਕਲਪਨਾ—ਉਨ੍ਹਾਂ ਨੂੰ ਵਿਸ਼ਵਾਸ ਦੀ ਜ਼ਿੰਦਗੀ ਜੀਉਣ ਅਤੇ ਪ੍ਰਭੂ ਦੀਆਂ ਭਰਪੂਰ ਬਰਕਤਾਂ ਦਾ ਅਨੰਦ ਮਾਣਨ ਤੋਂ ਰੋਕਦੀ ਹੈ। ਪਰ,

ਧਿਆਨ ਕਰਨ ਦੇ ਅਭਿਆਸ ਦੁਆਰਾ, ਅਸੀਂ ਆਪਣੀ ਕਲਪਨਾ ਦੀਆਂ ਕੰਧਾਂ ‘ਤੇ ਤਾਜ਼ੀਆਂ ਤਸਵੀਰਾਂ ਪੇਂਟ ਕਰ ਸਕਦੇ ਹਾਂ।

ਇਹ ਧਿਆਨ ਦੇਣ ਵਾਲੀ ਗੱਲ ਹੈ ਕਿ ਵਚਨ ਵਿੱਚ ਬਹੁਤ ਸਾਰੀਆਂ ਥਾਵਾਂ ‘ਤੇ, ਖਾਸ ਕਰਕੇ ਪੁਰਾਣੇ ਨੇਮ ਵਿੱਚ, ਪਰਮੇਸ਼ੁਰ ਉਸ ਨਾਲ ਨਜਿੱਠਦਾ ਹੈ, ਜੋ ਅਸੀਂ ਦੇਖਦੇ ਹਾਂ। ਉਸ ਨੇ ਆਪਣੇ ਨੇਮ ਦੇ ਲੋਕਾਂ ਨੂੰ ਪੁਰਾਣੇ ਨੇਮ ਵਿੱਚ ਇੱਕ ਬਿਵਸਥਾ ਦਿੱਤੀ, ਇਹ ਕਹਿੰਦੇ ਹੋਏ, *“ਤੁਸੀਂ ਮੇਰੀਆਂ ਇਨ੍ਹਾਂ ਗੱਲਾਂ ਨੂੰ ਆਪਣਿਆਂ ਦਿਲਾਂ ਅਤੇ ਜਾਨਾਂ ਵਿੱਚ ਰੱਖਣਾ ਅਤੇ ਓਹਨਾਂ ਨੂੰ ਤੁਸਾਂ ਨਿਸ਼ਾਨ ਲਈ ਆਪਣੇ ਹੱਥ ਉੱਤੇ ਬੰਨ੍ਹਣਾ ਅਤੇ ਓਹ ਤੁਹਾਡੀਆਂ ਅੱਖਾਂ ਦੇ ਵਿਚਕਾਰ ਤਵੀਤ ਵਾਂਙੁ ਹੋਣ”* (ਬਿਵਸਥਾਸਾਰ 11:18; ਬਿਵਸਥਾਸਾਰ 6:8; ਕੂਚ 13:9,16 ਵੀ ਦੇਖੋ)। ਲੋਕ ਇੱਕ ਵਾਰ ਇਸ ਬਿਵਸਥਾ ਦੀ ਪਾਲਣਾ ਆਪਣੇ ਖੱਬੇ ਹੱਥਾਂ ‘ਤੇ ਵਚਨ ਦੀਆਂ ਆਇਤਾਂ ਬੰਨ੍ਹ ਕੇ ਜਾਂ ਉਨ੍ਹਾਂ ਨੂੰ ਆਪਣੇ ਮੱਥੇ ‘ਤੇ ਪਹਿਨ ਕੇ ਕਰਦੇ ਸਨ। “ਨਿਸ਼ਾਨ” ਸ਼ਬਦ ਦੇ ਅਰਥਾਂ ਵਿੱਚੋਂ ਇੱਕ “ਦਿੱਖ ਉਦਾਹਰਣ” ਹੈ। ਪਰਮੇਸ਼ੁਰ ਚਾਹੁੰਦਾ ਸੀ ਕਿ ਉਸ ਦੇ ਲੋਕਾਂ ਨੂੰ ਉਸ ਦੇ ਵਚਨ ਅਤੇ ਜੋ ਉਸ ਨੇ ਉਨ੍ਹਾਂ ਲਈ ਕੀਤਾ ਸੀ ਉਸ ਦੀ ਇੱਕ ਦ੍ਰਿਸ਼ਟੀਗਤ ਯਾਦ ਦਿਵਾਈ ਜਾਵੇ। ਜੋ ਉਨ੍ਹਾਂ ਨੇ ਦੇਖਿਆ ਉਸ ਨੂੰ ਪਰਮੇਸ਼ੁਰ ਨੇ ਉਨ੍ਹਾਂ ਨੂੰ ਪ੍ਰਭਾਵਿਤ ਕਰਨ ਲਈ ਵਰਤਿਆ, ਕਿਉਂਕਿ ਉਨ੍ਹਾਂ ਨੇ ਜੋ ਦੇਖਿਆ ਉਸ ਨੇ ਉਨ੍ਹਾਂ ਨੂੰ ਯਹੋਵਾਹ ਦੇ ਕੰਮਾਂ ਦੀ ਯਾਦ ਦਿਵਾਈ। ਸਾਡੇ ਕੋਲ ਨਵੇਂ ਨੇਮ ਵਿੱਚ ਇਹ ਅਭਿਆਸ ਨਹੀਂ ਹੈ, ਪਰ ਨਿੱਜੀ ਤੌਰ ‘ਤੇ, ਇਹ ਜਾਪਦਾ ਹੈ ਕਿ ਸਾਨੂੰ ਆਪਣੀਆਂ ਕਲਪਨਾਵਾਂ ਦੀਆਂ ਕੰਧਾਂ ‘ਤੇ ਪਰਮੇਸ਼ੁਰ ਦੇ ਵਚਨ ਦਾ ਚਿੱਤਰ ਬਣਾਉਣਾ ਚਾਹੀਦਾ ਹੈ, ਤਾਂ ਜੋ ਅਸੀਂ ਲਗਾਤਾਰ “ਦੇਖ” ਸਕੀਏ ਅਤੇ ਪਰਮੇਸ਼ੁਰ ਦੇ ਵੱਡੇ ਵਾਇਦਿਆਂ ਨੂੰ ਯਾਦ ਰੱਖ ਸਕੀਏ। ਇਸੇ ਤਰ੍ਹਾਂ, ਪੁਰਾਣੇ ਨੇਮ ਦੇ ਹਵਾਲੇ ਵਿੱਚ, ਯਹੋਵਾਹ ਕਹਿੰਦਾ ਹੈ, *“ਹੇ ਮੇਰੇ ਪੁੱਤ੍ਰ, ਤੂੰ ਮੇਰੀਆਂ ਗੱਲਾਂ ਧਿਆਨ ਨਾਲ ਸੁਣ ਅਤੇ ਮੇਰੇ ਵਾਕਾਂ ਉੱਤੇ ਕੰਨ ਲਾ। ਓਹਨਾਂ ਨੂੰ ਆਪਣੀਆਂ ਅੱਖੀਆਂ ਤੋਂ ਪਰੋਖੇ ਨਾ ਹੋਣ ਦੇ, ਆਪਣੇ ਮਨ ਵਿੱਚ ਓਹਨਾਂ ਨੂੰ ਸਾਂਭ ਕੇ ਰੱਖ”* (ਕਹਾਉਤਾਂ 4:20,21ੳ)। ਇੱਕ ਵਾਰ ਫੇਰ, ਸਾਨੂੰ ਇੱਕ ਸੰਦੇਸ਼ ਮਿਲਦਾ ਹੈ ਜੋ ਵਚਨ ਨੂੰ ਲਗਾਤਾਰ “ਦੇਖਣ” ਦੀ ਮਹੱਤਤਾ ਦਾ ਵਰਣਨ ਕਰਦਾ ਹੈ। ਅਸੀਂ ਵਿਸ਼ਵਾਸ ਕਰਦੇ ਹਾਂ ਕਿ ਇੱਕ ਅਰਥ ਵਿੱਚ, ਇਹ ਉਸ ਨਾਲ ਸੰਬੰਧਿਤ ਹੈ, ਜੋ ਅਸੀਂ ਆਪਣੇ ਮਨਾਂ ਵਿੱਚ ਕਲਪਨਾ ਕਰਦੇ ਹਾਂ, ਤਸਵੀਰ ਬਣਾਉਂਦੇ ਹਾਂ ਅਤੇ ਦੇਖਦੇ ਹਾਂ।

## ਇਕਰਾਰ—ਉਹ ਕਹਿਣਾ ਜੋ ਪਰਮੇਸ਼ੁਰ ਨੇ ਕਿਹਾ ਹੈ

**ਯਹੋਸ਼ੁਆ 1:8**

**ਏਹ ਬਿਵਸਥਾ ਦੀ ਪੋਥੀ ਤੇਰੇ ਮੂੰਹ ਤੋਂ ਕਦੀ ਵੱਖਰੀ ਨਾ ਹੋਵੇ ਸਗੋਂ ਤੂੰ ਦਿਨ ਰਾਤ ਉਸ ਉੱਤੇ ਧਿਆਨ ਰੱਖ ਤਾਂ ਜੋ ਤੂੰ ਉਸ ਸਾਰੇ ਦੇ ਅਨੁਸਾਰ ਜੋ ਉਸ ਵਿੱਚ ਲਿਖਿਆ ਹੈ ਚੱਲੇਂ ਤੇ ਉਸ ਨੂੰ ਪੂਰਾ ਕਰੇਂ ਤਾਂ ਤੂੰ ਆਪਣੇ ਮਾਰਗ ਨੂੰ ਸੁਫਲ ਬਣਾਵੇਂਗਾ ਅਤੇ ਤੇਰਾ ਬੋਲ ਬਾਲਾ ਹੋਵੇਗਾ।**

ਇੱਥੇ ਯਹੋਵਾਹ ਯਹੋਸ਼ੁਆ ਨੂੰ *"ਰਾਤ ਦਿਨ"* ਧਿਆਨ ਕਰਨ ਦਾ ਹੁਕਮ ਦੇ ਰਿਹਾ ਸੀ। ਧਿਆਨ ਦਿਓ ਕਿ ਯਹੋਵਾਹ ਨੇ ਇਹ ਕਹਿ ਕੇ ਸ਼ੁਰੂਆਤ ਕੀਤੀ, *"ਏਹ ਬਿਵਸਥਾ ਦੀ ਪੋਥੀ ਤੇਰੇ ਮੂੰਹ ਤੋਂ ਕਦੀ ਵੱਖਰੀ ਨਾ ਹੋਵੇ।"* ਦੂਜੇ ਸ਼ਬਦਾਂ ਵਿੱਚ, ਯਹੋਵਾਹ ਯਹੋਸ਼ੁਆ ਨੂੰ ਕਹਿ ਰਿਹਾ ਸੀ ਕਿ ਬਿਵਸਥਾ ਦੀ ਪੋਥੀ ਵਿੱਚ ਸ਼ਾਮਿਲ ਸ਼ਬਦ ਉਸ ਦੀ ਬੋਲੀ ਦਾ ਇੱਕ ਨਿਰੰਤਰ ਹਿੱਸਾ ਹੋਣੇ ਚਾਹੀਦੇ ਹਨ। ਇਸ ਲਈ, ਧਿਆਨ ਦੀ ਪ੍ਰਕਿਰਿਆ ਦੇ ਹਿੱਸੇ ਵਜੋਂ, ਸਾਨੂੰ ਪਵਿੱਤਰ ਬਾਈਬਲ ਦੇ ਵਚਨਾਂ ਨੂੰ ਆਪਣੇ ਮੂੰਹ ਵਿੱਚ ਰੱਖਣਾ ਚਾਹੀਦਾ ਹੈ, ਭਾਵ ਕਿ ਸਾਨੂੰ ਪਵਿੱਤਰ ਬਾਈਬਲ ਦੇ ਵਚਨਾਂ ਨੂੰ ਬੋਲਣਾ/ਦੁਹਰਾਉਣਾ/ਪੜ੍ਹਨਾ ਚਾਹੀਦਾ ਹੈ। ਜਿਵੇਂ ਕਿ ਪਹਿਲਾਂ ਦੱਸਿਆ ਗਿਆ ਹੈ, ਇਹ ਇਬਰਾਨੀ ਲੋਕਾਂ ਦਾ ਇੱਕ ਅਭਿਆਸ ਸੀ। ਧਿਆਨ ਜਾਂ ਮਨਨ ਦੇ ਦੌਰਾਨ, ਉਹ ਬਾਹਰੀ ਭਟਕਾਉਣ ਵਾਲੀਆਂ ਗੱਲਾਂ ਤੋਂ ਅਣਜਾਣ, ਝੁਕਦੇ ਹੋਏ ਜਾਂ ਅੱਗੇ-ਪਿੱਛੇ ਹਿੱਲਦੇ ਹੋਏ, ਧੀਮੀ, ਸ਼ਾਂਤ ਅਵਾਜ਼ ਵਿੱਚ ਵਚਨਾਂ ਨੂੰ ਚੁੱਪ-ਚਾਪ ਗੁਣਗੁਣਾਉਂਦੇ ਸਨ।

ਨਵੇਂ ਨੇਮ ਵਿੱਚ, ਸਾਡੀ *"ਇਕਰਾਰ ਕਰਨਾ"* ਅਤੇ *"ਇਕਰਾਰ"* ਸ਼ਬਦਾਂ ਨਾਲ ਜਾਣ-ਪਛਾਣ ਕਰਾਈ ਗਈ ਹੈ। ਇਹ ਮਸੀਹੀ ਵਿਸ਼ਵਾਸ ਦੇ ਮਹੱਤਵਪੂਰਨ ਸ਼ਬਦ ਹਨ। ਮੁਕਤੀ ਉਦੋਂ ਮਹੱਤਵਪੂਰਨ ਬਣ ਜਾਂਦੀ ਹੈ ਜਦੋਂ ਅਸੀਂ ਆਪਣੇ ਮੂੰਹ ਨਾਲ ਪ੍ਰਭੂ ਯਿਸੂ ਨੂੰ ਕਬੂਲ ਕਰਦੇ ਹਾਂ ਅਤੇ ਆਪਣੇ ਦਿਲਾਂ ਵਿੱਚ ਵਿਸ਼ਵਾਸ ਕਰਦੇ ਹਾਂ ਕਿ ਪਰਮੇਸ਼ੁਰ ਨੇ ਉਸ ਨੂੰ ਮੁਰਦਿਆਂ ਵਿੱਚੋਂ ਜਿਵਾਲਿਆ ਹੈ (ਰੋਮੀਆਂ 10:9)। ਇਸ ਤੋਂ ਇਲਾਵਾ, ਨਵਾਂ ਨੇਮ ਸਾਨੂੰ ਆਪਣੇ ਪਾਪਾਂ ਦਾ ਇਕਰਾਰ ਕਰਨ (1 ਯੂਹੰਨਾ 1:9) ਅਤੇ ਆਪਣੀ ਨਿਹਚਾ ਦਾ ਇਕਰਾਰ ਕਰਨ ਬਾਰੇ ਸਿਖਾਉਂਦਾ ਹੈ (ਇਬਰਾਨੀਆਂ 3:1)। "ਇਕਰਾਰ ਕਰਨਾ" ਜਾਂ "ਅੰਗੀਕਾਰ" ਅਨੁਵਾਦ ਕੀਤੇ ਗਏ ਦੋ ਯੂਨਾਨੀ ਸ਼ਬਦਾਂ ਵਿੱਚੋਂ, *'ਹੋਮੋਲੋਜੀਓ'* ਸ਼ਬਦ ਆਮ ਤੌਰ 'ਤੇ ਵਰਤਿਆ ਜਾਂਦਾ ਹੈ ਅਤੇ ਸ਼ਾਬਦਿਕ ਅਰਥ ਹੈ "ਇੱਕੋ ਗੱਲ ਕਹਿਣਾ, ਸਹਿਮਤ ਹੋਣਾ।" ਅਸੀਂ ਧਿਆਨ ਦੇ ਇਸ ਤੀਜੇ ਪਹਿਲੂ ਦਾ ਵਰਣਨ ਕਰਨ ਦੇ ਲਈ "ਇਕਰਾਰ" ਸ਼ਬਦ ਦੀ ਵਰਤੋਂ ਕੀਤੀ ਹੈ ਕਿਉਂਕਿ ਜਦੋਂ ਪਰਮੇਸ਼ੁਰ ਸਾਨੂੰ

ਆਪਣੇ ਵਚਨ ਨੂੰ ਦੁਹਰਾਉਣ/ਕਹਿਣ/ਯਾਦ ਕਰਨ ਦਾ ਹੁਕਮ ਦਿੰਦਾ ਹੈ, ਤਾਂ ਉਹ ਅਸਲ ਵਿੱਚ ਸਾਨੂੰ ਆਪਣੇ ਵਚਨ ਨੂੰ "ਇਕਰਾਰ" ਕਰਨ ਦਾ ਹੁਕਮ ਦੇ ਰਿਹਾ ਹੁੰਦਾ ਹੈ। ਉਹ ਸਾਨੂੰ ਕਹਿ ਰਿਹਾ ਹੈ ਕਿ "ਉਹੀ ਗੱਲ ਬੋਲੋ," ਅਤੇ ਕਰੋ ਜੋ ਉਸ ਦਾ ਵਚਨ ਕਹਿੰਦਾ ਹੈ ਅਤੇ ਆਪਣੇ ਸ਼ਬਦਾਂ ਨੂੰ ਉਸ ਦੇ ਵਚਨ ਨਾਲ "ਸਹਿਮਤ" ਬਣਾਓ।

ਉਦਾਹਰਣ ਦੇ ਲਈ, ਮੰਨ ਲਓ ਕਿ ਅਸੀਂ ਪਰਮੇਸ਼ੁਰ ਦੇ ਵਚਨ 'ਤੇ ਧਿਆਨ ਕਰ ਰਹੇ ਹਾਂ, ਖਾਸ ਕਰਕੇ ਯਸਾਯਾਹ 53:4 ਅਤੇ ਮੱਤੀ 8:17 ਵਿੱਚ ਦਿੱਤੇ ਵਚਨਾਂ 'ਤੇ। ਇਹ ਆਇਤਾਂ ਦੱਸਦੀਆਂ ਹਨ ਕਿ ਕਿਵੇਂ ਮਸੀਹ ਨੇ ਸਲੀਬ 'ਤੇ ਆਪਣੇ ਇਸ ਕੰਮ ਦੁਆਰਾ ਸਾਨੂੰ ਚੰਗਿਆਈ ਦਿੱਤੀ। ਅਸੀਂ ਇਨ੍ਹਾਂ ਆਇਤਾਂ 'ਤੇ **ਧਿਆਨ** ਕਰਦੇ ਹਾਂ, ਉਨ੍ਹਾਂ ਦਾ ਕੀ ਅਰਥ ਹੈ ਅਤੇ ਉਹ ਸਾਡੇ 'ਤੇ ਕਿਵੇਂ ਲਾਗੂ ਹੁੰਦੀਆਂ ਹਨ। ਅਸੀਂ **ਕਲਪਨਾ** ਕਰਦੇ ਹਾਂ ਕਿ ਇਹ ਆਇਤਾਂ ਸਾਡੇ ਜੀਵਨ ਵਿੱਚ ਸੱਚ ਸਾਬਤ ਹੋ ਰਹੀਆਂ ਹਨ। ਅਸੀਂ ਕਲਪਨਾ ਕਰਦੇ ਹਾਂ ਅਤੇ ਆਪਣੇ ਆਪ ਨੂੰ ਬਿਮਾਰੀ ਤੋਂ ਆਜ਼ਾਦ, ਸਾਰੇ ਦਰਦ ਤੋਂ ਚੰਗਾ ਹੋਏ ਅਤੇ ਪੂਰੀ ਤਰ੍ਹਾਂ ਸਿਹਤਮੰਦ ਪਾਉਂਦੇ ਹਾਂ। ਸਾਡੇ ਧਿਆਨ ਦੇ ਹਿੱਸੇ ਵਜੋਂ, ਅਸੀਂ ਇਨ੍ਹਾਂ ਆਇਤਾਂ ਨੂੰ ਕਬੂਲ ਕਰਦੇ ਹਾਂ। ਅਸੀਂ ਇੱਕ ਧੀਮੀ ਪਰ ਸੁਣਨਯੋਗ **ਅਵਾਜ਼** ਵਿੱਚ ਕਹਿੰਦੇ ਹਾਂ, *"ਸੱਚ-ਮੁੱਚ ਉਹ ਨੇ ਸਾਡੇ ਗ਼ਮ ਚੁੱਕ ਲਏ ਅਤੇ ਸਾਡੇ ਦੁੱਖ ਉਠਾਏ, ਪਰ ਅਸਾਂ ਉਸ ਨੂੰ ਮਾਰਿਆ ਹੋਇਆ, ਪਰਮੇਸ਼ੁਰ ਦਾ ਕੁੱਟਿਆ ਹੋਇਆ ਅਤੇ ਭੰਨਿਆ ਹੋਇਆ ਸਮਝਿਆ"* (ਯਸਾਯਾਹ 53:4)। ਅਸੀਂ ਇਨ੍ਹਾਂ ਸ਼ਬਦਾਂ ਨੂੰ ਕਈ ਵਾਰ ਦੁਹਰਾਉਂਦੇ ਹਾਂ ਜਾਂ ਅਸੀਂ ਆਪਣੇ ਆਪ ਨਾਲ ਗੱਲ ਕਰਦੇ ਹਾਂ ਕਿ ਇਨ੍ਹਾਂ ਵਚਨਾਂ ਦਾ ਕੀ ਅਰਥ ਹੈ। ਧਿਆਨ ਦੇ ਆਪਣੇ ਸਮੇਂ ਵਿੱਚ, ਕਈ ਵਾਰ ਮੈਂ ਆਪਣੇ ਆਪ ਨੂੰ ਵਚਨ ਦਾ ਪ੍ਰਚਾਰ ਕਰਦਾ ਹਾਂ। ਮੈਂ ਪ੍ਰਾਰਥਨਾ ਵਿੱਚ ਪਰਮੇਸ਼ੁਰ ਅੱਗੇ ਵਚਨਾਂ ਦਾ ਇਕਰਾਰ ਕਰਦਾ ਹਾਂ। ਉਦਾਹਰਣ ਵਜੋਂ, ਜਦੋਂ ਅਸੀਂ ਇਨ੍ਹਾਂ ਵਚਨਾਂ 'ਤੇ ਧਿਆਨ ਕਰਦੇ ਹਾਂ, ਤਾਂ ਅਸੀਂ ਪ੍ਰਾਰਥਨਾ ਕਰਦੇ ਹਾਂ ਅਤੇ ਕਹਿੰਦੇ ਹਾਂ, *"ਪਿਤਾ, ਮੈਂ ਤੁਹਾਡੇ ਵਚਨ ਦੇ ਲਈ ਤੁਹਾਡਾ ਧੰਨਵਾਦ ਕਰਦਾ ਹਾਂ। ਧੰਨਵਾਦ ਪਿਤਾ ਕਿ ਇਨ੍ਹਾਂ ਵਚਨਾਂ ਦੇ ਅਨੁਸਾਰ, ਯਿਸੂ ਨੇ ਮੇਰੀਆਂ ਕਮਜ਼ੋਰੀਆਂ ਨੂੰ ਚੁੱਕਿਆ ਅਤੇ ਮੇਰੇ ਦੁੱਖਾਂ ਨੂੰ ਚੁੱਕਿਆ। ਉਸ ਨੇ ਮੇਰੀਆਂ ਸਾਰੀਆਂ ਕਮਜ਼ੋਰੀਆਂ ਨੂੰ ਚੁੱਕਿਆ ਅਤੇ ਮੇਰੀਆਂ ਬਿਮਾਰੀਆਂ ਨੂੰ ਚੁੱਕਿਆ। ਧੰਨਵਾਦ ਪਿਤਾ ਕਿ ਮੈਨੂੰ ਹੁਣ ਆਪਣੇ ਸਰੀਰ ਵਿੱਚ ਰੋਗ ਅਤੇ ਬਿਮਾਰੀ ਸਹਿਣ ਦੀ ਲੋੜ ਨਹੀਂ ਹੈ।"*

ਇਸ ਤਰੀਕੇ ਨਾਲ ਪਰਮੇਸ਼ੁਰ ਦੇ ਵਚਨ ਦਾ ਇਕਰਾਰ ਕਰਨਾ ਸਾਡੇ ਜੀਵਨ ਵਿੱਚ ਵੱਡਾ ਪ੍ਰਭਾਵ ਪਾਉਂਦਾ ਹੈ। ਇਸ ਤਰੀਕੇ ਨਾਲ ਵਚਨ ਨੂੰ ਅਪਣਾਉਣ ਨਾਲ ਸਾਡੇ ਜੀਵਨ ਉੱਤੇ ਡੂੰਘਾ ਪ੍ਰਭਾਵ ਪੈਂਦਾ ਹੈ। ਇਹ ਵਿਸ਼ਵਾਸ ਪਰਮੇਸ਼ੁਰ ਦੇ ਵਚਨ ਨੂੰ ਸਾਡੇ ਅੰਦਰ ਮਜ਼ਬੂਤ ਬਣਾਉਂਦਾ ਹੈ। ਸਾਡਾ ਵਿਸ਼ਵਾਸ ਵੱਧਦਾ ਹੈ ਕਿਉਂਕਿ ਵਿਸ਼ਵਾਸ ਪਰਮੇਸ਼ੁਰ ਦੇ ਵਚਨ ਨੂੰ ਸੁਣਨ ਨਾਲ ਆਉਂਦਾ ਹੈ (ਰੋਮੀਆਂ 10:17)। ਜਦੋਂ ਅਸੀਂ ਇਸ ਤਰੀਕੇ ਨਾਲ ਵਚਨ ਦਾ ਇਕਰਾਰ ਕਰਦੇ ਹਾਂ, ਤਾਂ ਅਸੀਂ ਅਸਲ ਵਿੱਚ ਵਚਨ ਨੂੰ ਸੁਣ ਰਹੇ ਹੁੰਦੇ ਹਾਂ। ਵਚਨ ਨੂੰ ਅਪਣਾਉਣ ਦਾ ਨਿਰੰਤਰ ਅਭਿਆਸ, ਸਾਡੇ ਬੋਲਣ ਦੇ ਤਰੀਕੇ ਨੂੰ ਜ਼ਰੂਰ ਬਦਲ ਦੇਵੇਗਾ। ਅਸਲ ਵਿੱਚ, ਜਦੋਂ ਪ੍ਰਭੂ ਸਾਨੂੰ ਆਪਣੇ ਵਚਨ ਨੂੰ ਲਗਾਤਾਰ ਆਪਣੇ ਮੂੰਹ ਵਿੱਚ ਰੱਖਣ ਦੀ ਹਿਦਾਇਤ ਦਿੰਦਾ ਹੈ, ਤਾਂ ਇਸ ਦਾ ਮਤਲਬ ਇਹ ਹੈ ਕਿ ਕੋਈ ਵੀ ਚੀਜ਼ ਜੋ ਉਸ ਦੇ ਵਚਨ ਦੇ ਉਲਟ ਹੈ, ਸਾਡੀ ਗੱਲਬਾਤ ਦਾ ਹਿੱਸਾ ਨਹੀਂ ਹੋਣੀ ਚਾਹੀਦੀ।

## ਪਰਮੇਸ਼ੁਰ ਦੇ ਵਚਨ ਉੱਤੇ ਧਿਆਨ ਲਗਾਉਣ ਦੇ ਦੁਆਰਾ ਉਸ ਨਾਲ ਮੁਲਾਕਾਤ ਅਤੇ ਗੱਲਬਾਤ ਕਰਨਾ

**ਜ਼ਬੂਰਾਂ 63:1-6**

**1 ਹੇ ਪਰਮੇਸ਼ੁਰ, ਤੂੰ ਮੇਰਾ ਪਰਮੇਸ਼ੁਰ ਹੈਂ, ਮੈਂ ਦਿਲ ਤੋਂ ਤੈਨੂੰ ਭਾਲਦਾ ਹਾਂ, ਮੇਰੀ ਜਾਨ ਤੇਰੀ ਤਿਹਾਈ ਹੈ, ਮੇਰਾ ਸਰੀਰ ਤੇਰੇ ਲਈ ਤਰਸਦਾ ਹੈ, ਸੁੱਕੀ ਅਤੇ ਬੰਜਰ ਧਰਤੀ ਵਿੱਚ ਜਿੱਥੇ ਪਾਣੀ ਨਹੀਂ ਹੈ।**

**2 ਤਾਂ ਮੈਂ ਪਵਿੱਤਰ ਅਸਥਾਨ ਵਿੱਚ ਤੇਰਾ ਦਰਸ਼ਣ ਪਾਇਆ, ਭਈ ਮੈਂ ਤੇਰਾ ਬਲ ਅਤੇ ਤੇਰੀ ਮਹਿਮਾ ਵੇਖਾਂ।**

**3 ਏਸ ਲਈ ਕਿ ਤੇਰੀ ਦਯਾ ਜੀਵਨ ਨਾਲੋਂ ਵੀ ਚੰਗੀ ਹੈ, ਮੇਰੇ ਬੁੱਲ੍ਹ ਤੇਰੀ ਉਸਤਤ ਕਰਨਗੇ।**

**4 ਸੋ ਆਪਣੇ ਜੀਵਨ ਵਿੱਚ ਮੈਂ ਤੈਨੂੰ ਮੁਬਾਰਕ ਆਖਾਂਗਾ, ਮੈਂ ਤੇਰਾ ਨਾਮ ਲੈ ਕੇ ਆਪਣੇ ਹੱਥ ਪਸਾਰਾਂਗਾ।**

**5 ਜਿਵੇਂ ਚਰਬੀ ਤੇ ਥਿੰਧਿਆਈ ਨਾਲ ਮੇਰਾ ਜੀ ਤ੍ਰਿਪਤ ਹੋਵੇਗਾ ਅਤੇ ਜੈਕਾਰਿਆਂ ਦੇ ਬੁੱਲ੍ਹਾਂ ਨਾਲ ਮੇਰਾ ਮੂੰਹ ਤੇਰੀ ਉਸਤਤ ਕਰੇਗਾ।**

**6 ਜਿਸ ਵੇਲੇ ਮੈਂ ਆਪਣੇ ਵਿਛਾਉਣੇ ਉੱਤੇ ਤੈਨੂੰ ਯਾਦ ਕਰਦਾ ਹਾਂ ਅਤੇ ਰਾਤ ਦੇ ਪਹਿਰਾਂ ਵਿੱਚ ਤੇਰਾ ਧਿਆਨ ਕਰਦਾ ਹਾਂ।**

ਵਚਨ 'ਤੇ ਅਧਾਰਿਤ ਧਿਆਨ ਪ੍ਰਭੂ ਨਾਲ ਨੇੜਤਾ ਦਾ ਸਮਾਂ ਹੁੰਦਾ ਹੈ। ਜ਼ਬੂਰਾਂ ਦਾ ਲੇਖਕ, ਉੱਤੇ ਦਿੱਤੇ ਹਵਾਲੇ ਵਿੱਚ, ਪਰਮੇਸ਼ੁਰ ਦੇ ਲਈ ਆਪਣੀ ਤੀਬਰ ਇੱਛਾ ਨੂੰ ਪ੍ਰਗਟ ਕਰਦਾ ਹੈ। ਪਰਮੇਸ਼ੁਰ ਦੇ ਲਈ ਉਸ ਦੀ ਇੱਛਾ ਨੇ ਉਸ ਨੂੰ ਪਵਿੱਤਰ ਅਸਥਾਨ ਵਿੱਚ ਪਰਮੇਸ਼ੁਰ ਦੀ ਭਾਲ ਕਰਨ ਅਤੇ ਹੱਥਾਂ

ਅਤੇ ਖੁਸ਼ੀ ਭਰੇ ਬੁੱਲ੍ਹਾਂ ਨਾਲ ਉਸ ਦੀ ਉਸਤਤ ਕਰਨ ਲਈ ਪ੍ਰੇਰਿਤ ਕੀਤਾ। ਇਸ ਨੇ ਉਸ ਨੂੰ ਰਾਤ ਦੇ ਪਹਿਰਾਂ ਵਿੱਚ ਪ੍ਰਭੂ ਦਾ ਧਿਆਨ ਕਰਨ ਲਈ ਪ੍ਰੇਰਿਤ ਕੀਤਾ। ਇਸੇ ਤਰ੍ਹਾਂ, ਪਰਮੇਸ਼ੁਰ ਨਾਲ ਨੇੜਤਾ ਲਈ ਸਾਡੇ ਦਿਲਾਂ ਦੀ ਇੱਛਾ ਦੇ ਕਾਰਨ, ਅਸੀਂ ਆਪਣੇ ਵਿਚਾਰਾਂ ਨੂੰ ਅਤੇ ਆਪਣੀਆਂ ਗੱਲਾਂ ਬਾਤਾਂ ਨੂੰ ਪੂਰੀ ਤਰ੍ਹਾਂ ਪ੍ਰਭੂ 'ਤੇ ਕੇਂਦ੍ਰਿਤ ਕਰਦੇ ਹਾਂ। ਜਦੋਂ ਅਸੀਂ ਪਰਮੇਸ਼ੁਰ 'ਤੇ ਡੂੰਘਾਈ ਨਾਲ ਧਿਆਨ ਲਗਾਉਂਦੇ ਹਾਂ, ਤਾਂ ਅਸੀਂ ਹੁਣ ਸਿਰਫ਼ ਆਪਣੀ ਬੁੱਧੀ ਨਾਲ ਵਚਨ ਦਾ ਵਿਸ਼ਲੇਸ਼ਣ ਨਹੀਂ ਕਰਦੇ, ਸਗੋਂ ਅਸੀਂ ਪਰਮੇਸ਼ੁਰ ਨਾਲ ਡੂੰਘੀ ਸੰਗਤ ਦੇ ਸਮੇਂ ਵਿੱਚ ਚਲੇ ਜਾਂਦੇ ਹਾਂ। ਇਹ ਉਹ ਵਚਨ ਬਣ ਜਾਂਦਾ ਹੈ, ਜੋ ਪਰਮੇਸ਼ੁਰ ਸਾਡੇ ਨਾਲ ਵਰਤਮਾਨ ਪਲ ਵਿੱਚ ਬੋਲਦਾ ਹੈ। ਉਸ ਦੀ *"ਇੱਕ ਹੌਲੀ ਅਤੇ ਨਿੰਮ੍ਹੀ ਅਵਾਜ਼ ਆਈ"* (1 ਰਾਜਿਆਂ 19:12) ਉਹ ਉਸ ਪਲ ਦੀ ਚੁੱਪ ਵਿੱਚ ਉੱਚੀ ਅਤੇ ਸਪੱਸ਼ਟ ਹੋ ਜਾਂਦੀ ਹੈ। ਪਰਮੇਸ਼ੁਰ ਦੀ ਹਜ਼ੂਰੀ, ਇਹ ਸਾਨੂੰ ਹਾਵੀ ਕਰ ਦਿੰਦੀ ਹੈ। ਇਹ ਇੱਕ ਅਜਿਹਾ ਸਮਾਂ ਬਣ ਜਾਂਦਾ ਹੈ, ਜਦੋਂ ਪ੍ਰਭੂ ਸਾਡੇ ਅੰਦਰ ਇੱਕ ਡੂੰਘਾ ਕੰਮ ਕਰਦਾ ਹੈ ਅਤੇ ਆਪਣੀ ਊਰਜਾ ਅਤੇ ਸ਼ਕਤੀਸ਼ਾਲੀ ਸ਼ਬਦਾਂ ਦੇ ਰਾਹੀਂ ਸਾਡੇ ਅੰਦਰੂਨੀ ਸਰੂਪ ਨੂੰ ਬਦਲਣਾ ਸ਼ੁਰੂ ਕਰ ਦਿੰਦਾ ਹੈ। ਇਸ ਸਮੇਂ ਦੇ ਦੌਰਾਨ, ਪ੍ਰਭੂ ਸਾਡੇ ਦਿਲਾਂ ਵਿੱਚ ਜੋ ਬੋਲਦਾ ਅਤੇ ਕਰਦਾ ਹੈ ਅਸੀਂ ਉਸ ਦਾ ਜਵਾਬ ਦੇ ਸਕਦੇ ਹਾਂ। ਅਸੀਂ ਪ੍ਰਭੂ ਨੂੰ ਉਸ ਦੇ ਵਚਨ ਦੇ ਆਧਾਰ 'ਤੇ ਪਸ਼ਚਾਤਾਪ, ਵਿਸ਼ਵਾਸ, ਖੁਸ਼ੀ, ਉਸਤਤ ਅਤੇ ਧੰਨਵਾਦ ਪ੍ਰਗਟ ਕਰ ਸਕਦੇ ਹਾਂ। ਦਿਲੋਂ ਪ੍ਰਾਰਥਨਾਵਾਂ, ਫੁਸਫੁਸਾਈਆਂ ਗਈਆਂ ਗੱਲਾਂ ਜਾਂ ਗੰਭੀਰ ਇਕਰਾਰ ਦੇ ਦੁਆਰਾ, ਅਸੀਂ ਆਪਣੇ ਵਿਚਾਰਾਂ, ਭਾਵਨਾਵਾਂ, ਇੱਛਾਵਾਂ ਅਤੇ ਪ੍ਰਭੂ ਪ੍ਰਤੀ ਅਯੋਗਤਾ ਨੂੰ ਛੱਡ ਦਿੰਦੇ ਹਾਂ। ਸਚਿਆਈ ਦਾ ਪਰਕਾਸ਼ ਸਾਡੇ ਅੰਦਰ ਭਰਨਾ ਸ਼ੁਰੂ ਹੋ ਜਾਂਦਾ ਹੈ। ਸਾਡੀਆਂ ਆਤਮਿਕ ਅੱਖਾਂ ਪਰਮੇਸ਼ੁਰ ਦੇ ਰਾਜ ਦੇ ਭੇਤਾਂ ਨੂੰ ਵੇਖਣ ਅਤੇ ਸਮਝਣ ਦੇ ਲਈ ਖੁੱਲ੍ਹ ਜਾਂਦੀਆਂ ਹਨ। ਸਚਿਆਈ ਮਜ਼ਬੂਤ ਹੋ ਜਾਂਦੀ ਹੈ ਅਤੇ ਸਾਡੇ ਅੰਦਰੂਨੀ ਸਰੂਪ ਵਿੱਚ ਇਕੱਠੀ ਹੋ ਜਾਂਦੀ ਹੈ। ਸਾਡੇ ਦਿਲਾਂ ਦੇ ਝੂਠ, ਧੋਖੇ ਅਤੇ ਸਾਡੇ ਮਨਾਂ ਦੇ ਕਿਲ੍ਹੇ ਢਾਹ ਦਿੱਤੇ ਜਾਂਦੇ ਹਨ। ਜਦੋਂ ਅਸੀਂ ਪਰਮੇਸ਼ੁਰ ਦੇ ਪਵਿੱਤਰ ਵਚਨ ਉੱਤੇ ਧਿਆਨ ਕਰਦੇ ਹਾਂ, ਇਹ ਪ੍ਰਭੂ ਨਾਲ ਨਿੱਜੀ, ਨਜ਼ਦੀਕੀ ਮੁਲਾਕਾਤ ਅਤੇ ਮਿੱਠੀ ਸੰਗਤੀ ਦਾ ਸਮਾਂ ਹੁੰਦਾ ਹੈ।

## ਧਿਆਨ ਦੇ ਨਤੀਜ਼ੇ

**2 ਕੁਰਿੰਥੀਆਂ 10:3-5**

**3 ਅਸੀਂ ਭਾਵੇਂ ਸਰੀਰ ਵਿੱਚ ਚੱਲਦੇ ਹਾਂ ਪਰ ਸਰੀਰ ਦੇ ਅਨੁਸਾਰ ਯੁੱਧ ਨਹੀਂ ਕਰਦੇ।**

**4 ਇਸ ਲਈ ਜੋ ਸਾਡੇ ਯੁੱਧ ਦੇ ਸ਼ਸਤਰ ਸਰੀਰਕ ਨਹੀਂ ਸਗੋਂ ਪਰਮੇਸ਼ੁਰ ਦੇ ਭਾਣੇ ਕਿਲ੍ਹਿਆਂ ਦੇ ਢਾਹ ਦੇਣ ਲਈ ਡਾਢੇ ਤਕੜੇ ਹਨ।**
**5 ਸੋ ਅਸੀਂ ਵਹਿਮਾਂ ਨੂੰ ਅਤੇ ਹਰ ਇੱਕ ਉੱਚੀ ਗੱਲ ਨੂੰ ਜਿਹੜੀ ਪਰਮੇਸ਼ੁਰ ਦੇ ਗਿਆਨ ਦੇ ਵਿਰੁੱਧ ਸਿਰ ਚੁੱਕਦੀ ਹੈ, ਢਾਹ ਦਿੰਦੇ ਹਾਂ ਅਤੇ ਹਰ ਇੱਕ ਖਿਆਲ ਨੂੰ ਬੰਧਨ ਵਿੱਚ ਲਿਆਉਂਦੇ ਹਾਂ ਭਈ ਉਹ ਮਸੀਹ ਦਾ ਆਗਿਆਕਾਰ ਹੋਵੇ।**

ਉੱਤੇ ਦਿੱਤੀਆਂ ਆਇਤਾਂ ਵਿੱਚ ਕਈ ਚੁਣੌਤੀਆਂ ਦਰਸਾਈਆਂ ਗਈਆਂ ਹਨ ਜਿਨ੍ਹਾਂ ਨਾਲ ਵਿਸ਼ਵਾਸੀ ਲੜਦੇ ਹਨ। ਇਨ੍ਹਾਂ ਵਿੱਚ *"ਗੜ੍ਹ", "ਝਗੜੇ", "ਹਰ ਉੱਚੀ ਗੱਲ ਜੋ ਪਰਮੇਸ਼ੁਰ ਦੀ ਪਹਿਚਾਣ ਦੇ ਵਿਰੋਧ ਵਿੱਚ ਉੱਠਦੀ ਹੈ" ਅਤੇ ਹਰ ਇੱਕ "ਵਿਚਾਰ"* ਹੈ। ਇਹ ਸਭ ਵਿਸ਼ਵਾਸੀ ਦੇ ਮਨ ਨਾਲ ਸੰਬੰਧਿਤ ਹੈ। ਮਨ ਇੱਕ ਜੰਗ ਦਾ ਮੈਦਾਨ ਹੈ ਅਤੇ ਪਰਮੇਸ਼ੁਰ ਨੇ ਸਾਨੂੰ ਸਫਲ ਲੜਾਈਆਂ ਲੜਨ ਦੇ ਲਈ ਹਥਿਆਰ ਦਿੱਤੇ ਹਨ, ਤਾਂ ਜੋ ਅਸੀਂ ਸੰਘਰਸ਼ ਦੇ ਇਨ੍ਹਾਂ ਸਾਰੇ ਖੇਤਰਾਂ ਵਿੱਚ ਜਿੱਤ ਦਾ ਅਨੁਭਵ ਕਰ ਸਕੀਏ। ਪਰ ਸਮੱਸਿਆ ਇਹ ਹੈ ਕਿ ਬਹੁਤ ਸਾਰੇ ਲੋਕ ਜੋ ਵਿਸ਼ਵਾਸੀ ਬਣ ਜਾਂਦੇ ਹਨ, ਉਹ ਅਜੇ ਵੀ ਗੜ੍ਹਾਂ, ਕਲਪਨਾਵਾਂ, ਤਰਕ ਅਤੇ ਵਿਚਾਰਾਂ ਨੂੰ ਫੜੀ ਰੱਖਦੇ ਹਨ, ਜੋ ਪਰਮੇਸ਼ੁਰ ਦੇ ਗਿਆਨ ਦੇ ਉਲਟ ਹਨ (ਜਿਵੇਂ ਕਿ ਪਰਮੇਸ਼ੁਰ ਦੇ ਲਿਖਤੀ ਵਚਨ ਵਿੱਚ ਸਾਨੂੰ ਪ੍ਰਗਟ ਕੀਤਾ ਗਿਆ ਹੈ)। ਨਤੀਜ਼ੇ ਵਜੋਂ, ਬਹੁਤ ਸਾਰੇ ਲੋਕ ਆਪਣੇ ਜੀਵਨ ਦੇ ਕਈ ਖੇਤਰਾਂ ਵਿੱਚ ਹਾਰ ਜਾਂਦੇ ਹਨ ਅਤੇ ਗੁਲਾਮੀ ਵਿੱਚ ਰਹਿੰਦੇ ਹਨ।

ਵਚਨ ਉੱਤੇ ਧਿਆਨ ਕਰਨਾ, ਭਾਵੇਂ ਕਿ ਹਰ ਸਮੱਸਿਆ ਦਾ ਹੱਲ ਨਹੀਂ ਹੈ, ਫਿਰ ਵੀ ਮਨ ਦੀਆਂ ਇਨ੍ਹਾਂ ਚੁਣੌਤੀਆਂ ਨਾਲ ਨਜਿੱਠਣ ਵਿੱਚ ਸਾਡੀ ਮਦਦ ਕਰਨ ਵਾਲਾ ਇੱਕ ਮਹੱਤਵਪੂਰਨ ਅਨੁਸ਼ਾਸਨ ਹੈ। ਵਚਨ  ਅਨੁਸ਼ਾਸਿਤ ਧਿਆਨ ਦੇ ਅਭਿਆਸ ਦੁਆਰਾ ਕਿਲ੍ਹਿਆਂ ਨੂੰ ਢਾਹਿਆ ਜਾ ਸਕਦਾ ਹੈ। ਜੋ ਵਿਅਕਤੀ ਪਰਮੇਸ਼ੁਰ ਦੇ ਵਚਨ ਉੱਤੇ ਧਿਆਨ ਕਰਦਾ ਹੈ, ਉਸ ਨੂੰ ਕਲਪਨਾਵਾਂ, ਤਰਕ ਅਤੇ ਵਿਚਾਰਾਂ ਨੂੰ ਕਾਬੂ ਕਰਕੇ ਪਰਮੇਸ਼ੁਰ ਦੀ ਬੁੱਧ (ਪਰਮੇਸ਼ੁਰ ਦੇ ਵਚਨ) ਦੇ ਅਧੀਨ ਕਰਨਾ ਅਸਾਨ ਲੱਗਦਾ ਹੈ।

ਲਗਾਤਾਰ ਵਚਨ ਦਾ ਧਿਆਨ ਕਰਨ ਨਾਲ ਇੱਕ ਨਵਾਂ ਮਨ, ਨਵਾਂ ਬੋਲਚਾਲ ਅਤੇ ਨਵਾਂ ਵਿਸ਼ਵਾਸ ਪੈਦਾ ਹੁੰਦਾ ਹੈ। ਸਾਡਾ ਸੋਚਣ ਦਾ ਤਰੀਕਾ, ਸਾਡਾ ਸਵੈ-ਚਿੱਤਰ, ਸਾਡਾ ਆਤਮ-ਸਨਮਾਨ ਅਤੇ ਸਾਡੀ ਸ਼ਖਸੀਅਤ ਦੇ ਹੋਰ ਪਹਿਲੂ ਜੋ ਸਾਡੇ ਮਨ ਦੇ ਹਾਲਾਤ 'ਤੇ ਨਿਰਭਰ ਕਰਦੇ ਹਨ, ਬਦਲਣੇ ਸ਼ੁਰੂ ਹੋ ਜਾਂਦੇ ਹਨ। ਅਸੀਂ ਜੀਵਨ ਅਤੇ ਆਪਣੇ ਭਵਿੱਖ ਬਾਰੇ ਸਕਾਰਾਤਮਕ, ਆਤਮ-

ਵਿਸ਼ਵਾਸੀ ਅਤੇ ਆਸ਼ਾਵਾਦੀ ਬਣ ਜਾਂਦੇ ਹਾਂ। ਅਸੀਂ ਦ੍ਰਿਸ਼ਟੀਹੀਣ ਲੋਕਾਂ ਤੋਂ ਦਲੇਰ ਅਤੇ ਹਮਲਾਵਰ ਦ੍ਰਿਸ਼ਟੀ ਵਾਲੇ ਲੋਕਾਂ ਤੋਂ ਬਦਲ ਕੇ ਦਲੇਰ ਅਤੇ ਉਤਸ਼ਾਹੀ ਸੁਫ਼ਨੇ ਦੇਖਣ ਵਾਲੇ ਬਣ ਜਾਂਦੇ ਹਾਂ। ਅਸੀਂ ਇੱਕ ਨਵੀਂ ਸ਼ਬਦਾਵਲੀ ਤੋਂ ਬੋਲਣਾ ਸ਼ੁਰੂ ਕਰਦੇ ਹਾਂ। ਗਰੀਬੀ, ਹਾਰ ਅਤੇ ਬੇਵੱਸੀ ਦੀਆਂ ਗੱਲਾਂਬਾਤਾਂ ਵਿੱਚ ਫਸਣ ਦੀ ਬਜਾਇ, ਅਸੀਂ ਪਰਮੇਸ਼ੁਰ ਵਿੱਚ ਇੱਕ ਮਜ਼ਬੂਤ ਵਿਸ਼ਵਾਸ ਤੋਂ ਬੋਲਦੇ ਹਾਂ। ਧਿਆਨ ਦੁਆਰਾ, ਸ਼ਬਦ ਸਾਡੇ ਦਿਲਾਂ ਵਿੱਚ ਲਗਾਤਾਰ ਬੀਜਿਆ ਅਤੇ ਸਿੰਜਿਆ ਜਾਂਦਾ ਹੈ, ਜੋ ਸਾਡੇ ਅੰਦਰ ਪਰਮੇਸ਼ੁਰ ਵਿੱਚ ਇੱਕ ਜੀਉਂਦਾ ਵਿਸ਼ਵਾਸ ਪੈਦਾ ਕਰਦਾ ਹੈ।

## ਧਿਆਨ ਦੇ ਫਲ

**ਜ਼ਬੂਰਾਂ 1:1-3**

**1 ਧੰਨ ਹੈ ਉਹ ਮਨੁੱਖ ਜਿਹੜਾ ਦੁਸ਼ਟਾਂ ਦੀ ਮੱਤ ਉੱਤੇ ਨਹੀਂ ਚੱਲਦਾ, ਨਾ ਪਾਪੀਆਂ ਦੇ ਰਾਹ ਵਿੱਚ ਖੜ੍ਹਾ ਰਹਿੰਦਾ ਅਤੇ ਨਾ ਮਖ਼ੌਲੀਆਂ ਦੀ ਜੁੰਡੀ ਵਿੱਚ ਬਹਿੰਦਾ ਹੈ।**

**2 ਪਰ ਉਹ ਯਹੋਵਾਹ ਦੀ ਬਿਵਸਥਾ ਵਿੱਚ ਮਗਨ ਰਹਿੰਦਾ ਅਤੇ ਦਿਨ ਰਾਤ ਉਸ ਦੀ ਬਿਵਸਥਾ ਉੱਤੇ ਧਿਆਨ ਕਰਦਾ ਹੈ।**

**3 ਉਹ ਤਾਂ ਉਸ ਬਿਰਛ ਵਰਗਾ ਹੋਵੇਗਾ, ਜੋ ਪਾਣੀ ਦੀਆਂ ਨਦੀਆਂ ਉੱਤੇ ਲਾਇਆ ਹੋਇਆ ਹੈ, ਜਿਹੜਾ ਰੁੱਤ ਸਿਰ ਆਪਣਾ ਫਲ ਦਿੰਦਾ ਹੈ, ਜਿਹ ਦੇ ਪੱਤੇ ਨਹੀਂ ਕੁਮਲਾਉਂਦੇ ਅਤੇ ਜੋ ਕੁਝ ਉਹ ਕਰੇ ਸੋ ਸਫ਼ਲ ਹੁੰਦਾ ਹੈ।**

ਪਰਮੇਸ਼ੁਰ ਦਾ ਵਚਨ ਇੱਕ ਚਮਤਕਾਰੀ ਬੀਜ ਹੈ। ਇਸ ਵਿੱਚ ਪੈਦਾ ਕਰਨ ਦੀ ਸਮਰੱਥਾ ਹੈ। ਜਦੋਂ ਇਹ ਸਾਡੇ ਦਿਲਾਂ ਵਿੱਚ ਬੀਜਿਆ ਜਾਂਦਾ ਹੈ, ਤਾਂ ਇਹ ਸਾਡੇ ਜੀਵਨ ਵਿੱਚ ਪਰਮੇਸ਼ੁਰ ਦੀ ਹਰ ਚੰਗੀ ਇੱਛਾ ਨੂੰ ਪੂਰਾ ਕਰੇਗਾ। ਧਿਆਨ ਦੀ ਪ੍ਰਕਿਰਿਆ ਦੁਆਰਾ, ਅਸੀਂ ਆਪਣੇ ਦਿਲਾਂ ਵਿੱਚ ਪਰਮੇਸ਼ੁਰ ਦੇ ਵਚਨ ਦਾ ਬੀਜ ਬੀਜਦੇ ਹਾਂ ਅਤੇ ਇਸ ਦਾ ਪਾਲਣ-ਪੋਸ਼ਣ ਕਰਦੇ ਹਾਂ। ਆਪਣੇ ਸਮੇਂ ਸਿਰ, ਬੀਜ ਪੁੰਗਰੇਗਾ ਅਤੇ ਫਲ ਦੇਵੇਗਾ। ਇਸ ਲਈ, ਧਿਆਨ ਦਾ ਲਗਾਤਾਰ ਅਭਿਆਸ ਪਰਮੇਸ਼ੁਰ ਦੇ ਵਾਇਦਿਆਂ ਨੂੰ ਹਕੀਕਤ ਬਣਾਉਣ ਦੀ ਪ੍ਰਕਿਰਿਆ ਵਿੱਚ ਇੱਕ ਮਹੱਤਵਪੂਰਨ ਕੜੀ ਹੈ।

ਉਨ੍ਹਾਂ ਫਲਾਂ ‘ਤੇ ਧਿਆਨ ਕਰੋ, ਜੋ ਪਰਮੇਸ਼ੁਰ ਦਾ ਵਚਨ ਸਾਡੀ ਜ਼ਿੰਦਗੀ ਵਿੱਚ ਪੈਦਾ ਕਰ ਸਕਦਾ ਹੈ।

- ਸਗੋਂ ਅਵਿਨਾਸ਼ੀ ਤੋਂ ਪਰਮੇਸ਼ੁਰ ਦੇ ਵਚਨ ਦੇ ਰਾਹੀਂ ਜਿਹੜਾ ਜੀਉਂਦਾ ਅਤੇ ਇਸਥਿਰ ਹੈ ਨਵੇਂ ਸਿਰਿਓਂ ਜਨਮੇ ਹੋ (1 ਪਤਰਸ 1:23)।

- ਤੇ ਉਨ੍ਹਾਂ ਦੇ ਸਾਰੇ ਸਰੀਰ ਦੇ ਲਈ ਤੰਦਰੁਸਤੀ। (ਕਹਾਉਤਾਂ 4:20-22; ਜ਼ਬੂਰਾਂ 107:20)।
- ਤੇਰੇ ਵਚਨਾਂ ਦਾ ਖੋਲ੍ਹਣਾ ਚਾਨਣ ਦਿੰਦਾ ਹੈ, ਉਹ ਸਿੱਧੇ ਸਾਧੇ ਲੋਕਾਂ ਨੂੰ ਸਮਝ ਬਖ਼ਸ਼ਦਾ ਹੈ। (ਜ਼ਬੂਰਾਂ 119:98-100,130)।
- ਅਤੇ ਜੋ ਕੁਝ ਉਹ ਕਰੇ ਸੋ ਸਫ਼ਲ ਹੁੰਦਾ ਹੈ। (ਯਹੋਸ਼ੁਆ 1:8; ਜ਼ਬੂਰਾਂ 1:3)
- ਉਸ ਦੀ ਕਿਰਪਾ ਦੇ ਵਚਨ ਦੇ ਸਪੁਰਦ ਕਰਦਾ ਹਾਂ (ਰਸੂਲਾਂ ਦੇ ਕਰਤੱਬ 20:32)।

ਅਤੇ ਫਿਰ ਪਰਮੇਸ਼ੁਰ ਦੀਆਂ ਬਹੁਤ ਸਾਰੀਆਂ ਬਰਕਤਾਂ ਹਨ, ਜੋ ਉਸ ਨੇ ਸਾਨੂੰ ਆਪਣੇ ਵਚਨ ਵਿੱਚ ਦਿੱਤੀਆਂ ਹਨ।

ਜੇਕਰ ਅਸੀਂ ਵਚਨ ਦਾ ਧਿਆਨ ਕਰਕੇ ਇਨ੍ਹਾਂ ਬੀਜਾਂ ਨੂੰ ਬੀਜਦੇ ਅਤੇ ਪਾਲਦੇ ਹਾਂ, ਤਾਂ ਇਹ ਸਾਰੀਆਂ ਗੱਲਾਂ ਸਾਡੇ ਜੀਵਨ ਵਿੱਚ ਪੈਦਾ ਹੋ ਸਕਦੀਆਂ ਹਨ।

ਜੋ ਵਿਅਕਤੀ ਧਰਮੀ ਜੀਵਨ ਬਤੀਤ ਕਰਦਾ ਹੈ ਅਤੇ ਲਗਾਤਾਰ ਪਰਮੇਸ਼ੁਰ ਦੇ ਵਚਨ ਦਾ ਧਿਆਨ ਕਰਦਾ ਹੈ, ਉਹ ਇੱਕ ਚੰਗੀ ਤਰ੍ਹਾਂ ਸਿੰਜੇ ਹੋਏ ਰੁੱਖ ਵਰਗਾ ਹੈ। ਇਸ ਦੀਆਂ ਜੜ੍ਹਾਂ ਨਿਰੰਤਰ ਪੋਸ਼ਣ ਅਤੇ ਤਾਜ਼ਗੀ ਦੇਣ ਨਾਲ ਜੁੜੀਆਂ ਰਹਿੰਦੀਆਂ ਹਨ। ਇਹੀ ਹੁੰਦਾ ਹੈ, ਜਦੋਂ ਅਸੀਂ ਪਰਮੇਸ਼ੁਰ ਦੇ ਵਚਨ ਦਾ ਧਿਆਨ ਲਗਾਤਾਰ ਕਰਦੇ ਹਾਂ। ਅੰਦਰਲੇ ਇਨਸਾਨ ਨੂੰ ਪੋਸ਼ਣ ਅਤੇ ਤਾਜ਼ਗੀ ਦੀ ਬੇਅੰਤ ਬਰਕਤ ਮਿਲਦੀ ਹੈ। ਸਾਡੇ ਜੀਵਨ ਫਲਦਾਇਕ ਅਤੇ ਉਪਜਾਊ ਬਣ ਜਾਂਦੇ ਹਨ

## ਧਿਆਨ ਕਰਨ ਦੇ ਅਨੁਸ਼ਾਸਨ ਨੂੰ ਵਿਕਸਿਤ ਕਰਨਾ

### *ਰੋਜ਼ ਦਾ ਅਨੁਸ਼ਾਸਨ*

**ਜ਼ਬੂਰਾਂ 119:97**

**ਮੈਂ ਤੇਰੀ ਬਿਵਸਥਾ ਨਾਲ ਕਿੰਨੀ ਪ੍ਰੀਤ ਰੱਖਦਾ ਹਾਂ, ਦਿਨ ਭਰ ਮੈਂ ਉਹ ਦੇ ਵਿੱਚ ਲੀਨ ਰਹਿੰਦਾ ਹਾਂ।**

ਅਸੀਂ ਤੁਹਾਨੂੰ ਪਰਮੇਸ਼ੁਰ ਦੇ ਵਚਨ ਉੱਤੇ ਰੋਜ਼ਾਨਾ ਧਿਆਨ ਕਰਨ ਦੇ

ਅਨੁਸ਼ਾਸਨ ਨੂੰ ਵਿਕਸਿਤ ਕਰਨ ਲਈ ਉਤਸ਼ਾਹਿਤ ਕਰਨਾ ਚਾਹੁੰਦੇ ਹਾਂ। ਇਸ ਨੂੰ ਇੱਕ ਆਦਤ ਬਣਨ ਦਿਓ, ਇੱਥੋਂ ਤੱਕ ਕਿ ਇੱਕ ਧਾਰਮਿਕ ਆਦਤ ਵਾਂਗ। ਪਰਮੇਸ਼ੁਰ ਦੇ ਵਚਨ ਉੱਤੇ ਧਿਆਨ ਕਰਨਾ ਇੱਕ ਅਨੁਸ਼ਾਸਨ ਹੈ, ਜਿਸ ਦਾ ਅਰਥ ਹੈ ਕਿ ਅਸੀਂ ਇਹ ਉਦੋਂ ਵੀ ਕਰਦੇ ਹਾਂ, ਜਦੋਂ ਸਾਨੂੰ ਅਜਿਹਾ ਮਹਿਸੂਸ ਨਹੀਂ ਹੁੰਦਾ ਜਾਂ ਜਦੋਂ ਅਜਿਹਾ ਲੱਗਦਾ ਹੈ। ਇਹ ਇਸ ਲਈ ਹੈ ਕਿ ਅਸੀਂ ਬਹੁਤ ਜ਼ਿਆਦਾ ਰੁੱਝੇ ਹੋਏ ਹਾਂ। ਦੂਜੇ ਪਾਸੇ, ਸਾਨੂੰ ਪਰਮੇਸ਼ੁਰ ਦੇ ਵਚਨ ਵਿੱਚ ਪੂਰੀ ਪ੍ਰਸੰਨਤਾ ਦੇ ਕਾਰਨ ਅਜਿਹਾ ਕਰਨਾ ਚਾਹੀਦਾ ਹੈ। ਅਸੀਂ ਪ੍ਰਭੂ ਨੂੰ ਪਿਆਰ ਕਰਦੇ ਹਾਂ ਅਤੇ ਇਸ ਲਈ ਅਸੀਂ ਉਸ ਦੇ ਵਚਨ ਨੂੰ ਪਿਆਰ ਕਰਦੇ ਹਾਂ। ਇਸ ਲਈ ਸਾਨੂੰ ਅਜਿਹੇ ਸਮੇਂ ਵੱਲ ਲੈ ਜਾਣਾ ਚਾਹੀਦਾ ਹੈ, ਜਿੱਥੇ ਅਸੀਂ ਧਿਆਨ ਦੁਆਰਾ ਪਰਮੇਸ਼ੁਰ ਦੇ ਵਚਨ ਵੱਲ ਆਪਣਾ ਪੂਰਾ ਧਿਆਨ ਦੇਈਏ।

## *ਖਾਸ ਲੋੜ ਦੇ ਸਮਿਆਂ ਵਿੱਚ*

**ਜ਼ਬੂਰਾਂ 119:23,24,78**

**23 ਸਰਦਾਰਾਂ ਨੇ ਵੀ ਬਹਿ ਕੇ ਮੇਰੇ ਵਿਰੁੱਧ ਗੱਲਾਂ ਕੀਤੀਆਂ ਹਨ, ਪਰ ਤੇਰਾ ਸੇਵਕ ਤੇਰੀਆਂ ਬਿਧੀਆਂ ਵਿੱਚ ਲੀਨ ਰਹੇਗਾ।**

**24 ਤੇਰੀਆਂ ਸਾਖੀਆਂ ਵੀ ਮੇਰੀ ਖੁਸ਼ੀ ਅਤੇ ਮੇਰੇ ਲਈ ਸਲਾਹਕਾਰ ਹਨ।**

**78 ਹੰਕਾਰੀ ਸ਼ਰਮਿੰਦੇ ਹੋਣ ਕਿਉਂਕਿ ਉਨ੍ਹਾਂ ਨੇ ਝੂਠ ਨਾਲ ਮੈਨੂੰ ਡੇਗ ਦਿੱਤਾ ਹੈ, ਪਰ ਮੈਂ ਤੇਰੇ ਫ਼ਰਮਾਨਾਂ ਵਿੱਚ ਲੀਨ ਰਹਾਂਗਾ।**

ਅਜਿਹਾ ਸਮਾਂ ਆ ਰਿਹਾ ਹੈ ਅਤੇ ਜ਼ਾਰੀ ਹੈ ਕਿ ਕਈ ਵਾਰ ਮੈਨੂੰ ਸੰਘਰਸ਼ਾਂ, ਚੁਣੌਤੀਆਂ, ਸਵਾਲਾਂ ਅਤੇ ਚਿੰਤਾਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਨ੍ਹਾਂ ਸਮਿਆਂ ਦੌਰਾਨ, ਆਤਮਾ ਵਿੱਚ ਪ੍ਰਾਰਥਨਾ ਕਰਨ ਤੋਂ ਇਲਾਵਾ, ਮੈਂ ਵਚਨ ਦੀਆਂ ਆਇਤਾਂ 'ਤੇ ਧਿਆਨ ਕਰਨ ਦੀ ਕੋਸ਼ਿਸ਼ ਕਰਦਾ ਹਾਂ, ਜੋ ਮੇਰੇ ਸਾਹਮਣੇ ਆਈ ਚੁਣੌਤੀ ਨੂੰ ਸੰਬੋਧਿਤ ਕਰਦੀਆਂ ਹਨ। ਮੇਰਾ ਮਨ ਉਲਝਣ ਵਿੱਚ ਹੋ ਸਕਦਾ ਹੈ, ਇਹ ਸਵਾਲਾਂ ਨਾਲ ਭਰਿਆ ਹੋਇਆ ਹੈ ਅਤੇ ਅਨਿਸ਼ਚਿਤਤਾ ਨਾਲ ਭਰਿਆ ਹੋਇਆ ਹੈ। ਪਰ ਮੈਂ ਵਚਨ ਦੀਆਂ ਆਇਤਾਂ ਵੱਲ ਮੁੜਦਾ ਹਾਂ, ਜੋ ਇਸ ਵਿਸ਼ੇ 'ਤੇ ਪਰਮੇਸ਼ੁਰ ਦੇ ਵਿਚਾਰਾਂ ਨੂੰ ਪ੍ਰਗਟ ਕਰਦੀਆਂ ਹਨ। ਮੈਂ ਉਨ੍ਹਾਂ 'ਤੇ ਧਿਆਨ ਕਰਦਾ ਹਾਂ। ਉਹ ਮੇਰੇ ਦਿਲ ਵਿੱਚ ਅਟੱਲ ਸ਼ਾਂਤੀ ਅਤੇ ਭਰੋਸਾ ਲਿਆਉਂਦੀਆਂ ਹਨ। ਹੋਰ ਸਮੇਂ, ਮੈਂ ਇੱਕ ਖਾਸ ਚੁਣੌਤੀ ਲੈਂਦਾ ਹਾਂ ਅਤੇ ਮੈਨੂੰ ਪਤਾ ਹੈ ਕਿ ਮੈਨੂੰ ਪ੍ਰਭੂ ਤੋਂ ਵਾਧੂ ਬਲ ਅਤੇ ਉਤਸ਼ਾਹ ਦੀ ਲੋੜ ਹੁੰਦੀ ਹੈ। ਅਜਿਹੇ ਸਮਿਆਂ ਦੌਰਾਨ, ਮੈਂ ਇੱਕ ਵਾਰ ਫਿਰ ਵਚਨ ਦੀਆਂ ਆਇਤਾਂ ਵੱਲ ਮੁੜਦਾ ਹਾਂ, ਜੋ ਸਥਿਤੀ ਦੇ ਅਨੁਕੂਲ ਹਨ

ਅਤੇ ਉਨ੍ਹਾਂ 'ਤੇ ਧਿਆਨ ਕਰਦਾ ਹਾਂ। ਵਚਨ ਵਿਸ਼ਵਾਸ ਅਤੇ ਬਲ ਦਾ ਸਰੋਤ ਬਣ ਜਾਂਦਾ ਹੈ। ਅਸੀਂ ਸਾਰੇ ਅਜਿਹੀਆਂ ਬਰਕਤਾਂ ਤੋਂ ਲਾਭ ਉਠਾ ਸਕਦੇ ਹਾਂ।

## ਉਦੇਸ਼ਪੂਰਨ ਅਭਿਆਸ

**ਜ਼ਬੂਰਾਂ 119:148**

**ਮੇਰੀਆਂ ਅੱਖਾਂ ਰਾਤ ਦੇ ਪਹਿਰਾਂ ਤੋਂ ਅੱਗੇ ਖੁੱਲ੍ਹੀਆਂ ਰਹੀਆਂ, ਭਈ ਤੇਰੇ ਵਚਨ ਵਿੱਚ ਲੀਨ ਹੋਵਾਂ।**

ਪਰਮੇਸ਼ੁਰ ਦੇ ਵਚਨ ਉੱਤੇ ਧਿਆਨ ਕਰਨਾ ਕੋਈ ਅਰਥਹੀਣ ਅਭਿਆਸ ਨਹੀਂ ਹੈ, ਨਾ ਹੀ ਇਹ ਸਿਰਫ਼ ਗੰਭੀਰ ਰੂਪ ਨਾਲ ਆਤਮਿਕ ਲੋਕਾਂ ਲਈ ਹੈ। ਇਹ ਸਾਡੇ ਸਾਰਿਆਂ ਲਈ ਲਾਭਦਾਇਕ ਹੈ। ਇੱਕ ਅਜਿਹੀ ਦੁਨੀਆਂ (ਮਸੀਹੀ ਜਗਤ ਵਿੱਚ ਵੀ) ਜੋ ਤੁਰੰਤ ਸੁਧਾਰਾਂ ਅਤੇ ਤੁਰੰਤ ਚਮਤਕਾਰਾਂ ਨੂੰ ਪਿਆਰ ਕਰਦੀ ਹੈ, ਆਤਮਿਕ ਅਨੁਸ਼ਾਸਨ ਦਾ ਵਿਕਾਸ ਕਰਨਾ ਇੱਕ ਪ੍ਰਸਿੱਧ ਵਿਸ਼ਾ ਨਹੀਂ ਹੋ ਸਕਦਾ। ਹਾਲਾਂਕਿ, ਸਾਨੂੰ ਖ਼ੁਦ ਆਤਮਿਕ ਗੱਲਾਂ ਦਾ ਅਭਿਆਸ ਕਰਨ ਲਈ ਉਤਸ਼ਾਹਿਤ ਕੀਤਾ ਗਿਆ ਹੈ (1 ਤਿਮੋਥਿਉਸ 4:7)। ਅਭਿਆਸ ਇੱਕ ਅਨੁਸ਼ਾਸਨ ਹੈ। ਕਈ ਵਾਰ ਅਜਿਹਾ ਹੋ ਸਕਦਾ ਹੈ, ਜਦੋਂ ਅਨੁਸ਼ਾਸਨ (ਆਤਮ-ਅਨੁਸ਼ਾਸਨ) ਅਸਾਨ ਨਹੀਂ ਹੁੰਦਾ। ਇਸ ਲਈ ਕੁਝ ਕੁਰਬਾਨੀ ਦੀ ਵੀ ਲੋੜ ਹੋ ਸਕਦੀ ਹੈ। ਹਾਲਾਂਕਿ, ਅਨੁਸ਼ਾਸਨ ਦੇ ਫਲ ਬਹੁਤ ਸਾਰੇ ਅਤੇ ਸਥਾਈ ਹੁੰਦੇ ਹਨ। ਤੁਸੀਂ ਉਨ੍ਹਾਂ ਵਿੱਚੋਂ ਇੱਕ ਬਣੋ, ਜੋ ਵਚਨ ਉੱਤੇ ਧਿਆਨ ਕਰਨ ਦਾ ਅਨੰਦ ਮਾਣਦੇ ਹਨ ਅਤੇ ਅਜਿਹਾ ਕਰਨ ਲਈ ਭਰਪੂਰ ਫਲ ਪ੍ਰਾਪਤ ਕਰਦੇ ਹਨ।

## ਵਿਹਾਰਕ ਵਿਚਾਰ

ਹੁਣ ਮੈਂ ਕੁਝ ਵਿਹਾਰਕ ਸੁਝਾਅ ਦੇਣਾ ਚਾਹੁੰਦਾ ਹਾਂ, ਜੋ ਸਾਨੂੰ ਪਰਮੇਸ਼ੁਰ ਦੇ ਵਚਨ 'ਤੇ ਧਿਆਨ ਕਰਨ ਦੇ ਅਨੁਸ਼ਾਸਨ ਨੂੰ ਵਿਕਸਿਤ ਕਰਨ ਵਿੱਚ ਮਦਦ ਕਰ ਸਕਦੇ ਹਨ। ਇਹ ਕਾਨੂੰਨ ਜਾਂ ਨੇਮ ਨਹੀਂ ਹਨ ਅਤੇ ਅਸੀਂ ਕਿਸੇ ਪ੍ਰਕਿਰਿਆ, ਕਾਰਜ ਪ੍ਰਣਾਲੀ ਜਾਂ ਬਿਵਸਥਾ ਨਾਲ ਬੱਝੇ ਨਹੀਂ ਹਾਂ। ਮੈਂ ਉਹ ਗੱਲਾਂ ਸਾਂਝੀਆਂ ਕਰ ਰਿਹਾ ਹਾਂ, ਜੋ ਮੈਨੂੰ ਆਪਣੀ ਜ਼ਿੰਦਗੀ ਵਿੱਚ ਲਾਭਦਾਇਕ ਲੱਗੀਆਂ ਹਨ, ਉਹ ਗੱਲਾਂ ਜੋ ਮੈਂ ਅਪਣੀ ਕਿਸ਼ੋਰ ਅਵਸਥਾ ਦੇ ਸ਼ੁਰੂਆਤੀ ਸਾਲਾਂ ਵਿੱਚ ਕਰਦਾ ਰਿਹਾ ਸੀ। ਤੁਹਾਨੂੰ ਇਨ੍ਹਾਂ ਵਿੱਚੋਂ ਕੁਝ ਸੁਝਾਅ ਤੁਹਾਡੇ ਆਤਮਿਕ ਜੀਵਨ ਲਈ ਮਦਦਗਾਰ ਅਤੇ ਲਾਭਦਾਇਕ ਲੱਗ ਸਕਦੇ ਹਨ। ਪਰਮੇਸ਼ੁਰ ਤੁਹਾਨੂੰ ਆਪਣੇ ਵਚਨ 'ਤੇ ਧਿਆਨ ਕਰਨ ਦੇ ਤਰੀਕੇ ਬਾਰੇ ਹੋਰ ਵਿਚਾਰ ਦੇ ਸਕਦਾ ਹੈ। ਤੁਸੀਂ ਉਹ ਕਰ ਸਕਦੇ ਹੋ, ਜੋ ਤੁਹਾਡੇ ਲਈ ਢੁੱਕਵਾਂ ਹੋ ਸਕਦਾ ਹੈ।

ਮੈਂ ਤਿੰਨ ਵਿਹਾਰਕ ਵਿਚਾਰ ਪੇਸ਼ ਕਰਦਾ ਹਾਂ:

1) ਵਚਨ ਦੇ ਬੀਜ

2) ਰੋਜ਼ਾਨਾ ਵਚਨ ਉੱਤੇ ਧਿਆਨ ਕਰਨ ਦਾ ਨਿੱਤਨੇਮ

3) ਮਨਨਸ਼ੀਲ ਬਾਈਬਲ ਪੜ੍ਹਨਾ

## *ਵਚਨ ਦੇ ਬੀਜ*

ਮੇਰੀ ਆਤਮਿਕ ਯਾਤਰਾ ਦੇ ਸ਼ੁਰੂ ਵਿੱਚ, ਆਪਣੀ ਜਵਾਨੀ ਦੀ ਸ਼ੁਰੂਆਤ ਵਿੱਚ, ਮੈਂ ਆਤਮਿਕ ਆਇਤਾਂ ਨੂੰ ਵਿਸ਼ੇ ਅਨੁਸਾਰ ਵਰਗੀਕ੍ਰਿਤ ਕਰਨਾ ਸਿੱਖਿਆ। ਇਹ ਉਸੇ ਤਰ੍ਹਾਂ ਹੈ ਜਿਵੇਂ ਕਿਤਾਬਾਂ ਨੂੰ ਲਾਇਬ੍ਰੇਰੀ ਵਿੱਚ ਸ਼ੈਲਫਾਂ 'ਤੇ ਕ੍ਰਮਬੱਧ ਅਤੇ ਵਿਵਸਥਿਤ ਕੀਤਾ ਜਾਂਦਾ ਹੈ। ਇਸ ਕਿਤਾਬ ਦੇ ਆਖ਼ਰੀ ਅਧਿਆਇ ਵਿੱਚ ਅਜਿਹੇ ਵਿਸ਼ਿਆਂ ਦੀ ਸੂਚੀ ਦਿੱਤੀ ਗਈ ਹੈ। ਜਦੋਂ ਮੈਂ ਪਰਮੇਸ਼ੁਰ ਦੇ ਵਚਨ ਵਿੱਚ ਕਿਸੇ ਖਾਸ ਵਿਸ਼ੇ 'ਤੇ ਧਿਆਨ ਕਰਨਾ ਚਾਹੁੰਦਾ ਸੀ, ਤਾਂ ਮੈਂ ਅਸਾਨੀ ਨਾਲ ਸੰਬੰਧਿਤ ਆਇਤਾਂ ਨੂੰ ਯਾਦ ਕਰ ਸਕਦਾ ਸੀ ਅਤੇ ਪੜ੍ਹ ਸਕਦਾ ਸੀ। ਇਸ ਤਰ੍ਹਾਂ, ਜੇਕਰ ਮੈਨੂੰ ਵਿਸ਼ਵਾਸ ਦੇ ਵਿਸ਼ੇ 'ਤੇ ਧਿਆਨ ਕਰਨ ਦੀ ਲੋੜ ਹੁੰਦੀ ਸੀ, ਤਾਂ ਮੈਂ ਉਸ ਵਿਸ਼ੇ 'ਤੇ ਇਕੱਠੀਆਂ ਕੀਤੀਆਂ ਵਚਨ ਦੀਆਂ ਆਇਤਾਂ ਨੂੰ ਪੜ੍ਹਦਾ ਸੀ। ਇਹ ਬੀਜ ਬੀਜਣ ਦੇ ਸਮਾਨ ਹੈ। ਅਸੀਂ ਸਮਝਦੇ ਹਾਂ ਕਿ ਕੁਦਰਤੀ ਸੰਸਾਰ ਵਿੱਚ, ਅਸੀਂ ਆਪਣੀ ਇੱਛਾ ਅਨੁਸਾਰ ਫ਼ਸਲ ਬੀਜਦੇ ਹਾਂ, ਕਿਉਂਕਿ ਅਸੀਂ ਜਾਣਦੇ ਹਾਂ ਕਿ ਹਰੇਕ ਬੀਜ ਆਪਣੀ ਕਿਸਮ ਦੇ ਅਨੁਸਾਰ ਫਲ ਪੈਦਾ ਕਰਦਾ ਹੈ। ਇਸੇ ਤਰ੍ਹਾਂ, ਇੱਕ ਖਾਸ ਵਿਸ਼ੇ 'ਤੇ ਵਚਨ 'ਤੇ ਧਿਆਨ ਕਰਕੇ, ਅਸੀਂ ਆਪਣੀਆਂ ਜ਼ਰੂਰਤਾਂ ਅਨੁਸਾਰ ਬੀਜ ਬੀਜਦੇ ਹਾਂ। ਇਹ ਯਾਦ ਰੱਖਣ ਦੀ ਪ੍ਰਕਿਰਿਆ ਵਿੱਚ ਵੀ ਸਹਾਇਤਾ ਕਰਦਾ ਹੈ, ਕਿਉਂਕਿ ਜਿਵੇਂ ਹੀ ਤੁਸੀਂ ਇਨ੍ਹਾਂ ਆਇਤਾਂ 'ਤੇ ਬਾਰ-ਬਾਰ ਧਿਆਨ ਕਰਦੇ ਹੋ, ਉਹ ਤੁਹਾਡੀ ਯਾਦਦਾਸ਼ਤ ਵਿੱਚ ਛਪ ਜਾਂਦੇ ਹਨ।

ਮੈਂ ਇਸ ਦੀ ਵਰਤੋਂ ਉਦੋਂ ਵੀ ਕਰਦਾ ਹਾਂ ਜਦੋਂ ਮੈਂ ਕਿਸੇ ਖਾਸ ਉਦੇਸ਼ ਨਾਲ ਬੰਦਗੀ ਵਿੱਚ ਪ੍ਰਚਾਰ ਕਰਨ ਦੀ ਤਿਆਰੀ ਕਰਦਾ ਹਾਂ। ਜਿੰਨੀ ਵਾਰ ਅਸੀਂ ਵਚਨ ਦਾ ਪ੍ਰਚਾਰ ਕਰਦੇ ਹਾਂ, ਅਸੀਂ ਚਿੰਨ੍ਹਾਂ, ਅਚੰਭਿਆਂ, ਚਮਤਕਾਰਾਂ ਅਤੇ ਚੰਗਿਆਈ ਰਾਹੀਂ ਪਵਿੱਤਰ ਆਤਮਾ ਦੇ ਪ੍ਰਗਟਾਵੇ ਲਈ ਤਿਆਰ ਰਹਿਣਾ ਚਾਹੁੰਦੇ ਹਾਂ। ਇਸ ਦੇ ਨਾਲ ਹੀ, ਅਸੀਂ ਅਜਿਹੀਆਂ ਬੰਦਗੀਆਂ ਕਰਦੇ ਹਾਂ ਜਿਨ੍ਹਾਂ ਵਿੱਚ ਖਾਸ ਤੌਰ 'ਤੇ ਅਲੌਕਿਕ ਪ੍ਰਦਰਸ਼ਨਾਂ ਦੀ ਆਸ ਕੀਤੀ ਜਾਂਦੀ ਹੈ। ਅਸੀਂ ਖੁਸ਼ਖ਼ਬਰੀ

ਦੀਆਂ ਬੰਦਗੀਆਂ, ਵਿਸ਼ੇਸ਼ ਚੰਗਿਆਈ ਅਤੇ ਚਮਤਕਾਰਾਂ ਵਾਲੀਆਂ ਬੰਦਗੀਆਂ ਆਦਿ ਦਾ ਆਯੋਜਨ ਕਰ ਸਕਦੇ ਹਾਂ, ਜਿੱਥੇ ਉਦੇਸ਼ ਚਮਤਕਾਰ ਅਤੇ ਚੰਗਿਆਈ ਦੀ ਭਾਲ ਕਰਨ ਵਾਲੇ ਲੋਕਾਂ ਦੀ ਸੇਵਾ ਕਰਨਾ ਹੈ। ਅਜਿਹੀਆਂ ਬੰਦਗੀਆਂ ਵਿੱਚ ਸੇਵਾ ਕਰਨ ਦੀ ਤਿਆਰੀ ਵਜੋਂ, ਗੈਰ ਜ਼ੁਬਾਨ ਵਿੱਚ ਬਹੁਤ ਜ਼ਿਆਦਾ ਪ੍ਰਾਰਥਨਾ ਕਰਨ ਤੋਂ ਇਲਾਵਾ, ਮੈਂ ਸੰਬੰਧਿਤ ਵਿਸ਼ਿਆਂ ‘ਤੇ ਪਵਿੱਤਰ ਬਾਈਬਲ ਦੇ ਵਚਨਾਂ ‘ਤੇ ਧਿਆਨ ਕਰਨ ਵਿੱਚ ਸਮਾਂ ਬਿਤਾਉਂਦਾ ਹਾਂ, ਜਿਵੇਂ ਕਿ: ਆਤਮਾ ਦਾ ਮਸਹ, ਵਿਸ਼ਵਾਸੀ ਦਾ ਅਧਿਕਾਰ, ਆਤਮਾ ਦੀਆਂ ਦਾਤਾਂ, ਚੰਗਿਆਈ, ਯਿਸੂ ਦੇ ਚਮਤਕਾਰ, ਵਿਸ਼ਵਾਸ ਅਤੇ ਭਵਿੱਖਬਾਣੀ ਆਦਿ। ਇਹ ਮੇਰੀ ਆਤਮਾ ਨੂੰ ਤਿੱਖਾ ਅਤੇ ਸੁਚਾਰੂ ਬਣਾਉਂਦਾ ਹੈ ਅਤੇ ਮੈਨੂੰ ਸੇਵਾ ਕਰਨ ਦੇ ਲਈ ਤਿਆਰ ਕਰਦਾ ਹੈ।

## *ਰੋਜ਼ਾਨਾ ਵਚਨ ਉੱਤੇ ਧਿਆਨ ਕਰਨ ਦਾ ਨਿੱਤਨੇਮ*

ਕਿਸੇ ਖਾਸ ਖੇਡ ਲਈ ਸਿਖਲਾਈ ਲੈਣ ਵਾਲੇ ਖਿਡਾਰੀਆਂ ਦੀ ਆਮ ਤੌਰ ‘ਤੇ ਇੱਕ ਹਫ਼ਤਾਵਾਰ ਨਿੱਤਨੇਮ ਹੁੰਦਾ ਹੈ। ਉਹ ਇੱਕੋ ਅਭਿਆਸ ਬਾਰ-ਬਾਰ ਕਰਦੇ ਹਨ, ਹਰ ਵਾਰ ਇਸ ਵਿੱਚ ਥੋੜ੍ਹਾ ਹੋਰ ਜੋੜਦੇ ਹਨ। ਆਪਣੀ ਆਤਮਿਕ ਯਾਤਰਾ ਦੇ ਸ਼ੁਰੂ ਵਿੱਚ, ਮੈਂ ਇੱਕ ਰੋਜ਼ਾਨਾ ਵਚਨ ਉੱਤੇ ਧਿਆਨ ਦਾ ਨਿੱਤਨੇਮ ਅਪਣਾਇਆ। ਮੈਂ ਰੋਜ਼ਾਨਾ ਖਾਸ ਵਿਸ਼ਿਆਂ ‘ਤੇ ਧਿਆਨ ਕਰਨ ਦਾ ਫੈਸਲਾ ਕੀਤਾ। ਮੈਂ ਆਪਣੇ ਕੋਲ ਮੌਜੂਦ ਵਚਨ ਦੇ ਬੀਜਾਂ ਦੀ ਵਰਤੋਂ ਕਰਦਾ ਸੀ ਅਤੇ ਉਨ੍ਹਾਂ ਨੂੰ ਦੁਹਰਾਉਂਦਾ ਸੀ, ਕੁਝ ਪਲਾਂ ਲਈ ਹਰੇਕ ਵਚਨ ‘ਤੇ ਧਿਆਨ ਕਰਦਾ ਹੋਇਆ, ਇਸ ਨੂੰ ਪੜ੍ਹਦਾ ਸੀ ਇਸ ਦੀ ਘੋਸ਼ਣਾ ਕਰਦਾ ਅਤੇ ਇਸ ਨਾਲ ਪਰਮੇਸ਼ੁਰ ਦੀ ਅਰਾਧਨਾ ਕਰਦਾ ਸੀ। ਫਿਰ, ਮੈਂ ਕਿਸੇ ਹੋਰ ਸਧਾਰਨ ਚੀਜ਼ ਵੱਲ ਵਧਦਾ ਸੀ ਜਿੱਥੇ ਮੈਂ ਲੋੜ ਅਨੁਸਾਰ ਵਿਸ਼ਿਆਂ ਉੱਤੇ ਧਿਆਨ ਕਰਦਾ ਸੀ। ਤੁਹਾਡੀ ਮੌਜੂਦਾ ਸਥਿਤੀ/ਜ਼ਰੂਰਤਾਂ ਦੇ ਅਧਾਰ ਤੇ, ਤੁਸੀਂ ਇੱਕ ਸਮਾਨ ਰੋਜ਼ਾਨਾ ਨਿੱਤਨੇਮ ਵਿਕਸਿਤ ਕਰਨਾ ਚਾਹ ਸਕਦੇ ਹੋ।

ਇੱਕ ਖਾਸ ਸਮੇਂ ਦੌਰਾਨ ਮੈਂ ਜੋ ਰੋਜ਼ਾਨਾ ਵਚਨ ਦਾ ਧਿਆਨ ਕਰਨ ਦੀ ਆਦਤ ਵਰਤੀ ਸੀ, ਉਸ ਦੀ ਇੱਕ ਉਦਾਹਰਣ ਇੱਥੇ ਦਿੱਤੀ ਗਈ ਹੈ।

| ਐਤਵਾਰ | ਸ਼ੋਮਵਾਰ | ਮੰਗਲਵਾਰ | ਬੁੱਧਵਾਰ | ਵੀਰਵਾਰ | ਸ਼ੁੱਕਰਵਾਰ | ਸ਼ਨੀਵਾਰ |
|---|---|---|---|---|---|---|
| ਪ੍ਰਾਰਥਨਾ, ਖੁੱਲ੍ਹ ਦਿਲੀ | ਵਿਸ਼ਵਾਸ | ਰੱਬੀ ਚੰਗਿਆਈ | ਪਰਿਵਾਰ | ਬੁੱਧ ਅਤੇ ਸਮਝ | ਸਫਲਤਾ ਅਤੇ ਖੁਸ਼ਹਾਲੀ | ਸੇਵਕਾਈ ਅਤੇ ਚਮਤਕਾਰ |

## *ਮਨਨਸ਼ੀਲ ਬਾਈਬਲ ਪੜ੍ਹਨਾ*

ਮੇਰੀ ਆਤਮਿਕ ਯਾਤਰਾ ਵਿੱਚ ਮੇਰੀ ਬਹੁਤ ਜ਼ਿਆਦਾ ਮਦਦ ਕਰਨ ਵਾਲੀਆਂ ਆਦਤਾਂ ਵਿੱਚੋਂ ਇੱਕ ਹੈ ਮਨਨਸ਼ੀਲ ਬਾਈਬਲ ਪੜ੍ਹਨਾ। ਬਾਈਬਲ ਪੜ੍ਹਨ ਦੀਆਂ ਬਹੁਤ ਸਾਰੀਆਂ ਯੋਜਨਾਵਾਂ ਇੱਕ ਨਿਸ਼ਚਿਤ ਸਮੇਂ ਦੇ ਅੰਦਰ ਕੁਝ ਅਧਿਆਵਾਂ ਅਤੇ ਕਿਤਾਬਾਂ ਨੂੰ ਪੂਰਾ ਕਰਨ 'ਤੇ ਕੇਂਦ੍ਰਿਤ ਹੁੰਦੀਆਂ ਹਨ। ਜਦ ਕਿ ਇਹ ਚੰਗਾ ਹੈ ਅਤੇ ਇਸ ਦੇ ਫਾਇਦੇ ਹਨ, ਮੈਂ ਜੋ ਪੜ੍ਹ ਰਿਹਾ ਹਾਂ, ਉਸ ਨੂੰ ਪੜ੍ਹਨ ਅਤੇ ਉਸ ਉੱਤੇ ਧਿਆਨ ਕਰਨ ਵਿੱਚ ਸਮਾਂ ਬਿਤਾਉਣਾ ਮੈਂ ਪਸੰਦ ਕਰਦਾ ਹਾਂ। ਇਸ ਲਈ, ਵਚਨ ਵਿੱਚ ਮੇਰਾ ਨਿਯਮਿਤ ਸਮਾਂ ਕੁਝ ਅਧਿਆਵਾਂ ਨੂੰ ਪੂਰਾ ਕਰਨ ਬਾਰੇ ਨਹੀਂ ਹੈ, ਸਗੋਂ ਇਸ ਬਾਰੇ ਹੈ ਕਿ ਮੈਂ ਵਚਨ ਤੋਂ ਕੀ ਪ੍ਰਾਪਤ ਕਰਨਾ ਚਾਹੁੰਦਾ ਹਾਂ। ਇਸ ਲਈ, ਮੈਂ ਇੱਕ ਅਧਿਆਇ ਤੋਂ ਕੁਝ ਆਇਤਾਂ ਪੜ੍ਹਦਾ ਹਾਂ ਅਤੇ ਇਨ੍ਹਾਂ ਕੁਝ ਆਇਤਾਂ ਉੱਤੇ ਧਿਆਨ ਕਰਨ ਵਿੱਚ ਅਤੇ ਪਰਮੇਸ਼ੁਰ ਨੂੰ ਮਿਲਣ, ਵਚਨ ਦਾ ਪਰਕਾਸ਼ ਪ੍ਰਾਪਤ ਕਰਨ ਅਤੇ ਇਸ ਨੂੰ ਆਪਣੇ ਦਿਲ ਵਿੱਚ ਜਮ੍ਹਾ ਕਰਨ ਵਿੱਚ ਸਮਾਂ ਬਿਤਾਉਂਦਾ ਹਾਂ। ਜਦੋਂ ਮੈਨੂੰ ਲੱਗਦਾ ਹੈ ਕਿ ਮੈਨੂੰ ਅੱਗੇ ਵੱਧਣ ਦੀ ਲੋੜ ਹੈ, ਤਾਂ ਮੈਂ ਅਗਲੀ ਆਇਤ ਵੱਲ ਵੱਧਦਾ ਹਾਂ। ਅਕਸਰ, ਮੈਂ ਆਇਤਾਂ ਦੇ ਇੱਕੋ ਸੈੱਟ 'ਤੇ ਕਈ ਦਿਨ ਬਿਤਾ ਸਕਦਾ ਹਾਂ, 30 ਮਿੰਟ ਜਾਂ ਵੱਧ ਪੜ੍ਹਨ, ਵਿਚਾਰ ਕਰਨ, ਧਿਆਨ ਕਰਨ ਅਤੇ ਉਨ੍ਹਾਂ ਆਇਤਾਂ ਰਾਹੀਂ ਪਰਮੇਸ਼ੁਰ ਨੂੰ ਮਿਲਣ ਵਿੱਚ ਬਿਤਾ ਸਕਦਾ ਹਾਂ। ਕਈ ਵਾਰ ਪਰਮੇਸ਼ੁਰ ਦੀ ਜਮ੍ਹਾ ਮੈਨੂੰ ਹਾਵੀ ਕਰ ਦਿੰਦੀ ਹੈ, ਪਰਕਾਸ਼ ਮਿਲਦਾ ਹੈ ਅਤੇ ਮੈਂ ਜੋ ਦੇਖਦਾ ਅਤੇ ਸਮਝਦਾ ਹਾਂ ਉਸ ਨੂੰ ਲਿਖ ਲੈਂਦਾ ਹਾਂ। ਮੇਰੀ ਜ਼ਿੰਦਗੀ ਬਦਲ ਜਾਂਦੀ ਹੈ ਅਤੇ ਬੇਸ਼ੱਕ, ਇਨ੍ਹਾਂ ਸਮਿਆਂ ਦੌਰਾਨ ਬਹੁਤ ਸਾਰੇ ਸੰਦੇਸ਼ ਜਨਮ ਲੈਂਦੇ ਹਨ।

ਉਦਾਹਰਣ ਵਜੋਂ, ਸਤੰਬਰ 2019 ਵਿੱਚ ਕਿਸੇ ਸਮੇਂ, ਮੈਂ ਮਰਕੁਸ ਦੀ ਇੰਜ਼ੀਲ ਨੂੰ ਦੁਬਾਰਾ ਪੜ੍ਹਨਾ ਸ਼ੁਰੂ ਕੀਤਾ। ਮੈਂ ਮਰਕੁਸ 1:1 *"ਪਰਮੇਸ਼ੁਰ ਦੇ ਪੁੱਤਰ ਯਿਸੂ ਮਸੀਹ ਦੀ ਖੁਸ਼ਖ਼ਬਰੀ ਦਾ ਅਰੰਭ"* ਪੜ੍ਹੀ ਅਤੇ ਮੈਂ ਉਸ ਇੱਕ ਆਇਤ ਤੋਂ ਅੱਗੇ ਨਹੀਂ ਵੱਧ ਸਕਿਆ। ਮੈਂ ਚਾਰ ਦਿਨ, 30 ਮਿੰਟ ਜਾਂ ਇਸ ਤੋਂ ਵੱਧ ਸਮੇਂ ਲਈ ਮਰਕੁਸ 1:1 'ਤੇ ਕੇਂਦ੍ਰਿਤ ਰਿਹਾ, ਹਰ ਰੋਜ਼ 30 ਮਿੰਟ ਜਾਂ ਇਸ ਤੋਂ ਵੱਧ, ਉਸ ਆਇਤ ਵਿੱਚ ਗੁਆਚਿਆ ਅਤੇ ਲੀਨ ਰਿਹਾ। ਹਰ ਵਾਰ ਜਦੋਂ ਮੈਂ ਉਹ ਆਇਤ ਪੜ੍ਹਦਾ ਸੀ, ਤਾਂ ਪਰਮੇਸ਼ੁਰ ਦੀ ਹਜ਼ੂਰੀ ਮੇਰੇ ਉੱਤੇ ਹਾਵੀ ਹੋ ਜਾਂਦੀ ਸੀ। ਉਸ ਪੰਨੇ 'ਤੇ *"ਪਰਮੇਸ਼ੁਰ ਦਾ ਪੁੱਤਰ"* ਸ਼ਬਦ ਸਪੱਸ਼ਟ ਤੌਰ 'ਤੇ ਦਿਖਾਈ ਦਿੰਦੇ ਸਨ। ਜਿਵੇਂ ਕਿ ਮੈਂ ਆਪਣੀ ਕਲਪਨਾ ਵਿੱਚ ਮਰਕੁਸ 1:1 ਦੇ

ਉਸ ਹਿੱਸੇ 'ਤੇ ਧਿਆਨ ਕਰਦਾ ਸੀ, ਮੈਂ ਸਦੀਪਕ ਵਚਨ ਨੂੰ ਦੇਖਣ ਲਈ ਸਮੇਂ ਦੀ ਸ਼ੁਰੂਆਤ ਤੋਂ ਪਹਿਲਾਂ ਤੱਕ ਯਾਤਰਾ ਕੀਤੀ, ਜੋ ਪਿਤਾ ਅਤੇ ਆਤਮਾ ਨਾਲ ਇੱਕ ਹੈ ਅਤੇ ਫਿਰ ਸਮੇਂ ਵਿੱਚ ਵਾਪਿਸ ਯਾਤਰਾ ਕੀਤੀ ਜਿਵੇਂ ਕਿ ਅਸੀਂ ਜਾਣਦੇ ਹਾਂ ਕਿ ਉਹ ਸਦੀਪਕ ਵਚਨ ਆਪਣੇ ਆਪ ਨੂੰ ਦੇਹਧਾਰੀ ਵਚਨ, ਪਰਮੇਸ਼ੁਰ ਦੇ ਪੁੱਤਰ ਵਜੋਂ ਪ੍ਰਗਟ ਕਰਦਾ ਹੈ ਅਤੇ ਉਸ ਨੂੰ ਉਹ ਕਰਦੇ ਹੋਏ ਦੇਖਣ ਲਈ, ਜੋ ਉਸ ਨੇ ਆਪਣੀ ਮੌਤ, ਦਫ਼ਨਾਉਣ, ਜੀ ਉੱਠਣ, ਸਵਰਗ ਅਤੇ ਮਹਿਮਾ ਵਿੱਚ ਕੀਤਾ ਸੀ। ਅਜਿਹਾ ਲੱਗ ਰਿਹਾ ਸੀ ਜਿਵੇਂ ਸੰਬੰਧਿਤ ਆਇਤਾਂ ਬਾਈਬਲ ਵਿੱਚੋਂ ਸਨ ਅਤੇ ਉਹ ਉਨ੍ਹਾਂ ਪੰਨਿਆਂ ਤੋਂ ਬਾਹਰ ਆ ਰਹੀਆਂ ਹਨ ਅਤੇ ਇਹ ਸਮਝਣਾ ਕਿ ਅਸੀਂ ਜਿਸ ਖੁਸ਼ਖ਼ਬਰੀ ਦਾ ਪ੍ਰਚਾਰ ਕਰ ਰਹੇ ਹਾਂ ਉਹ ਪਰਮੇਸ਼ੁਰ ਦੇ ਪੁੱਤਰ ਦੀ ਖੁਸ਼ਖ਼ਬਰੀ ਹੈ, ਇੱਕ ਬਹੁਤ ਵੱਡਾ ਅਨੁਭਵ ਸੀ। ਮਰਕੁਸ 1:1 ਦੇ ਉਹ ਚਾਰ ਦਿਨ ਸੱਚਮੁੱਚ ਪਰਮੇਸ਼ੁਰ ਦੇ ਪੁੱਤਰ ਨੂੰ ਮਿਲਣ ਦਾ ਇੱਕ ਸ਼ਾਨਦਾਰ ਅਨੁਭਵ ਸਨ। ਮੈਂ ਉਹ ਸਭ ਕੁਝ ਲਿਖ ਲਿਆ, ਜੋ ਮੈਂ ਕਰ ਸਕਦਾ ਸੀ। ਮੈਂ ਉਸ ਆਇਤ ਨੂੰ ਆਪਣੀ ਆਤਮਾ ਵਿੱਚ ਸੰਭਾਲਿਆ, ਇਸ ਨੂੰ ਆਪਣੇ ਅੰਦਰ ਡੂੰਘਾਈ ਨਾਲ ਡੁੱਬਣ ਦਿੱਤਾ। ਅੰਤ ਵਿੱਚ, ਕ੍ਰਿਸਮਸ ਵਾਲੇ ਦਿਨ 2019 ਨੂੰ, ਮੈਂ ਇਸ ਉੱਤੇ ਪ੍ਰਚਾਰ ਕੀਤਾ ਅਤੇ ਇਸ ਨੇ ਬੰਦਗੀ ਵਿੱਚ ਸਰੋਤਿਆਂ ਨੂੰ ਲਾਭ ਪਹੁੰਚਾਇਆ (ਇਹ ਸੰਦੇਸ਼ **apcwo.org/sermons** 'ਤੇ ਉਪਲੱਬਧ ਹੈ)।

ਮੈਂ ਪ੍ਰਾਰਥਨਾ ਕਰਦਾ ਹਾਂ ਕਿ ਤੁਸੀਂ ਵੀ ਇਸ ਆਦਤ ਨੂੰ ਅਪਣਾਓ ਅਤੇ ਪਰਮੇਸ਼ੁਰ ਦੇ ਵਚਨ ਉੱਤੇ ਧਿਆਨ ਕਰਨ ਦਾ ਅਨੰਦ ਮਾਣੋ!

# 7

# ਬੀਜ ਦੀ ਰੱਖਿਆ ਅਤੇ ਪਾਲਣ-ਪੋਸ਼ਣ ਕੀਤਾ ਜਾਣਾ ਚਾਹੀਦਾ ਹੈ

## ਸ਼ੈਤਾਨ ਵਚਨ ਦੇ ਪਿੱਛੇ ਪਿਆ ਹੋਇਆ ਹੈ

**ਮੱਤੀ 13:19**

**ਹਰ ਕੋਈ ਜੋ ਰਾਜ ਦਾ ਵਚਨ ਸੁਣਦਾ ਹੈ ਪਰ ਨਹੀਂ ਸਮਝਦਾ ਸੋ ਉਹ ਦੇ ਮਨ ਵਿੱਚ ਜੋ ਕੁਝ ਬੀਜਿਆ ਹੋਇਆ ਹੈ ਦੁਸ਼ਟ ਆਣ ਕੇ ਉਹ ਨੂੰ ਖੋਹ ਲੈਂਦਾ ਹੈ। ਇਹ ਉਹ ਹੈ ਜਿਹੜਾ ਪਹੇ ਵੱਲ ਬੀਜਿਆ ਗਿਆ ਸੀ।**

**ਮਰਕੁਸ 4:14,15**

**[14] ਬੀਜਣ ਵਾਲਾ ਵਚਨ ਬੀਜਦਾ ਹੈ**

**[15] ਅਤੇ ਪਹੇ ਦੇ ਕਿਨਾਰੇ ਵਾਲੇ ਜਿੱਥੇ ਵਚਨ ਬੀਜਿਆ ਜਾਂਦਾ ਹੈ ਸੋ ਏਹ ਲੋਕ ਹਨ ਭਈ ਜਦ ਉਨ੍ਹਾਂ ਨੇ ਸੁਣ ਲਿਆ ਤਦ ਸ਼ੈਤਾਨ ਓਵੇਂ ਆਣ ਕੇ ਉਸ ਵਚਨ ਨੂੰ ਲੈ ਜਾਂਦਾ ਹੈ ਜਿਹੜਾ ਉਨ੍ਹਾਂ ਵਿੱਚ ਬੀਜਿਆ ਗਿਆ ਸੀ।**

**ਲੂਕਾ 8:11,12**

**[11] ਪਰ ਇਹ ਦ੍ਰਿਸ਼ਟਾਂਤ ਇਉਂ ਹੈ ਕਿ ਬੀਜ ਪਰਮੇਸ਼ੁਰ ਦਾ ਵਚਨ ਹੈ**

**[12] ਅਤੇ ਪਹੇ ਦੇ ਕੰਢੇ ਵਾਲੇ ਓਹ ਹਨ ਜਿਨ੍ਹਾਂ ਸੁਣਿਆ, ਤਾਂ ਸ਼ੈਤਾਨ ਆਣ ਕੇ ਉਸ ਵਚਨ ਨੂੰ ਉਨ੍ਹਾਂ ਦੇ ਹਿਰਦਿਆਂ ਵਿੱਚੋਂ ਕੱਢ ਲੈ ਜਾਂਦਾ ਹੈ ਕਿਤੇ ਅਜਿਹਾ ਨਾ ਹੋਵੇ ਜੋ ਓਹ ਨਿਹਚਾ ਕਰ ਕੇ ਬਚਾਏ ਜਾਣ।**

ਬੀਜ ਬੀਜਣ ਵਾਲੇ ਦਾ ਦ੍ਰਿਸ਼ਟਾਂਤ ਸਾਨੂੰ ਇੱਕ ਮਹੱਤਵਪੂਰਨ ਆਤਮਿਕ ਸਚਾਈ ਪ੍ਰਦਾਨ ਕਰਦਾ ਹੈ—ਸ਼ੈਤਾਨ ਵਚਨ ਦੇ ਪਿੱਛੇ ਪਿਆ ਹੋਇਆ ਹੈ। ਇਹ ਦਰਸਾਉਂਦਾ ਹੈ ਕਿ ਪਰਮੇਸ਼ੁਰ ਦੇ ਵਚਨ ਨੂੰ ਸੁਣਨਾ, ਇਸ ਨੂੰ ਆਪਣੇ ਦਿਲਾਂ ਵਿੱਚ ਸਵੀਕਾਰ ਕਰਨਾ ਅਤੇ ਇਸ ਦਾ ਪਾਲਣ-ਪੋਸ਼ਣ ਕਰਨਾ ਕਿੰਨਾ ਮਹੱਤਵਪੂਰਨ ਹੈ! ਸ਼ੈਤਾਨ ਜਾਣਦਾ ਹੈ ਕਿ ਜੇਕਰ ਅਸੀਂ ਵਚਨ ਨੂੰ ਸਵੀਕਾਰ ਕਰਦੇ ਹਾਂ, ਤਾਂ ਇਹ ਸਾਡੇ ਜੀਵਨ ਵਿੱਚ ਫਲ ਦੇਵੇਗਾ ਅਤੇ ਸਾਨੂੰ ਜਿੱਤ, ਅਧਿਕਾਰ ਅਤੇ ਪ੍ਰਭੂਤਾ ਵਿੱਚ ਚਲਾਵੇਗਾ। ਜਿਵੇਂ ਕਿ ਰਸੂਲ ਯੂਹੰਨਾ ਨੇ 1 ਯੂਹੰਨਾ 2:14 ਵਿੱਚ ਲਿਖਿਆ ਹੈ, *"ਹੇ ਜੁਆਨੋ, ਮੈਂ ਤੁਹਾਨੂੰ ਲਿਖਿਆ ਇਸ ਲਈ ਜੋ ਤੁਸੀਂ ਬਲਵੰਤ ਹੋ ਅਤੇ*

*ਪਰਮੇਸ਼ੁਰ ਦਾ ਵਚਨ ਤੁਹਾਡੇ ਵਿੱਚ ਰਹਿੰਦਾ ਹੈ ਅਤੇ ਤੁਸਾਂ ਓਸ ਦੁਸ਼ਟ ਨੂੰ ਜਿੱਤ ਲਿਆ ਹੈ।"*

ਇਸ ਲਈ, ਪਰਮੇਸ਼ੁਰ ਦੇ ਵਚਨ ਤੋਂ ਦੂਰ ਕਰਨ ਦੇ ਲਈ ਸ਼ੈਤਾਨ ਇਸ ਕੋਸ਼ਿਸ਼ ਵਿੱਚ ਆਪਣੇ ਬਲ ਦੀ ਵਰਤੋਂ ਕਰੇਗਾ...

- ਸਾਨੂੰ ਉਦਾਸੀਨਤਾ, ਆਲਸ, ਰੁਝੇਵੇਂ, ਧਿਆਨ ਭਟਕਣਾ ਆਦਿ ਦੇ ਦੁਆਰਾ ਪਰਮੇਸ਼ੁਰ ਦੇ ਵਚਨ ਨੂੰ ਸੁਣਨ ਤੋਂ ਰੋਕੇਗਾ।
- ਸਾਨੂੰ ਉਲਝਣਾਂ, ਝੂਠ, ਧੋਖੇ ਆਦਿ ਰਾਹੀਂ ਇਸ ਨੂੰ ਸਮਝਣ ਤੋਂ ਰੋਕੇਗਾ
- ਸਾਨੂੰ ਸ਼ੱਕ, ਬੇਪਰਤੀਤੀ, ਡਰ ਆਦਿ ਰਾਹੀਂ ਇਸ ਤੇ ਵਿਸ਼ਵਾਸ ਕਰਨ ਤੋਂ ਰੋਕੇਗਾ।

ਕਿਉਂਕਿ, ਪ੍ਰਭੂ ਯਿਸੂ ਮਸੀਹ ਨੇ ਸਾਡੇ ਲਈ ਸ਼ੈਤਾਨ ਦੀਆਂ ਰਣਨੀਤੀਆਂ ਦੱਸੀਆਂ ਹਨ, ਅਸੀਂ ਉਸ ਦੇ ਵਿਰੋਧ ਵਿੱਚ ਉਪਾਅ ਕਰ ਸਕਦੇ ਹਾਂ ਅਤੇ ਇਹ ਯਕੀਨੀ ਬਣਾ ਸਕਦੇ ਹਾਂ ਕਿ ਅਸੀਂ ਆਪਣੇ ਦਿਲਾਂ ਵਿੱਚ ਪਰਮੇਸ਼ੁਰ ਦੇ ਵਚਨ ਨੂੰ ਭਰਪੂਰ ਢੰਗ ਨਾਲ ਸੰਭਾਲਣ ਲਈ ਆਪਣੀ ਜ਼ਿੰਮੇਵਾਰੀ ਨਿਭਾਈਏ। ਪਰਮੇਸ਼ੁਰ ਦਾ ਵਚਨ ਤੁਹਾਡੇ ਵਿੱਚ ਬਹੁਤਾ ਕਰਕੇ ਵੱਸੇ!

## ਬੀਜ ਦੀ ਰੱਖਿਆ ਕਰੋ ਅਤੇ ਉਸ ਦਾ ਪਾਲਣ-ਪੋਸ਼ਣ ਕਰੋ

ਬੀਜ ਬੀਜਣ ਵਾਲੇ ਦੇ ਦ੍ਰਿਸ਼ਟਾਂਤ ਤੋਂ ਦੂਜੀ ਮਹੱਤਵਪੂਰਨ ਸਮਝ ਜੋ ਅਸੀਂ ਪ੍ਰਾਪਤ ਕਰ ਸਕਦੇ ਹਾਂ ਉਹ ਇਹ ਹੈ ਕਿ ਜੇਕਰ ਅਸੀਂ ਚਾਹੁੰਦੇ ਹਾਂ ਕਿ ਬੀਜ ਫਲ ਦੇਣ ਤਾਂ ਉਨ੍ਹਾਂ ਨੂੰ ਸਮੇਂ ਦੇ ਨਾਲ ਸੁਰੱਖਿਅਤ ਰੱਖਣਾ ਅਤੇ ਪਾਲਣ-ਪੋਸ਼ਣ ਕੀਤਾ ਜਾਣਾ ਚਾਹੀਦਾ ਹੈ। ਅਸੀਂ ਇਸ ਨੂੰ ਬਾਗ਼ਬਾਨੀ ਜਾਂ ਖੇਤੀ ਦੇ ਆਪਣੇ ਗਿਆਨ ਤੋਂ ਅਸਾਨੀ ਨਾਲ ਸਮਝ ਸਕਦੇ ਹਾਂ।

ਪ੍ਰਭੂ ਯਿਸੂ ਨੇ ਦੋ ਮਹੱਤਵਪੂਰਨ ਖੇਤਰਾਂ ਬਾਰੇ ਦੱਸਿਆ, ਜਿੱਥੇ ਸਾਨੂੰ ਅਜਿਹੇ ਖ਼ਤਰਿਆਂ ਦਾ ਸਾਹਮਣਾ ਕਰਨਾ ਪਵੇਗਾ, ਜੋ ਬੀਜ ਨੂੰ ਫਲ ਦੇਣ ਤੋਂ ਰੋਕ ਸਕਦੇ ਹਨ ਜਾਂ ਸਾਨੂੰ ਫ਼ਸਲ ਤੋਂ ਵਾਂਝਾ ਕਰ ਸਕਦੇ ਹਨ। ਯਿਸੂ ਨੇ ਇਨ੍ਹਾਂ ਗੱਲਾਂ ਦਾ ਜ਼ਿਕਰ ਕੀਤਾ...

- ਇਸ ਸੰਸਾਰ ਦੀਆਂ ਚਿੰਤਾਵਾਂ, ਧਨ-ਦੌਲਤ ਦਾ ਧੋਖਾ, ਹੋਰ ਚੀਜ਼ਾਂ ਦੀ ਇੱਛਾ

ਅਤੇ ਜੀਵਨ ਦੇ ਸੁੱਖ।

- ਅਸੀਂ ਇਨ੍ਹਾਂ ਫਸਲਾਂ ਨੂੰ ਰੋਕਣ ਵਾਲੀਆਂ ਇਨ੍ਹਾਂ ਗੱਲਾਂ ਦੀ ਜਾਂਚ ਵੱਖਰੇ ਅਧਿਆਵਾਂ ਵਿੱਚ ਕਰਾਂਗੇ।

ਇੱਕ ਹੋਰ ਮਹੱਤਵਪੂਰਨ ਪਹਿਲੂ ਬੀਜ ਦਾ ਪਾਲਣ-ਪੋਸ਼ਣ ਕਰਨਾ ਹੈ।

ਕੁਦਰਤੀ ਖੇਤਰ ਵਿੱਚ, ਅਸੀਂ ਇਹ ਯਕੀਨੀ ਬਣਾਉਂਦੇ ਹਾਂ ਕਿ ਬੀਜ ਨੂੰ ਲੋੜੀਂਦੀ ਧੁੱਪ, ਪਾਣੀ ਅਤੇ ਪੌਸ਼ਟਿਕ ਤੱਤ ਮਿਲਣ ਤਾਂ ਜੋ ਇਹ ਉੱਗ ਸਕੇ, ਵੱਧ ਸਕੇ ਅਤੇ ਫਲ ਦੇ ਸਕੇ। ਇਸੇ ਤਰ੍ਹਾਂ, ਸਾਨੂੰ ਆਪਣੇ ਦਿਲਾਂ ਵਿੱਚ ਇੱਕ ਅਨੁਕੂਲ ਵਾਤਾਵਰਣ ਬਣਾਈ ਰੱਖਣਾ ਚਾਹੀਦਾ ਹੈ, ਜਿੱਥੇ ਵਚਨ ਦੇ ਬੀਜ ਦਾ ਪਾਲਣ-ਪੋਸ਼ਣ ਹੋ ਸਕੇ। ਪਰਮੇਸ਼ੁਰ ਦੇ ਵਚਨ ਨੂੰ ਪਾਣੀ (ਅਫ਼ਸੀਆਂ 5:26) ਅਤੇ ਚਾਨਣ (ਜ਼ਬੂਰਾਂ 119:105) ਕਿਹਾ ਗਿਆ ਹੈ। ਇਸ ਤਰ੍ਹਾਂ, ਅਸੀਂ ਵਚਨ ‘ਤੇ ਲਗਾਤਾਰ ਧਿਆਨ ਕਰਦੇ ਹੋਏ ਪੋਸ਼ਣ ਪ੍ਰਾਪਤ ਕਰਦੇ ਹਾਂ। (ਪਾਣੀ ਅਤੇ ਚਾਨਣ ਪ੍ਰਦਾਨ ਕਰਕੇ), ਨਿਰੰਤਰ ਪਰਕਾਸ਼ ਪ੍ਰਾਪਤ ਕਰਕੇ (ਸ਼ਾਇਦ ਪੌਸ਼ਟਿਕ ਤੱਤਾਂ ਦੇ ਵਾਂਗ) ਅਤੇ ਆਤਮਾ ਨਾਲ ਭਰਪੂਰ ਹੋ ਕੇ ਚੱਲਦੇ ਹਾਂ (ਕੁਲੁੱਸੀਆਂ 3:15; ਅਫ਼ਸੀਆਂ 5:18,19)।

## ਪਰਮੇਸ਼ੁਰ ਦੇ ਰਾਜ ਦਾ ਬੀਜ ਦਾ ਸਿਧਾਂਤ

**ਮਰਕੁਸ 4:26-29**

**26 ਫੇਰ ਉਹ ਨੇ ਆਖਿਆ, ਪਰਮੇਸ਼ੁਰ ਦਾ ਰਾਜ ਇਹੋ ਜਿਹਾ ਹੈ ਜਿਹਾ ਕੋਈ ਮਨੁੱਖ ਜ਼ਮੀਨ ਵਿੱਚ ਬੀ ਪਾਵੇ।**

**27 ਅਤੇ ਰਾਤ ਦਿਨ ਸੌਂਵੇ ਉੱਠੇ ਅਤੇ ਉਹ ਬੀ ਉੱਗ ਪਏ ਅਰ ਵਧੇ ਪਰ ਉਹ ਨਾ ਜਾਣੇ ਕਿਸ ਤਰ੍ਹਾਂ।**

**28 ਜ਼ਮੀਨ ਤਾਂ ਆਪੇ ਆਪ ਫਲ ਲਿਆਉਂਦੀ ਹੈ, ਪਹਿਲਾਂ ਅੰਗੂਰੀ, ਫੇਰ ਸਿੱਟਾ, ਫੇਰ ਸਿੱਟੇ ਵਿੱਚ ਸਾਬਤ ਦਾਣੇ।**

**29 ਅਰ ਜਾਂ ਫਲ ਪੱਕੇ ਤਾਂ ਉਹ ਝੱਟ ਦਾਤੀ ਲਾਉਂਦਾ ਹੈ ਕਿਉਂ ਜੋ ਵਾਢੀ ਦਾ ਵੇਲਾ ਆ ਗਿਆ।**

ਬੀਜ ਦਾ ਉੱਗਣਾ ਆਮ ਤੌਰ ਤੇ ਮਿੱਟੀ ਦੇ ਹੇਠਾਂ ਹੁੰਦਾ ਹੈ। ਅਸੀਂ ਜਾਣਦੇ ਹਾਂ ਕਿ ਇਹ ਹੋ ਰਿਹਾ ਹੈ ਭਾਵੇਂ ਅਸੀਂ ਇਸ ਨੂੰ ਨਹੀਂ ਵੇਖਦੇ ਅਤੇ ਇਸ ਵਿੱਚ ਸਮਾਂ ਲੱਗਦਾ ਹੈ। ਸਮੇਂ ਦੇ ਨਾਲ, ਅਸੀਂ ਵਾਧੇ ਦੇ ਨਿਸ਼ਾਨ ਵੇਖਦੇ ਹਾਂ ਜਦੋਂ ਅੰਗੂਰੀ ਮਿੱਟੀ ਤੋਂ ਉੱਪਰ ਨਿਕਲਦੀ ਹੈ ਅਤੇ ਹੋਰ ਸਮਾਂ ਲੰਘਣਾ ਲਾਜ਼ਮੀ ਹੈ ਇਸ ਤੋਂ ਪਹਿਲਾਂ ਕਿ ਪੌਦਾ ਜਾਂ ਰੁੱਖ ਵਧ ਕੇ ਫਲ ਪੈਦਾ ਕਰ ਸਕੇ।

ਬੀਜਣ ਵਾਲੇ ਦੇ ਦ੍ਰਿਸ਼ਟਾਂਤ ਤੋਂ ਬਾਅਦ, ਸਾਨੂੰ ਪਰਮੇਸ਼ੁਰ ਦੇ ਰਾਜ ਬਾਰੇ ਸਿਖਾਉਣ ਦੇ ਲਈ ਇੱਕ ਵਾਰ ਫੇਰ ਬੀਜਾਂ ਦੀ ਉਦਾਹਰਣ ਦੀ ਵਰਤੋਂ ਕਰਦੇ ਹੋਏ, ਪ੍ਰਭੂ ਯਿਸੂ ਨੇ ਇੱਕ ਹੋਰ ਦ੍ਰਿਸ਼ਟਾਂਤ ਦਿੱਤਾ (ਮਰਕੁਸ 4:26-29)। ਇਸ ਦ੍ਰਿਸ਼ਟਾਂਤ ਵਿੱਚ, ਪ੍ਰਭੂ ਯਿਸੂ ਨੇ ਸਾਨੂੰ ਇੱਕ ਆਮ ਬੀਜ ਦਾ ਸਿਧਾਂਤ ਦੱਸਿਆ, ਜੋ ਪਰਮੇਸ਼ੁਰ ਦੇ ਰਾਜ ਵਿੱਚ ਕੰਮ ਕਰਦਾ ਹੈ। ਇਹ ਬੀਜ ਦਾ ਸਿਧਾਂਤ ਪਰਮੇਸ਼ੁਰ ਦੇ ਰਾਜ ਵਿੱਚ ਸਾਡੇ ਜੀਵਨ ਦੇ ਬਹੁਤ ਸਾਰੇ ਵੱਖ-ਵੱਖ ਪਹਿਲੂਆਂ 'ਤੇ ਲਾਗੂ ਹੁੰਦਾ ਹੈ। ਇਹ ਬੀਜ ਦਾ ਸਿਧਾਂਤ ਉਸ ਪ੍ਰਕਿਰਿਆ 'ਤੇ ਵੀ ਸਪੱਸ਼ਟ ਤੌਰ 'ਤੇ ਲਾਗੂ ਹੁੰਦਾ ਹੈ, ਜਿਸ ਦੇ ਦੁਆਰਾ ਪਰਮੇਸ਼ੁਰ ਦਾ ਵਚਨ—ਚਮਤਕਾਰੀ ਬੀਜ—ਸਾਡੇ ਜੀਵਨ ਵਿੱਚ ਫਲ ਪੈਦਾ ਕਰਦਾ ਹੈ।

*ਇੱਥੇ ਪਰਮੇਸ਼ੁਰ ਦੇ ਰਾਜ ਦੇ ਬੀਜ ਦੇ ਸਿਧਾਂਤ ਦੇ ਬਾਰੇ ਮੁੱਖ ਜਾਣਕਾਰੀਆਂ ਹਨ:*

1) ਬੀਜ ਨੂੰ ਬੀਜਣਾ ਜ਼ਰੂਰੀ ਹੈ।

2) ਵਾਧੇ ਦੇ ਕੋਈ ਵੀ ਸੰਕੇਤ ਦਿਖਾਈ ਦੇਣ ਤੋਂ ਪਹਿਲਾਂ ਕੁਝ ਸਮਾਂ ਲੰਘਣਾ ਚਾਹੀਦਾ ਹੈ।

3) ਬੀਜ ਫਲ ਦੇਵੇਗਾ, ਭਾਵੇਂ ਸਾਨੂੰ ਇਹ ਨਹੀਂ ਪਤਾ ਕਿ ਕਿਵੇਂ।

4) ਜਦੋਂ ਵਾਢੀ ਦਾ ਸਮਾਂ ਆਉਂਦਾ ਹੈ, ਤਾਂ ਸਾਨੂੰ ਇਸ ਨੂੰ ਇਕੱਠਾ ਕਰਨ ਦੇ ਲਈ ਦਾਤਰੀ ਦੀ ਵਰਤੋਂ ਕਰਨੀ ਪੈਂਦੀ ਹੈ (ਦੂਜੇ ਸ਼ਬਦਾਂ ਵਿੱਚ, ਫਸਲ ਇਕੱਠੀ ਕਰਨ ਵਿੱਚ ਭੂਮਿਕਾ ਨਿਭਾਉਣੀ ਪੈਂਦੀ ਹੈ)।

ਇੱਕ ਮਹੱਤਵਪੂਰਨ ਸਿਧਾਂਤ ਜੋ ਸਾਨੂੰ ਸਮਝਣਾ ਚਾਹੀਦਾ ਹੈ ਉਹ ਇਹ ਹੈ ਕਿ ਬੀਜਾਂ ਨੂੰ ਫਲ ਦੇਣ ਤੋਂ ਪਹਿਲਾਂ ਇੱਕ ਸਮਾਂ ਬੀਤ ਜਾਵੇਗਾ। ਪਰਮੇਸ਼ੁਰ ਦੇ ਵਚਨ ਦੇ ਇਹ ਬੀਜ ਜੋ ਸਾਡੇ ਦਿਲਾਂ ਵਿੱਚ ਬੀਜੇ ਜਾ ਰਹੇ ਹਨ, ਹੋ ਸਕਦਾ ਹੈ ਕਿ ਰਾਤੋ-ਰਾਤ ਭਰਪੂਰ ਫ਼ਸਲ ਨਹੀਂ ਦੇ ਸਕਦੇ। ਆਮ ਤੌਰ 'ਤੇ, ਸਾਡੇ ਦਿਲਾਂ ਵਿੱਚ ਬੀਜੇ ਗਏ ਬੀਜਾਂ ਦੇ ਨਤੀਜ਼ੇ ਵੇਖਣ ਤੋਂ ਪਹਿਲਾਂ ਕੁਝ ਸਮਾਂ ਲੱਗਦਾ ਹੈ।

ਸ਼ੁਰੂ ਵਿੱਚ, ਅਸੀਂ ਸਿਰਫ਼ ਤੀਹ ਗੁਣਾ ਫ਼ਸਲ ਦਾ ਅਨੁਭਵ ਕਰ ਸਕਦੇ ਹਾਂ। ਪਰ ਅਸੀਂ ਜਾਣਦੇ ਹਾਂ ਕਿ ਬੀਜ ਨੂੰ ਪੁੰਗਰਨ ਅਤੇ ਵੱਧਣ ਦੇ ਲਈ ਕੁਝ ਸਮਾਂ ਲੰਘਣਾ ਜ਼ਰੂਰੀ ਹੈ। ਅਸੀਂ ਆਪਣੇ ਦਿਲਾਂ ਵਿੱਚ ਵਚਨ ਦਾ ਬੀਜ ਬੀਜਦੇ ਰਹਿੰਦੇ ਹਾਂ, ਇਹ ਜਾਣਦੇ ਹੋਏ ਕਿ ਵਾਢੀ ਦਾ ਸਮਾਂ ਜਲਦੀ ਹੀ ਆਵੇਗਾ ਅਤੇ

ਫਿਰ, ਜਿਵੇਂ-ਜਿਵੇਂ ਅਸੀਂ ਵਚਨ ਦਾ ਬੀਜ ਬੀਜਦੇ ਰਹਿੰਦੇ ਹਾਂ, ਤਾਂ ਅਸੀਂ ਵਚਨ ਦੁਆਰਾ ਪੈਦਾ ਕੀਤੀਆਂ ਹੋਰ ਬਹੁਤ ਅਤੇ ਭਰਪੂਰ ਫ਼ਸਲਾਂ ਵੱਢਾਂਗੇ।

ਅਸੀਂ ਪੂਰੀ ਤਰ੍ਹਾਂ ਇਹ ਨਹੀਂ ਦੱਸ ਸਕਦੇ ਕਿ ਸਾਡੇ ਦਿਲਾਂ ਵਿੱਚ ਪਰਮੇਸ਼ੁਰ ਦੇ ਵਚਨ ਦਾ ਬੀਜ ਬੀਜਣ ਨਾਲ ਉਹ ਵਚਨ ਸਾਡੇ ਜੀਵਨ ਵਿੱਚ ਫਲ ਕਿਵੇਂ ਦੇਵੇਗਾ। ਉਦਾਹਰਣ ਦੇ ਤੌਰ ‘ਤੇ, ਅਸੀਂ ਪੂਰੀ ਤਰ੍ਹਾਂ ਇਹ ਨਹੀਂ ਦੱਸ ਸਕਦੇ ਕਿ ਜੇਕਰ ਕੋਈ ਵਿਅਕਤੀ ਸਫਲਤਾ ਅਤੇ ਖੁਸ਼ਹਾਲੀ ਬਾਰੇ ਵਚਨ ਦਾ ਬੀਜ ਬੀਜਦਾ ਹੈ, ਤਾਂ ਇਹ ਵਚਨ ਉਨ੍ਹਾਂ ਨੂੰ ਆਪਣੇ ਹਰ ਕੰਮ ਵਿੱਚ ਸਫਲਤਾ ਅਤੇ ਖੁਸ਼ਹਾਲੀ ਦਾ ਅਨੁਭਵ ਕਰਾਵੇਗਾ ਇਸੇ ਤਰ੍ਹਾਂ, ਅਸੀਂ ਪੂਰੀ ਤਰ੍ਹਾਂ ਇਹ ਨਹੀਂ ਦੱਸ ਸਕਦੇ ਕਿ ਜਦੋਂ ਕੋਈ ਚੰਗਿਆਈ ਅਤੇ ਤੰਦਰੁਸਤੀ ਦੇ ਲਈ ਪਰਮੇਸ਼ੁਰ ਦੇ ਵਚਨ ਦਾ ਬੀਜ ਬੀਜਦਾ ਹੈ, ਤਾਂ ਉਹ ਪਰਮੇਸ਼ੁਰ ਦੀ ਸ਼ਕਤੀ ਦਾ ਅਨੁਭਵ ਕਿਵੇਂ ਕਰ ਸਕਦੇ ਹਨ, ਜੋ ਉਨ੍ਹਾਂ ਨੂੰ ਬਿਮਾਰੀ ਅਤੇ ਰੋਗ ਤੋਂ ਚੰਗਾ ਕਰੇਗੀ ਅਤੇ ਉਨ੍ਹਾਂ ਨੂੰ ਚੰਗੀ ਸਿਹਤ ਵਿੱਚ ਰੱਖੇਗੀ। ਅਸੀਂ ਸਿਰਫ਼ ਇਹ ਕਹਿ ਸਕਦੇ ਹਾਂ ਕਿ ਵਚਨ ਇੱਕ ਬੀਜ ਵਾਂਗ ਹੈ ਅਤੇ ਬੀਜ ਫਲ ਦੇਵੇਗਾ ਭਾਵੇਂ ਸਾਨੂੰ ਇਹ ਨਾ ਪਤਾ ਹੋਵੇ ਕਿ ਕਿਵੇਂ। ਜਦੋਂ ਬੀਜ ਬੀਜਿਆ ਜਾਂਦਾ ਹੈ ਅਤੇ ਉਸ ਦੀ ਸੰਭਾਲ ਕੀਤੀ ਜਾਂਦੀ ਹੈ, ਤਾਂ ਉਹ ਉਹੀ ਫਲ ਦੇਵੇਗਾ ਜਿਸ ਲਈ ਉਹ ਲਗਾਇਆ ਗਿਆ ਹੈ।

# 8

# ਪਰਕਾਸ਼: ਆਤਮਿਕ ਸਮਝ ਪ੍ਰਾਪਤ ਕਰਨਾ

## ਜਦੋਂ ਅਸੀਂ ਪਰਮੇਸ਼ੁਰ ਦੇ ਵਚਨ ਨੂੰ ਨਹੀਂ ਸਮਝਦੇ

**ਮੱਤੀ 13:19**

**ਹਰ ਕੋਈ ਜੋ ਰਾਜ ਦਾ ਬਚਨ ਸੁਣਦਾ ਹੈ, ਪਰ ਨਹੀਂ ਸਮਝਦਾ ਸੋ ਉਹ ਦੇ ਮਨ ਵਿੱਚ ਜੋ ਕੁਝ ਬੀਜਿਆ ਹੋਇਆ ਹੈ, ਦੁਸ਼ਟ ਆਣ ਕੇ ਉਹ ਨੂੰ ਖੋਹ ਲੈਂਦਾ ਹੈ। ਇਹ ਉਹ ਹੈ ਜਿਹੜਾ ਪਹੇ ਵੱਲ ਬੀਜਿਆ ਗਿਆ ਸੀ।**

ਪ੍ਰਭੂ ਯਿਸੂ ਨੇ ਕਿਹਾ ਕਿ ਜਦੋਂ ਅਸੀਂ ਵਚਨ ਨੂੰ ਨਹੀਂ ਸਮਝਦੇ, ਤਾਂ ਸ਼ੈਤਾਨ ਆਉਂਦਾ ਹੈ ਅਤੇ ਉਸ ਬੀਜ ਨੂੰ ਚੋਰੀ ਕਰ ਲੈਂਦਾ ਹੈ, ਇਸ ਤਰ੍ਹਾਂ ਇਸ ਨੂੰ ਸਾਡੇ ਜੀਵਨ ਵਿੱਚ ਜੜ੍ਹ ਫੜਨ ਅਤੇ ਫਲ ਦੇਣ ਤੋਂ ਰੋਕਦਾ ਹੈ। ਸਾਨੂੰ ਵਚਨ ਅਤੇ (ਆਤਮਿਕ ਸਚਿਆਈ ਨੂੰ ਸਮਝਣਾ ਚਾਹੀਦਾ ਹੈ) ਤਾਂ ਜੋ ਸ਼ੈਤਾਨ ਇਸ ਨੂੰ ਚੁਰਾ ਨਾ ਸਕੇ। ਸ਼ੈਤਾਨ ਸਾਨੂੰ ਬਹਿਸਾਂ, ਉਲਝਣਾਂ, ਝੂਠ ਬੋਲਣ, ਧੋਖੇ ਆਦਿ ਦੀਆਂ ਗੱਲਾਂ ਦੇ ਰਾਹੀਂ ਵਚਨ ਨੂੰ ਸਮਝਣ ਤੋਂ ਰੋਕਣ ਦੀ ਹਰ ਕੋਸ਼ਿਸ਼ ਕਰਦਾ ਹੈ।

ਯੂਨਾਨੀ ਭਾਸ਼ਾ ਵਿੱਚ "ਸਮਝਣ" ਦੇ ਲਈ ਵਰਤਿਆ ਗਿਆ ਸ਼ਬਦ ਆਮ ਤੌਰ ਤੇ "ਇਕੱਠਾ ਕਰਨਾ, ਸਮਝ, ਸਮਝਣ ਨਾਲ ਸੰਬੰਧ ਰੱਖਦਾ ਹੈ।" ਸਾਨੂੰ ਵਚਨ ਨੂੰ ਸਮਝਦਾਰੀ ਅਤੇ ਬੌਧਿਕ ਤੌਰ 'ਤੇ ਸਮਝਣਾ ਚਾਹੀਦਾ ਹੈ, ਪਰ ਨਾਲ ਹੀ ਨਾਲ ਆਤਮਿਕ ਸਚਿਆਈ ਦੀ ਸਮਝ ਪ੍ਰਾਪਤ ਕਰਨ ਦਾ ਇੱਕ ਪਹਿਲੂ ਵੀ ਹੈ, ਜਿਸ ਨੂੰ ਅਸੀਂ "ਪਰਕਾਸ਼" ਕਹਿੰਦੇ ਹਾਂ।

**ਲੂਕਾ 8:12**

**ਅਤੇ ਪਹੇ ਦੇ ਕੰਢੇ ਵਾਲੇ ਓਹ ਹਨ ਜਿਨ੍ਹਾਂ ਸੁਣਿਆ, ਤਾਂ ਸ਼ਤਾਨ ਆਣ ਕੇ ਉਸ ਬਚਨ ਨੂੰ ਉਨ੍ਹਾਂ ਦੇ ਹਿਰਦਿਆਂ ਵਿੱਚੋਂ ਕੱਢ ਲੈ ਜਾਂਦਾ ਹੈ ਕਿਤੇ ਅਜਿਹਾ ਨਾ ਹੋਵੇ ਜੋ ਓਹ ਨਿਹਚਾ ਕਰ ਕੇ ਬਚਾਏ ਜਾਣ**

ਸ਼ੈਤਾਨ ਨਹੀਂ ਚਾਹੁੰਦਾ ਕਿ ਅਸੀਂ ਉਸ ਥਾਂ 'ਤੇ ਪਹੁੰਚੀਏ ਜਿੱਥੇ ਅਸੀਂ ਵਚਨ ਤੇ ਵਿਸ਼ਵਾਸ ਕਰੀਏ, ਇਸ ਲਈ ਉਹ ਕੋਸ਼ਿਸ਼ ਕਰਦਾ ਹੈ ਕਿ ਵਚਨ ਦਾ ਪਰਕਾਸ਼ ਪ੍ਰਾਪਤ ਹੋਣ ਅਤੇ ਇਸ 'ਤੇ ਵਿਸ਼ਵਾਸ ਕਰਨ ਤੋਂ ਪਹਿਲਾਂ ਇਸ ਨੂੰ

ਸਾਡੇ ਤੋਂ ਦੂਰ ਕਰ ਦੇਵੇ। ਪਰ, ਜਦੋਂ ਅਸੀਂ ਵਚਨ ਨੂੰ ਸਮਝਦੇ ਹਾਂ ਜਾਂ ਉਸ ਦਾ ਪਰਕਾਸ਼ ਪ੍ਰਾਪਤ ਕਰਦੇ ਹਾਂ, ਤਾਂ ਅਸੀਂ ਉਸ ਵਚਨ ‘ਤੇ ਵਿਸ਼ਵਾਸ ਕਰ ਸਕਦੇ ਹਾਂ ਅਤੇ ਆਪਣੇ ਜੀਵਨਾਂ ਵਿੱਚ ਕੰਮ ਕਰਨ ਵਾਲੀ ਪਰਮੇਸ਼ੁਰ ਦੀ ਸਮਰੱਥ ਦਾ ਅਨੁਭਵ ਕਰ ਸਕਦੇ ਹਾਂ।

## ਪਵਿੱਤਰ ਬਾਈਬਲ ਅਤੇ ਮਨੁੱਖੀ ਬੁੱਧ

**1 ਕੁਰਿੰਥੀਆਂ 2:14**

**ਪਰ ਪ੍ਰਾਣਿਕ ਮਨੁੱਖ ਪਰਮੇਸ਼ੁਰ ਦੇ ਆਤਮਾ ਦੀਆਂ ਗੱਲਾਂ ਨੂੰ ਕਬੂਲ ਨਹੀਂ ਕਰਦਾ ਕਿਉਂ ਜੋ ਉਹ ਉਸ ਦੇ ਲੇਖੇ ਮੂਰਖਤਾਈ ਹਨ ਅਤੇ ਉਹ ਉਨ੍ਹਾਂ ਨੂੰ ਨਹੀਂ ਜਾਣ ਸਕਦਾ ਇਸ ਲਈ ਜੋ ਆਤਮਿਕ ਰੀਤ ਨਾਲ ਉਨ੍ਹਾਂ ਦੀ ਜਾਂਚ ਕਰੀਦੀ ਹੈ।**

ਸਾਡੀ ਬੌਧਿਕ ਯੋਗਤਾ ਸਾਨੂੰ ਵਚਨ ਦੀਆਂ ਗੱਲਾਂ ਨੂੰ ਪੜ੍ਹਨ ਅਤੇ ਸਮਝਣ ਦਿੰਦੀ ਹੈ। ਅਸੀਂ ਆਪਣੀ ਬੁੱਧ ਦੀ ਵਰਤੋਂ ਇਬਰਾਨੀ ਅਤੇ ਯੂਨਾਨੀ, ਇਤਿਹਾਸਕ ਪਿਛੋਕੜ ਅਤੇ ਉਸ ਵਿਸ਼ੇ ਦਾ ਅਧਿਐਨ ਕਰਨ ਦੇ ਲਈ ਕਰਦੇ ਹਾਂ ਜਿਸ ਵਿੱਚ ਵਚਨ ਲਿਖੇ ਗਏ ਹਨ। ਪਰਮੇਸ਼ੁਰ ਨੇ ਸਾਨੂੰ ਬੁੱਧ ਦਿੱਤੀ ਹੈ ਅਤੇ ਅਸੀਂ ਇਸ ਨੂੰ ਸਹੀ ਢੰਗ ਨਾਲ ਇਸਤੇਮਾਲ ਕਰ ਸਕਦੇ ਹਾਂ।

ਹਾਲਾਂਕਿ ਪ੍ਰਾਣਿਕ ਮਨੁੱਖ, ਆਪਣੀ ਸੁਭਾਵਕ ਬੁੱਧ ਨਾਲ, ਉਨ੍ਹਾਂ ਰੱਬੀ ਸਚਾਈਆਂ ਨੂੰ ਨਹੀਂ ਸਮਝ ਸਕਦਾ, ਜੋ ਪਰਮੇਸ਼ੁਰ ਦਾ ਆਤਮਾ ਵਚਨ ਦੇ ਰਾਹੀਂ ਪ੍ਰਗਟ ਕਰਦਾ ਹੈ। ਆਤਮਾ ਦੀਆਂ ਗੱਲਾਂ ਨੂੰ ਸਮਝਣ ਦੇ ਲਈ ਆਤਮਿਕ ਸਮਝ (ਜਾਂ ਆਤਮਿਕ ਸੂਝ) ਦੀ ਲੋੜ ਹੁੰਦੀ ਹੈ। ਇਹ ਉਹ ਥਾਂ ਹੈ ਜਿੱਥੇ ਮਨੁੱਖੀ ਬੁੱਧ ਦੀ ਯੋਗਤਾ ਖ਼ਤਮ ਹੁੰਦੀ ਹੈ ਅਤੇ ਪਵਿੱਤਰ ਆਤਮਾ ਦੇ ਕੰਮ ‘ਤੇ ਨਿਰਭਰਤਾ ਸ਼ੁਰੂ ਹੁੰਦੀ ਹੈ।

**1 ਕੁਰਿੰਥੀਆਂ 2:9-12**

**9 ਪਰੰਤੂ ਜਿਵੇਂ ਲਿਖਿਆ ਹੋਇਆ ਹੈ-ਜਿਹੜੀਆਂ ਵਸਤਾਂ ਅੱਖੀਂ ਨਾ ਵੇਖੀਆਂ,**
**ਨਾ ਕੰਨੀਂ ਸੁਣੀਆਂ, ਨਾ ਇਨਸਾਨ ਦੇ ਮਨ ਵਿੱਚ ਆਈਆਂ,**
**ਜਿਹੜੀਆਂ ਵਸਤਾਂ ਪਰਮੇਸ਼ੁਰ ਨੇ ਆਪਣੇ ਪ੍ਰੇਮੀਆਂ ਲਈ ਤਿਆਰ ਕੀਤੀਆਂ।**
**10 ਓਹਨਾਂ ਨੂੰ ਪਰਮੇਸ਼ੁਰ ਨੇ ਆਤਮਾ ਦੇ ਦੁਆਰਾ ਸਾਡੇ ਉੱਤੇ ਪ੍ਰਗਟ ਕੀਤਾ ਕਿਉਂ ਜੋ ਆਤਮਾ ਸਾਰੀਆਂ ਵਸਤਾਂ ਦੀ ਸਗੋਂ ਪਰਮੇਸ਼ੁਰ ਦੀਆਂ ਡੂੰਘੀਆਂ ਵਸਤਾਂ ਦੀ ਜਾਂਚ ਕਰ ਲੈਂਦਾ ਹੈ।**
**11 ਮਨੁੱਖ ਦੇ ਆਤਮਾ ਤੋਂ ਬਿਨ੍ਹਾਂ ਜੋ ਉਹ ਦੇ ਅੰਦਰ ਹੈ, ਮਨੁੱਖਾਂ ਵਿੱਚੋਂ ਮਨੁੱਖ ਦੀਆਂ ਗੱਲਾਂ ਕੌਣ ਜਾਣਦਾ ਹੈ? ਇਸੇ ਪ੍ਰਕਾਰ ਪਰਮੇਸ਼ੁਰ ਦੇ ਆਤਮਾ ਤੋਂ ਬਿਨ੍ਹਾਂ ਪਰਮੇਸ਼ੁਰ ਦੀਆਂ ਗੱਲਾਂ ਕੋਈ ਨਹੀਂ ਜਾਣਦਾ ਹੈ।**

**12 ਪਰ ਸਾਨੂੰ ਜਗਤ ਦਾ ਆਤਮਾ ਨਹੀਂ ਸਗੋਂ ਉਹ ਆਤਮਾ ਮਿਲਿਆ, ਜਿਹੜਾ ਪਰਮੇਸ਼ੁਰ ਤੋਂ ਹੈ ਤਾਂ ਜੋ ਅਸੀਂ ਉਨ੍ਹਾਂ ਪਦਾਰਥਾਂ ਨੂੰ ਜਾਣੀਏ ਜਿਹੜੇ ਪਰਮੇਸ਼ੁਰ ਨੇ ਸਾਨੂੰ ਬਖਸ਼ੇ ਹਨ।**

ਪਰਮੇਸ਼ੁਰ ਆਪਣੇ ਪਵਿੱਤਰ ਆਤਮਾ ਦੁਆਰਾ ਆਤਮਿਕ ਸਚਾਈਆਂ ਅਤੇ ਹਕੀਕਤਾਂ (ਉਜਾਗਰ ਕਰਦਾ ਹੈ, ਪਰਦਾ ਚੁੱਕਦਾ ਹੈ)। ਇਹ ਸਾਨੂੰ ਉਨ੍ਹਾਂ ਗੱਲਾਂ ਨੂੰ ਜਾਣਨ (ਸਮਝਣ, ਨਿਸ਼ਚਿਤ ਕਰਨ, ਵੇਖਣ, ਮਹਿਸੂਸ ਕਰਨ) ਦੇ ਯੋਗ ਬਣਾਉਂਦਾ ਹੈ ਜੋ ਪਰਮੇਸ਼ੁਰ ਨੇ ਸਾਨੂੰ ਮੁਫ਼ਤ ਵਿੱਚ ਦਿੱਤੀਆਂ ਹਨ।

ਪਵਿੱਤਰ ਆਤਮਾ ਪਰਕਾਸ਼ ਦਾ ਆਤਮਾ ਹੈ। ਉਹ ਸਾਨੂੰ ਵਚਨ ਵਿੱਚ ਦਰਜ ਰੱਬੀ ਸਚਾਈਆਂ ਨੂੰ ਵੇਖਣ ਦੇ ਯੋਗ ਬਣਾਉਂਦਾ ਹੈ। ਉਹ ਸਾਨੂੰ ਸ਼ਬਦਾਂ ਦੇ ਅਰਥਾਂ ਤੋਂ ਪਰੇ ਲੈ ਜਾਂਦਾ ਹੈ ਜੋ ਸਾਨੂੰ ਪੁਰਾਣੇ ਸਮੇਂ ਦੇ ਲੋਕਾਂ ਦੁਆਰਾ ਲਿਖੇ ਗਏ ਅਤੇ ਪਰਮੇਸ਼ੁਰ ਦੁਆਰਾ ਪ੍ਰਗਟ ਕੀਤੇ ਗਏ ਮੂਲ ਵਿਚਾਰਾਂ ਵੱਲ ਲੈ ਜਾਂਦਾ ਹੈ। ਮਨੁੱਖ ਦੇ ਵਿਚਾਰਾਂ ਅਤੇ ਪਰਮੇਸ਼ੁਰ ਦੇ ਵਿਚਾਰਾਂ ਵਿੱਚ ਬਹੁਤ ਵੱਡਾ ਅੰਤਰ ਹੈ। ਪ੍ਰਭੂ ਨੇ ਕਿਹਾ, *"ਜਿਵੇਂ ਅਕਾਸ਼ ਧਰਤੀ ਤੋਂ ਉੱਚੇ ਹਨ, ਤਿਵੇਂ ਮੇਰੇ ਰਾਹ ਤੁਹਾਡੇ ਰਾਹਾਂ ਤੋਂ ਅਤੇ ਮੇਰੇ ਖਿਆਲ ਤੁਹਾਡੇ ਖਿਆਲਾਂ ਤੋਂ ਉੱਚੇ ਹਨ।"* (ਯਸਾਯਾਹ 55:9)।

ਬੌਧਿਕ ਸਮਝ ਤੋਂ ਆਤਮਿਕ ਸਮਝ ਦੀ ਵੱਲ ਅੱਗੇ ਵੱਧਣਾ ਪਰਕਾਸ਼ ਹੈ। ਪਰਕਾਸ਼ ਦੇ ਰਾਹੀਂ ਅਸੀਂ ਆਤਮਿਕ ਸਚਿਆਈ ਨੂੰ ਸਮਝਦੇ ਹਾਂ। ਜਦੋਂ ਕੋਈ ਵਿਅਕਤੀ ਆਤਮਿਕ ਸਚਿਆਈ ਦਾ ਪਰਕਾਸ਼ (ਭਾਵ, ਆਤਮਿਕ ਤੌਰ 'ਤੇ ਵਚਨ ਨੂੰ ਨਹੀਂ ਸਮਝਦਾ), ਤਾਂ ਯਿਸੂ ਨੇ ਕਿਹਾ, *"ਹਰ ਕੋਈ ਜੋ ਰਾਜ ਦਾ ਵਚਨ ਸੁਣਦਾ ਹੈ ਪਰ ਨਹੀਂ ਸਮਝਦਾ ਸੋ ਉਹ ਦੇ ਮਨ ਵਿੱਚ ਜੋ ਕੁਝ ਬੀਜਿਆ ਹੋਇਆ ਹੈ ਦੁਸ਼ਟ ਆਣ ਕੇ ਉਹ ਨੂੰ ਖੋਹ ਲੈਂਦਾ ਹੈ। ਇਹ ਉਹ ਹੈ ਜਿਹੜਾ ਪਹੇ ਵੱਲ ਬੀਜਿਆ ਗਿਆ ਸੀ"* (ਮੱਤੀ 13:19)। `

## ਪਰਕਾਸ਼ ਦੇ ਲਈ ਪ੍ਰਾਰਥਨਾ ਕਰਨਾ

**ਅਫ਼ਸੀਆਂ 1:17-19**

**17 ਭਈ ਸਾਡੇ ਪ੍ਰਭੂ ਯਿਸੂ ਮਸੀਹ ਦਾ ਪਰਮੇਸ਼ੁਰ ਜਿਹੜਾ ਤੇਜ ਦਾ ਪਿਤਾ ਹੈ, ਆਪਣੀ ਪੂਰੀ ਪਹਿਚਾਣ ਵਿੱਚ ਗਿਆਨ ਅਤੇ ਪਰਕਾਸ਼ ਦਾ ਆਤਮਾ ਤੁਹਾਨੂੰ ਦਾਨ ਕਰੇ;**
**18 ਕਿ ਤੁਹਾਡੇ ਦਿਲ ਦੀਆਂ ਅੱਖਾਂ ਨੂੰ ਚਾਨਣ ਹੋਵੇ ਤਾਂ ਜੋ ਤੁਸੀਂ ਜਾਣ ਲਵੋ ਭਈ ਉਹ ਦੇ ਸੱਦੇ ਤੋਂ ਕੀ ਆਸ ਹੁੰਦੀ ਹੈ ਅਤੇ ਸੰਤਾਂ ਵਿੱਚ ਉਹ ਦੇ ਤੇਜਵਾਨ ਅਧਿਕਾਰ ਦਾ ਧਨ ਕੀ ਹੈ।**
**19 ਅਤੇ ਅਸਾਂ ਨਿਹਚਾਵਾਨਾਂ ਵੱਲ ਉਹ ਦੀ ਸਮਰੱਥਾ ਦਾ ਅਤਿਅੰਤ ਵੱਡਾਪਣ ਉਹ ਦੀ ਵੱਡੀ**

**ਸ਼ਕਤੀ ਦੇ ਅਮਲ ਅਨੁਸਾਰ ਕੀ ਹੈ,**

ਅਫ਼ਸੁਸ ਦੇ ਵਿਸ਼ਵਾਸੀਆਂ ਦੇ ਲਈ ਪੌਲੁਸ ਆਪਣੀ ਪ੍ਰਾਰਥਨਾ ਵਿੱਚ, ਖਾਸ ਤੌਰ 'ਤੇ ਗਿਆਨ ਅਤੇ ਪਰਕਾਸ਼ ਦੇ ਆਤਮਾ ਦੀ ਮੰਗ ਕਰਦਾ ਹੈ ਅਤੇ ਬੇਨਤੀ ਕਰਦਾ ਹੈ ਕਿ ਉਨ੍ਹਾਂ ਦੀ ਸਮਝ ਨੂੰ ਗਿਆਨ (ਪਰਕਾਸ਼) ਪ੍ਰਾਪਤ ਹੋਵੇ ਤਾਂ ਜੋ ਉਹ ਪਰਮੇਸ਼ੁਰ ਨੂੰ ਜਾਣ ਸਕਣ, ਪਰਮੇਸ਼ੁਰ ਦੇ ਸੱਦੇ ਦੇ ਉਦੇਸ਼ ਨੂੰ ਜਾਣ ਸਕਣ, ਉਸ ਤੇਜਵਾਨ ਅਧਿਕਾਰ ਨੂੰ ਜਾਣ ਸਕਣ, ਜੋ ਪਰਮੇਸ਼ੁਰ ਕੋਲ ਆਪਣੇ ਲੋਕਾਂ ਦੇ ਲਈ ਰੱਖਿਆ ਹੈ ਅਤੇ ਉਸ ਸਮਰੱਥਾ ਦੇ ਅਤਿਅੰਤ ਵੱਡੇਪਣ ਨੂੰ ਜਾਣ ਸਕਣ, ਜੋ ਪਰਮੇਸ਼ੁਰ ਨੇ ਆਪਣੇ ਲੋਕਾਂ ਨੂੰ ਉਪਲੱਬਧ ਕਰਵਾਇਆ ਹੈ। ਇਸ ਲਈ, ਅਜਿਹੀਆਂ ਆਤਮਿਕ ਸਚਾਈਆਂ ਦਾ ਗਿਆਨ ਅਤੇ ਸਮਝ ਪਵਿੱਤਰ ਆਤਮਾ ਦੇ ਪਰਕਾਸ਼ ਅਤੇ ਗਿਆਨ ਦੁਆਰਾ ਪ੍ਰਾਪਤ ਕੀਤੀ ਜਾਂਦੀ ਹੈ। ਪਵਿੱਤਰ ਆਤਮਾ ਸਾਡੀ ਸਮਝ ਦੀਆਂ ਅੱਖਾਂ ਨੂੰ ਰੌਸ਼ਨ ਕਰਦੀ ਹੈ, ਤਾਂ ਜੋ ਅਸੀਂ ਆਤਮਿਕ ਸਚਾਈਆਂ ਨੂੰ ਜਾਣ ਸਕੀਏ।

ਜਦੋਂ ਪਰਕਾਸ਼ ਦੀ ਪ੍ਰਕਿਰਿਆ ਦੇ ਰਾਹੀਂ, ਅਸੀਂ ਆਤਮਿਕ ਸਮਝ ਪ੍ਰਾਪਤ ਕਰਦੇ ਹਾਂ, ਤਾਂ ਅਸੀਂ ਕੁਦਰਤੀ ਬੌਧਿਕ ਗਿਆਨ ਤੋਂ ਆਪਣੀਆਂ ਆਤਮਾਵਾਂ ਵਿੱਚ ਜਾਣਨ ਵੱਲ ਵੱਧਦੇ ਹਾਂ। ਇਹ ਕੁਦਰਤੀ ਗਿਆਨ ਅਤੇ ਆਤਮਿਕ ਗਿਆਨ ਵਿੱਚ, ਮਨ ਦੇ ਗਿਆਨ ਅਤੇ ਦਿਲ ਦੇ ਗਿਆਨ ਵਿੱਚ ਅੰਤਰ ਹੈ। ਜਦੋਂ ਅਸੀਂ ਆਪਣੇ ਦਿਲਾਂ (ਆਤਮਾ) ਵਿੱਚ ਕੁਝ ਜਾਣਦੇ ਹਾਂ, ਤਾਂ ਇਸ ਦਾ ਅਰਥ ਇਹ ਹੈ ਕਿ ਸਾਡੇ ਦਿਲਾਂ ਦੀਆਂ ਅੱਖਾਂ ਉਸ ਨੂੰ ਸਮਝਣ ਦੇ ਲਈ ਪਰਕਾਸ਼ ਹੋ ਗਈਆਂ ਹਨ। ਇਸ ਲਈ, ਅਸੀਂ ਉਸ ਨੂੰ ਅੰਦਰੋਂ ਡੂੰਘਾਈਆਂ ਨਾਲ ਜਾਣਦੇ ਹਾਂ ਅਤੇ ਵਿਸ਼ਵਾਸ ਕਰਦੇ ਹਾਂ। ਅਸੀਂ ਆਤਮਿਕ ਸਚਿਆਈ ਨੂੰ ਅਪਣਾਉਂਦੇ ਹਾਂ ਅਤੇ ਉਸ ਉੱਤੇ ਵਿਸ਼ਵਾਸ ਕਰਦੇ ਹਾਂ ਅਤੇ ਇਸ ਦਾ ਅਨੁਭਵ ਕਰਦੇ ਹਾਂ।

ਇਸ ਲਈ, ਜਦੋਂ ਅਸੀਂ ਵਚਨ ਪੜ੍ਹਦੇ ਅਤੇ ਸੁਣਦੇ ਹਾਂ, ਤਾਂ ਸਾਨੂੰ ਸਚਿਆਈ ਅਤੇ ਆਤਮਿਕ ਸਚਿਆਈ ਦੀ ਸਮਝ ਦੇ ਲਈ ਪ੍ਰਾਰਥਨਾ ਕਰਨੀ ਚਾਹੀਦੀ ਹੈ। ਜਦੋਂ ਅਸੀਂ ਵਚਨ ਦਾ ਸਚਿਆਈ ਪ੍ਰਾਪਤ ਕਰਦੇ ਹਾਂ ਅਤੇ ਇਸ 'ਤੇ ਵਿਸ਼ਵਾਸ ਕਰਦੇ ਹਾਂ, ਤਾਂ ਸ਼ੈਤਾਨ ਇਸ ਨੂੰ ਸਾਡੇ ਤੋਂ ਚੋਰੀ ਨਹੀਂ ਕਰ ਸਕਦਾ ਜਾਂ ਖੋਹ ਨਹੀਂ ਸਕਦਾ। ਅਸੀਂ ਇਸ ਨੂੰ ਦੇਖਦੇ ਹਾਂ। ਅਸੀਂ ਇਸ 'ਤੇ ਵਿਸ਼ਵਾਸ ਕਰਦੇ ਹਾਂ। ਇਹ ਹੁਣ ਸਾਡਾ ਹੋ ਗਿਆ ਹੈ।

# 9

# ਫਸਲ ਨੂੰ ਰੋਕਣ ਵਾਲੇ: ਵਚਨ ਦਾ ਵਿਰੋਧ

**ਮੱਤੀ 13:20,21**

**[20] ਅਤੇ ਜਿਹੜਾ ਪੱਥਰੀਲੀ ਜ਼ਮੀਨ ਵਿੱਚ ਬੀਜਿਆ ਗਿਆ, ਸੋ ਉਹ ਹੈ ਜੋ ਵਚਨ ਸੁਣ ਕੇ ਝੱਟ ਖ਼ੁਸ਼ੀ ਨਾਲ ਉਹ ਨੂੰ ਮੰਨ ਲੈਂਦਾ ਹੈ।**

**[21] ਪਰ ਆਪਣੇ ਵਿੱਚ ਜੜ੍ਹ ਨਹੀਂ ਰੱਖਦਾ ਹੈ। ਤਾਂ ਵੀ ਥੋੜ੍ਹਾ ਚਿਰ ਰਹਿੰਦਾ ਹੈ ਪਰ ਜਾਂ ਬਚਨ ਦੇ ਕਾਰਨ ਦੁੱਖ ਜਾਂ ਜ਼ੁਲਮ ਹੁੰਦਾ ਤਾਂ ਉਹ ਝੱਟ ਠੋਕਰ ਖਾਂਦਾ ਹੈ।**

**ਮਰਕੁਸ 4:16,17**

**[16] ਅਤੇ ਇਸੇ ਤਰ੍ਹਾਂ ਜਿਹੜੇ ਪੱਥਰੀਲਿਆਂ ਥਾਵਾਂ ਵਿੱਚ ਬੀਜੇ ਜਾਂਦੇ ਸੋ ਓਹ ਹਨ ਜਿਹੜੇ ਬਚਨ ਨੂੰ ਸੁਣਦਿਆਂ ਸਾਰ ਖੁਸ਼ੀ ਨਾਲ ਉਹ ਨੂੰ ਮੰਨ ਲੈਂਦੇ ਹਨ।**

**[17] ਅਤੇ ਆਪਣੇ ਵਿੱਚ ਜੜ੍ਹ ਨਹੀਂ ਰੱਖਦੇ ਹਨ ਪਰ ਥੋੜ੍ਹਾ ਚਿਰ ਰਹਿੰਦੇ ਹਨ ਅਤੇ ਜਾਂ ਬਚਨ ਦੇ ਕਾਰਨ ਦੁੱਖ ਵਿੱਚ ਪੈਂਦੇ ਜਾਂ ਸਤਾਏ ਜਾਂਦੇ ਹਨ ਤਾਂ ਝੱਟ ਠੋਕਰ ਖਾਂਦੇ ਹਨ।**

**ਲੂਕਾ 8:13**

**ਅਤੇ ਜੋ ਪੱਥਰ ਉੱਤੇ ਕਿਰੇ ਸੋ ਓਹ ਹਨ ਕਿ ਜਿਸ ਵੇਲੇ ਓਹ ਸੁਣਦੇ ਹਨ ਤਾਂ ਬਚਨ ਨੂੰ ਖੁਸ਼ੀ ਨਾਲ ਮੰਨ ਲੈਂਦੇ ਹਨ ਪਰ ਏਹ ਜੜ੍ਹ ਨਹੀਂ ਰੱਖਦੇ ਅਤੇ ਥੋੜ੍ਹਾ ਚਿਰ ਪਰਤੀਤ ਕਰਦੇ ਅਰ ਪਰਤਾਵੇ ਵੇਲੇ ਹਟ ਜਾਂਦੇ ਹਨ।**

ਹੁਣ ਆਓ ਦੇਖੀਏ ਕਿ ਯਿਸੂ ਨੇ ਕਿਹੜੇ ਕਾਰਣਾਂ ਵੱਲ ਇਸ਼ਾਰਾ ਕੀਤਾ ਜੋ ਬੀਜ ਨੂੰ ਫਲ ਦੇਣ ਤੋਂ ਰੋਕਦੇ ਹਨ। ਬੀਜ ਵਿੱਚ ਕੁਝ ਵੀ ਗ਼ਲਤ ਨਹੀਂ ਹੈ। ਇਹ ਬੀਜ ਪਰਮੇਸ਼ੁਰ ਦਾ ਵਚਨ ਹੈ ਅਤੇ ਇਸ ਲਈ ਇਹ ਸੰਪੂਰਨ ਹੈ। ਪਰ ਕੁਝ ਬਾਹਰੀ ਕਾਰਣ ਵੀ ਹਨ, ਜੋ ਵਚਨ ਦੇ ਬੀਜ ਨੂੰ ਫਲ ਦੇਣ ਤੋਂ ਰੋਕਦੇ ਹਨ।

ਯਿਸੂ ਨੇ ਕਿਹਾ ਕਿ ਬਾਹਰੀ ਕਾਰਣਾਂ ਦਾ ਇੱਕ ਸਮੂਹ ਜੋ ਫਸਲ ਨੂੰ ਰੋਕ ਸਕਦਾ ਹੈ, ਉਹ ਹੈ ਵਚਨ ਦੇ ਕਾਰਣ ਕਸ਼ਟ ਜਾਂ ਸਤਾਓ ਅਤੇ ਅਜ਼ਮਾਇਸ਼ਾਂ ਦਾ ਸਮੇਂ।

## ਵਚਨ ਦੇ ਵਿਰੋਧ ਦੇ ਬਾਵਜੂਦ ਦ੍ਰਿੜ੍ਹ ਰਹੋ

ਜਦੋਂ ਅਸੀਂ ਪਰਮੇਸ਼ੁਰ ਦੇ ਵਚਨ ਨੂੰ ਸੁਣਦੇ ਅਤੇ ਕਬੂਲ ਕਰਦੇ ਹਾਂ, ਤਾਂ

ਪਰਮੇਸ਼ੁਰ ਦੇ ਵਚਨ ਦੇ ਕਾਰਨ ਕਸ਼ਟ (ਮੁਸੀਬਤ, ਦਬਾਅ), ਸਤਾਓ (ਮਨੁੱਖਾਂ ਵੱਲੋਂ ਵਿਰੋਧ) ਅਤੇ ਅਜ਼ਮਾਇਸ਼ਾਂ (ਮੁਸ਼ਕਲਾਂ, ਪਾਪ ਕਰਨ ਦੀਆਂ ਅਜ਼ਮਾਇਸ਼ਾਂ) ਆਉਣਗੀਆਂ। ਇਹ ਵਿਰੋਧ ਅਕਸਰ ਉਨ੍ਹਾਂ ਖੇਤਰਾਂ ਵਿੱਚ ਪੈਦਾ ਹੁੰਦੇ ਹਨ, ਜਿੱਥੇ ਅਸੀਂ ਪਰਮੇਸ਼ੁਰ ਦੇ ਵਚਨ ਨੂੰ ਸੁਣਦੇ ਅਤੇ ਕਬੂਲ ਕਰਦੇ ਹਾਂ। ਕਈ ਵਾਰ ਸ਼ੈਤਾਨ ਦੀਆਂ ਅਜ਼ਮਾਇਸ਼ਾਂ ਸਾਨੂੰ ਸ਼ੱਕ ਕਰਨ, ਸਵਾਲ ਕਰਨ ਅਤੇ ਸਾਨੂੰ ਵਚਨ ਦੀ ਸਚਿਆਈ ਨੂੰ ਤਰਕ ਦੇ ਨਾਲ ਖ਼ਤਮ ਕਰਨ ਵੱਲ ਉਕਸਾਉਂਦੀਆਂ ਹਨ ਅਤੇ ਸਾਨੂੰ ਡਰ ਅਤੇ ਬੇਪਰਤੀਤੀ ਦੀ ਸਥਿਤੀ ਵਿੱਚ ਪਾ ਦਿੰਦੀਆਂ ਹਨ। ਵਿਰੋਧ ਦਾ ਸੁਭਾਅ ਅਤੇ ਸਰੋਤ ਭਾਵੇਂ ਸਤਾਓ, ਦੁੱਖ ਜਾਂ ਪਰਤਾਵਾ ਹੋਵੇ, ਸਾਨੂੰ ਵਿਸ਼ਵਾਸ ਵਿੱਚ ਦ੍ਰਿੜ ਰਹਿਣਾ ਚਾਹੀਦਾ ਹੈ। ਸਾਨੂੰ ਵਚਨ ਨੂੰ ਫੜੀ ਰੱਖਣਾ ਚਾਹੀਦਾ ਹੈ ਅਤੇ ਇਸ ਨੂੰ ਆਪਣੇ ਦਿਲਾਂ ਵਿੱਚ ਜੜ੍ਹ ਫੜਨ ਦੇਣਾ ਚਾਹੀਦਾ ਹੈ ਤਾਂ ਜੋ ਇਹ ਸਾਡੇ ਜੀਵਨ ਵਿੱਚ ਫਲ ਦੇ ਸਕੇ।

ਉਦਾਹਰਣ ਦੇ ਤੌਰ 'ਤੇ, ਮੰਨ ਲਓ ਕਿ ਅਸੀਂ ਰੱਬੀ ਚੰਗਿਆਈ ਬਾਰੇ ਵਚਨ ਸੁਣਦੇ ਹਾਂ। ਰੱਬੀ ਚੰਗਿਆਈ ਦਾ ਪਰਕਾਸ਼ ਸਾਨੂੰ ਖੁਸ਼ੀ ਅਤੇ ਬਹੁਤ ਉਤਸ਼ਾਹ ਨਾਲ ਭਰ ਦਿੰਦਾ ਹੈ। ਇਸ ਤੋਂ ਤੁਰੰਤ ਬਾਅਦ, ਅਸੀਂ ਕਿਸੇ ਕਿਸਮ ਦੀ ਬਿਮਾਰੀ ਦਾ ਸਾਹਮਣਾ ਕਰਦੇ ਹਾਂ। ਅਸੀਂ ਕੀ ਕਰੀਏ? ਕੀ ਅਸੀਂ ਰੱਬੀ ਚੰਗਿਆਈ ਦੇ ਵਚਨ ਨੂੰ ਇਹ ਕਹਿ ਕੇ ਰੱਦ ਕਰ ਦੇਵਾਂਗੇ, "ਇਹ ਸਾਰਿਆਂ ਲਈ ਨਹੀਂ ਹੈ," ਜਾਂ "ਸ਼ਾਇਦ ਰੱਬੀ ਚੰਗਿਆਈ ਸਿਰਫ਼ ਅਰੰਭਕ ਕਲੀਸੀਆ ਦੇ ਲਈ ਸੀ ਅਤੇ ਅੱਜ ਲਈ ਨਹੀਂ," ਜਾਂ ਕੁਝ ਅਜਿਹਾ ਵਿਵਾਦ ਜਾਂ ਕੀ ਅਸੀਂ ਜਾਣਬੁੱਝ ਕੇ ਮੁੜ ਵਚਨ ਵੱਲ ਵਾਪਿਸ ਜਾਵਾਂਗੇ, ਇਸ ਨੂੰ ਦੁਬਾਰਾ ਪੜ੍ਹਾਂਗੇ, ਫਿਰ ਸੁਣਾਂਗੇ, ਇਸ 'ਤੇ ਧਿਆਨ ਕਰਾਂਗੇ ਅਤੇ ਆਪਣੀਆਂ ਆਤਮਾਵਾਂ ਨੂੰ ਰੱਬੀ ਚੰਗਿਆਈ ਦੇ ਵਚਨ ਨਾਲ ਭਰਾਂਗੇ? ਦੂਜੀ ਗੱਲ ਕਰਨਾ ਵਧੇਰੇ ਮਹੱਤਵਪੂਰਨ ਹੈ, ਤਾਂ ਜੋ ਅਸੀਂ ਰੱਬੀ ਚੰਗਿਆਈ ਬਾਰੇ ਜੋ ਵਚਨ ਸੁਣਿਆ ਹੈ, ਉਹ ਸਾਡੇ ਅੰਦਰ ਡੂੰਘਾਈ ਨਾਲ ਪ੍ਰਵੇਸ਼ ਕਰ ਸਕੇ।

## ਵਚਨ ਨੂੰ ਆਪਣੇ ਅੰਦਰ ਜੜ੍ਹ ਫੜਨ ਦਿਓ

ਅਸੀਂ ਵਚਨ ਨੂੰ ਬਹੁਤ ਉਤਸ਼ਾਹ, ਖੁਸ਼ੀ ਅਤੇ ਜੋਸ਼ ਨਾਲ ਕਬੂਲ ਕਰਦੇ ਹਾਂ। ਪਰ ਅਸਲ ਪ੍ਰੀਖਿਆ ਇਹ ਹੈ ਕਿ ਕੀ ਅਸੀਂ ਸਮੇਂ ਦੇ ਨਾਲ ਸਚਿਆਈ ਦੇ ਨਾਲ ਜੁੜੇ ਰਹਾਂਗੇ ਜਾਂ ਨਹੀਂ, ਤਾਂ ਜੋ ਵਚਨ ਸੱਚਮੁੱਚ *"ਜੜ੍ਹ ਫੜ ਸਕੇ"* ਅਰਥਾਤ, ਸਾਡੇ ਦਿਲਾਂ ਵਿੱਚ ਇਹ ਡੂੰਘਾਈ ਨਾਲ ਜੜ੍ਹ ਫੜੇ ਅਤੇ ਸਾਡੇ ਅੰਦਰ ਮਜ਼ਬੂਤੀ

ਨਾਲ ਬਣਿਆ ਰਹੇ। ਜੇਕਰ ਸਾਡੀਆਂ ਜੜ੍ਹਾਂ ਵਚਨ ਵਿੱਚ ਡੂੰਘੀਆਂ ਨਹੀਂ ਹਨ, ਤਾਂ ਅਸੀਂ ਠੋਕਰ ਖਾ ਸਕਦੇ ਹਾਂ ਅਤੇ ਡਿੱਗ ਸਕਦੇ ਹਾਂ (ਵਚਨ ਤੋਂ ਦੂਰ ਹੋ ਸਕਦੇ ਹਾਂ)।

ਵਚਨ ਨੂੰ ਸਾਡੇ ਅੰਦਰ ਡੂੰਘਾਈ ਨਾਲ ਜੜ੍ਹ ਫੜਨ ਲਈ, ਸਾਨੂੰ ਲਗਾਤਾਰ ਪਰਮੇਸ਼ੁਰ ਦੇ ਵਚਨ ਨੂੰ ਕਬੂਲ ਕਰਨਾ ਚਾਹੀਦਾ ਹੈ ਅਤੇ ਇਸ ਨਾਲ ਪਰਮੇਸ਼ੁਰ ਦੇ ਵਚਨ ਦੇ ਸਾਡੇ ਪਰਕਾਸ਼ ਨੂੰ ਮਜ਼ਬੂਤ ਕਰਨਾ ਚਾਹੀਦਾ ਹੈ। ਸਾਨੂੰ ਇਹ ਉਦੋਂ ਕਰਨਾ ਚਾਹੀਦਾ ਹੈ, ਜਦੋਂ ਸਮਾਂ ਚੰਗਾ ਹੋਵੇ ਅਤੇ ਵਚਨ ਦੇ ਲਈ ਕੋਈ ਅਸਲ ਵਿਰੋਧ ਨਾ ਹੋਵੇ। ਆਮ ਤੌਰ ‘ਤੇ, ਅਸੀਂ ਅੱਕ ਜਾਂਦੇ ਹਾਂ, ਜਦੋਂ ਅਸੀਂ ਉਹੀ ਸੰਦੇਸ਼ ਬਾਰ-ਬਾਰ ਸੁਣਦੇ ਹਾਂ, ਉਹੀ ਵਚਨ ਜੋ ਸਾਨੂੰ ਬਾਰ-ਬਾਰ ਕਹੇ ਜਾਂਦੇ ਹਨ। ਪਰ ਸਾਨੂੰ ਵਚਨ ਨੂੰ ਸੁਣਨਾ ਚਾਹੀਦਾ ਹੈ ਅਤੇ ਸੁਣਦੇ ਰਹਿਣਾ ਚਾਹੀਦਾ ਹੈ ਤਾਂ ਜੋ ਇਹ ਸਾਡੇ ਅੰਦਰ ਜੜ੍ਹ ਫੜ੍ਹ ਸਕੇ ਅਤੇ ਜਦੋਂ ਅਸੀਂ ਵਚਨ ਦੇ ਵਿਰੋਧ ਦਾ ਸਾਹਮਣਾ ਕਰਦੇ ਹਾਂ ਤਾਂ ਅਸੀਂ ਖੜ੍ਹੇ ਰਹਿ ਸਕੀਏ। ਜਿਵੇਂ ਕਿ ਇਬਰਾਨੀਆਂ 2:1 ਕਹਿੰਦਾ ਹੈ, *“ਜੋ ਅਸੀਂ ਉਨ੍ਹਾਂ ਗੱਲਾਂ ਦਾ ਜਿਹੜੀਆਂ ਸੁਣੀਆਂ ਹੋਰ ਵੀ ਧਿਆਨ ਰੱਖੀਏ।”*

ਜੋ ਸਚਿਆਈ ਅਤੇ ਪਰਕਾਸ਼ ਤੁਸੀਂ ਪ੍ਰਾਪਤ ਕੀਤਾ ਹੈ ਉਸ ਨਾਲ ਆਪਣੇ ਆਤਮਾ ਦਾ ਪਾਲਣ-ਪੋਸ਼ਣ ਕਰਦੇ ਰਹੋ ਤਾਂ ਜੋ ਇਹ ਤੁਹਾਡੇ ਅੰਦਰ ਡੂੰਘੀ ਜੜ੍ਹ ਫੜ ਲਵੇ। ਇਹ ਯਕੀਨੀ ਬਣਾਏਗਾ ਕਿ ਤੁਸੀਂ ਮੁਸ਼ਕਲ ਸਮਿਆਂ ਦੌਰਾਨ ਇਸ ਨੂੰ ਨਹੀਂ ਛੱਡੋਗੇ।

# 10

# ਫਸਲ ਨੂੰ ਰੋਕਣ ਵਾਲੇ: ਕੰਡੇ ਜੋ ਵਚਨ ਨੂੰ ਦਬਾਅ ਦਿੰਦੇ ਹਨ

**ਮੱਤੀ 13:22**
**ਅਤੇ ਜਿਹੜਾ ਕੰਡਿਆਲਿਆਂ ਵਿੱਚ ਬੀਜਿਆ ਗਿਆ, ਸੋ ਉਹ ਹੈ ਜੋ ਬਚਨ ਨੂੰ ਸੁਣਦਾ ਹੈ ਪਰ ਇਸ ਜੁੱਗ ਦੀ ਚਿੰਤਾ ਅਤੇ ਧਨ ਦਾ ਧੋਖਾ ਬਚਨ ਨੂੰ ਦਬਾਅ ਲੈਂਦਾ ਹੈ ਅਤੇ ਉਹ ਅਫੱਲ ਰਹਿ ਜਾਂਦਾ ਹੈ।**

**ਮਰਕੁਸ 4:18,19**
**18 ਅਤੇ ਹੋਰ ਓਹ ਹਨ ਜਿਹੜੇ ਕੰਡਿਆਲਿਆਂ ਵਿੱਚ ਬੀਜੇ ਜਾਂਦੇ। ਏਹ ਓਹ ਹਨ ਜਿਨ੍ਹਾਂ ਬਚਨ ਸੁਣਿਆ,**
**19 ਅਤੇ ਦੁਨੀਆਂ ਦੀ ਚਿੰਤਾ ਅਰ ਧਨ ਦਾ ਧੋਖਾ ਅਰ ਹੋਰਨਾਂ ਚੀਜ਼ਾਂ ਦਾ ਲੋਭ ਆਣ ਕੇ ਬਚਨ ਨੂੰ ਦਬਾਅ ਲੈਂਦੇ ਹਨ ਅਤੇ ਉਹ ਅਫੱਲ ਰਹਿੰਦਾ ਹੈ।**

**ਲੂਕਾ 8:14**
**ਜੋ ਕੰਡਿਆਲਿਆਂ ਵਿੱਚ ਕਿਰਿਆ ਸੋ ਓਹ ਹਨ ਜਿਨ੍ਹਾਂ ਸੁਣਿਆ ਅਤੇ ਜਾ ਕੇ ਜੀਉਣ ਦੀਆਂ ਚਿੰਤਾਵਾਂ ਅਰ ਮਾਯਾ ਅਤੇ ਭੋਗ ਬਿਲਾਸ ਨਾਲ ਦਬਾਏ ਜਾਂਦੇ ਅਤੇ ਪੱਕੇ ਫਲ ਨਹੀਂ ਦਿੰਦੇ ਹਨ।**

ਹੋਰ ਗੱਲਾਂ ਜਿਨ੍ਹਾਂ ਨੂੰ ਯਿਸੂ ਨੇ ਵਾਢੀ ਵਿੱਚ ਰੁਕਾਵਟ ਵਜੋਂ ਦਰਸਾਇਆ, ਉਹ ਕੰਡੇ ਹਨ ਜੋ ਵਚਨ ਨੂੰ ਦਬਾਉਂਦੇ ਹਨ। ਇਹ ਕੰਡੇ ਇਸ ਦੁਨੀਆਂ ਦੀਆਂ ਚਿੰਤਾਵਾਂ, ਧਨ-ਦੌਲਤ ਦੀ ਧੋਖਾਧੜੀ ਅਤੇ ਹੋਰ ਚੀਜ਼ਾਂ ਦੀ ਇੱਛਾ ਅਤੇ ਜੀਵਨ ਦੇ ਸੁੱਖ ਹਨ। ਇਨ੍ਹਾਂ ਸਾਰੀਆਂ ਗੱਲਾਂ ਦਾ ਆਮ ਨਤੀਜ਼ਾ ਧਿਆਨ ਭਟਕਾਉਣਾ ਹੈ। ਕੰਡੇ ਸਾਡਾ ਧਿਆਨ ਪਰਮੇਸ਼ੁਰ ਤੋਂ ਦੂਰ ਕਰਕੇ ਹੋਰ ਗੱਲਾਂ ਵੱਲ ਮੋੜਦੇ ਹਨ। ਇਸ ਲਈ, ਉਹ ਕੰਡਿਆਂ ਵਾਂਗ ਕੰਮ ਕਰਦੇ ਹਨ, ਜੋ ਕਾਫ਼ੀ ਰੌਸ਼ਨੀ, ਪਾਣੀ ਅਤੇ ਪੌਸ਼ਟਿਕ ਤੱਤਾਂ ਨੂੰ ਨੌਜਵਾਨ ਪੌਦੇ ਤੱਕ ਪਹੁੰਚਣ ਤੋਂ ਰੋਕਦੇ ਹਨ ਅਤੇ ਅੰਤ ਵਿੱਚ ਇਸ ਨੂੰ ਨਸ਼ਟ ਕਰ ਦਿੰਦੇ ਹਨ। ਇਹੀ ਸਾਡੇ ਨਾਲ ਵੀ ਹੁੰਦਾ ਹੈ। ਅਸੀਂ ਹੋਰ ਕੰਮਾਂ ਵਿੱਚ ਰੁੱਝੇ ਰਹਿੰਦੇ ਹਾਂ ਜਿਸ ਕਰਕੇ ਅਸੀਂ ਵਚਨ ਦੀ ਰੱਖਿਆ ਅਤੇ ਪਾਲਣ-ਪੋਸ਼ਣ ਕਰਨ ਵਿੱਚ ਅਣਗਹਿਲੀ ਕਰਦੇ ਹਾਂ। ਅੰਤ ਵਿੱਚ, ਵਚਨ ਸਾਡੇ ਜੀਵਨ ਵਿੱਚ ਕੋਈ ਫਲ ਨਹੀਂ ਲਿਆਉਂਦਾ।

## ਉਨ੍ਹਾਂ ਕੰਡਿਆਂ ਤੋਂ ਬਚਾਓ, ਜੋ ਵਚਨ ਨੂੰ ਦਬਾਉਂਦੇ ਹਨ

ਸਾਨੂੰ ਆਪਣੇ ਦਿਲਾਂ ਨੂੰ ਦੁਨੀਆਂ ਦੀਆਂ ਚਿੰਤਾਵਾਂ, ਦੌਲਤ ਦੇ ਧੋਖੇ ਅਤੇ ਹੋਰ ਚੀਜ਼ਾਂ ਦੀ ਇੱਛਾ ਅਤੇ ਜੀਵਨ ਦੇ ਸੁੱਖਾਂ ਤੋਂ ਬਚਾ ਕੇ ਰੱਖਣਾ ਚਾਹੀਦਾ ਹੈ। ਭਾਵੇਂ ਸਾਡੇ ਕੋਲ ਸਭ ਦੀਆਂ ਚਿੰਤਾਵਾਂ ਹਨ (ਜ਼ਿੰਮੇਵਾਰੀਆਂ ਜੋ ਅਸੀਂ ਪੂਰੀਆਂ ਕਰਨੀਆਂ ਹਨ), ਅਸੀਂ ਪੈਸੇ (ਦੌਲਤ) ਨਾਲ ਨਜਿੱਠਦੇ ਹਾਂ, ਸਾਡੇ ਹੋਰ ਸ਼ੌਂਕ ਹਨ ਅਤੇ ਅਸੀਂ ਸਹੀ ਸੁੱਖਾਂ (ਸਹੀ ਗੱਲਾਂ) ਦਾ ਅਨੰਦ ਮਾਣਦੇ ਹਾਂ, ਪਰ ਸਾਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਸਾਡੇ ਦਿਲ ਇਨ੍ਹਾਂ ਗੱਲਾਂ ਦੁਆਰਾ ਪਰਮੇਸ਼ੁਰ ਅਤੇ ਉਸ ਦੇ ਵਚਨ ਤੋਂ ਦੂਰ ਨਾ ਹੋ ਜਾਣ।

ਇੱਥੇ ਕੰਡਿਆਲੀਆਂ ਝਾੜੀਆਂ ਤੋਂ ਆਪਣੇ ਆਪ ਨੂੰ ਬਚਾਉਣ ਦੇ ਕੁਝ ਤਰੀਕੇ ਇਹ ਹਨ।

1) ਪਰਮੇਸ਼ੁਰ ਅਤੇ ਉਸ ਦੇ ਵਚਨ ਦੇ ਲਈ ਆਪਣੇ ਪਿਆਰ ਦੀ ਪੁਸ਼ਟੀ ਕਰੋ।
2) ਆਪਣੇ ਦਿਲ ਦੀ ਰੱਖਿਆ ਕਰੋ।

### *ਪਰਮੇਸ਼ੁਰ ਅਤੇ ਉਸ ਦੇ ਵਚਨ ਦੇ ਲਈ ਆਪਣੇ ਪਿਆਰ ਦੀ ਪੁਸ਼ਟੀ ਕਰੋ*

ਪਰਮੇਸ਼ੁਰ ਅਤੇ ਉਸ ਦੇ ਵਚਨ ਦੇ ਲਈ ਆਪਣੇ ਪਿਆਰ ਅਤੇ ਜਨੂੰਨ ਦੀ ਪੁਸ਼ਟੀ ਕਰਨਾ ਇੱਕ ਸ਼ਾਨਦਾਰ ਗੱਲ ਹੈ ਜਿਵੇਂ ਕਿ ਜ਼ਬੂਰਾਂ ਦੇ ਲੇਖਕ ਨੇ ਜ਼ਬੂਰਾਂ 119 ਵਿੱਚ ਕੀਤਾ।

ਇੱਥੇ ਉਸ ਜ਼ਬੂਰਾਂ 119 ਦੀਆਂ ਕੁਝ ਚੁਣੀਆਂ ਹੋਈਆਂ ਆਇਤਾਂ ਹਨ, ਜੋ ਸਾਨੂੰ ਸਿਖਾਉਂਦੀਆਂ ਹਨ ਕਿ ਪਰਮੇਸ਼ੁਰ ਦੇ ਵਚਨ ਦੇ ਲਈ ਆਪਣੇ ਪਿਆਰ ਨੂੰ ਕਿਵੇਂ ਪ੍ਰਗਟ ਕਰਨਾ ਹੈ।

**ਜ਼ਬੂਰਾਂ 119:16,36,37,47,72,97,127,162**

**16 ਮੈਂ ਤੇਰੀਆਂ ਬਿਧੀਆਂ ਵਿੱਚ ਮਗਨ ਰਹਾਂਗਾ, ਮੈਂ ਤੇਰੇ ਬਚਨ ਨੂੰ ਨਹੀਂ ਵਿਸਾਰਾਂਗਾ।**
**36 ਆਪਣੀਆਂ ਸਾਖੀਆਂ ਵੱਲ ਮੇਰਾ ਦਿਲ ਮੋੜ, ਨਾ ਕਿ ਲੋਭ ਵੱਲ।**
**37 ਮੇਰੀਆਂ ਅੱਖਾਂ ਨੂੰ ਵਿਅਰਥ ਵੇਖਣ ਤੋਂ ਮੋੜ ਦੇ, ਆਪਣੇ ਰਾਹਾਂ ਉੱਤੇ ਮੈਨੂੰ ਜਿਵਾਲ।**
**47 ਮੈਂ ਤੇਰੇ ਹੁਕਮਾਂ ਵਿੱਚ ਅੱਤ ਖੁਸ਼ ਹੋਵਾਂਗਾ, ਜਿਨ੍ਹਾਂ ਨਾਲ ਮੈਂ ਪ੍ਰੀਤ ਲਾਈ ਹੈ।**
**72 ਤੇਰੇ ਮੂੰਹ ਦੀ ਬਿਵਸਥਾ ਮੇਰੇ ਲਈ ਸੋਨੇ ਤੇ ਚਾਂਦੀ ਦੇ ਹਜ਼ਾਰਾਂ ਸਿੱਕਾਂ ਤੋਂ ਚੰਗੀ ਹੈ।**
**97 ਮੈਂ ਤੇਰੀ ਬਿਵਸਥਾ ਨਾਲ ਕਿੰਨੀ ਪ੍ਰੀਤ ਰੱਖਦਾ ਹਾਂ, ਦਿਨ ਭਰ ਮੈਂ ਉਹ ਦੇ ਵਿੱਚ ਲੀਨ ਰਹਿੰਦਾ**

**ਹਾਂ।**
**127 ਏਸ ਲਈ ਮੈਂ ਤੇਰੇ ਹੁਕਮਾਂ ਨਾਲ ਸੋਨੇ, ਸਗੋਂ ਕੁੰਦਨ ਸੋਨੇ ਨਾਲੋਂ ਵੱਧ ਪ੍ਰੀਤ ਰੱਖਦਾ ਹਾਂ।**
**162 ਮੈਂ ਤੇਰੇ ਬਚਨ ਦੇ ਕਾਰਨ ਖੁਸ਼ ਹਾਂ, ਜਿੱਦਾਂ ਕੋਈ ਵੱਡੀ ਲੁੱਟ ਦੇ ਮਿਲਣ ਤੇ ਹੁੰਦਾ ਹੈ।**

## *ਆਪਣੇ ਦਿਲ ਦੀ ਰੱਖਿਆ ਕਰੋ*

ਸਾਨੂੰ ਆਪਣੇ ਦਿਲਾਂ ਦੇ ਮੋਹ ਅਤੇ ਜਨੂੰਨ ਵੱਲ ਲਗਾਤਾਰ ਧਿਆਨ ਦੇਣਾ ਚਾਹੀਦਾ ਹੈ। ਸਾਡੀ ਦਿਲਚਸਪੀ ਕਿੱਥੇ ਹਨ, ਸਾਡੇ ਸ਼ੌਂਕ ਕੀ ਹਨ, ਇਸ ਦੀ ਅਸੀਂ ਜਾਂਚ ਕਰਨੀ ਹੈ। ਜਦੋਂ ਸਾਨੂੰ ਮਹਿਸੂਸ ਹੁੰਦਾ ਹੈ ਕਿ ਅਸੀਂ ਆਪਣੇ ਪਹਿਲੇ ਪਿਆਰ ਤੋਂ ਭਟਕ ਰਹੇ ਹਾਂ, ਤਾਂ ਸਾਨੂੰ ਜਾਂਚ ਕਰਨੀ ਚਾਹੀਦੀ ਹੈ ਅਤੇ ਪ੍ਰਭੂ ਨੂੰ ਸਾਡੇ ਦਿਲਾਂ ਨੂੰ ਦਿਸ਼ਾ ਦੇਣ ਅਤੇ ਸਾਨੂੰ ਉਸ ਵੱਲ ਵਾਪਿਸ ਲਿਆਉਣ ਲਈ ਕਹਿਣਾ ਚਾਹੀਦਾ ਹੈ। ਅਸੀਂ ਜਾਣਬੁੱਝ ਕੇ ਅਤੇ ਵਿਹਾਰਕ ਤੌਰ ‘ਤੇ ਪਰਮੇਸ਼ੁਰ ਦੀ ਭਾਲ ਕਰਦੇ ਹਾਂ ਅਤੇ ਉਸ ਨੂੰ ਆਪਣੇ ਜੀਵਨ ਵਿੱਚ ਪਹਿਲਾਂ ਰੱਖਦੇ ਹਾਂ (ਮੱਤੀ 6:33)। ਪਰਮੇਸ਼ੁਰ ਨਾਲ ਉਸ ਦੀ ਹਜ਼ੂਰੀ ਵਿੱਚ ਅਰਾਧਨਾ, ਪ੍ਰਾਰਥਨਾ ਅਤੇ ਉਸ ਦੇ ਵਚਨ ਵਿੱਚ ਸਮਾਂ ਬਿਤਾਉਣ ਦੇ ਲਈ ਸਮਾਂ ਅਤੇ ਜਗ੍ਹਾ ਨੂੰ ਇੱਕ ਪਾਸੇ ਰੱਖੋ। *“ਅਨ੍ਹੇਰ ਉੱਤੇ ਭਰੋਸਾ ਨਾ ਰੱਖੋ, ਨਾ ਲੁੱਟ ਮਾਰ ਕਰ ਕੇ ਫੂੰ-ਫੂੰ ਕਰੋ, ਧਨ ਸੰਪਤ ਜੇ ਵੱਧ ਜਾਵੇ ਤਾਂ ਉਸ ਉੱਤੇ ਮਨ ਨਾ ਲਾਓ”* (ਜ਼ਬੂਰਾਂ 62:10 ੳ)।

# 11

# ਤਿੰਨ ਕੁੰਜੀਆਂ: ਸਮਝਣਾ, ਕਬੂਲ ਕਰਨਾ, ਸਾਂਭੀ ਰੱਖਣਾ

ਪ੍ਰਭੂ ਯਿਸੂ ਨੇ ਸਾਨੂੰ ਦੱਸਿਆ ਕਿ ਪਰਮੇਸ਼ੁਰ ਦੇ ਵਚਨ ਆਖ਼ਰਕਾਰ ਕਿਵੇਂ ਸਾਡੀ ਜੀਵਨਾਂ ਵਿੱਚ ਫਲ ਉਪਤੰਨ ਕਰਦਾ ਹੈ। ਜਦੋਂ ਅਸੀਂ ਵੇਖਦੇ ਹਾਂ ਕਿ ਤਿੰਨੇ ਇੰਜ਼ੀਲਾਂ ਇਸ ਨੂੰ ਕਿਵੇਂ ਬਿਆਨ ਕਰਦੀਆਂ ਹਨ, ਇਸ ਤੋਂ ਅਸੀਂ ਸਿੱਖਦੇ ਹਾਂ ਕਿ ਜਦੋਂ ਅਸੀਂ ਵਚਨ ਨੂੰ ਸਮਝਦੇ ਹਾਂ (ਮੱਤੀ 13:23), ਕਬੂਲ ਕਰਦੇ ਹਾਂ (ਮਰਕੁਸ 4:20) ਅਤੇ ਵਚਨ ਨੂੰ ਆਪਣੇ ਦਿਲਾਂ ਵਿੱਚ ਸਾਂਭ ਕੇ ਰੱਖਦੇ ਹਾਂ (ਲੂਕਾ 8:15), ਤਾਂ ਅਸੀਂ ਆਪਣੇ ਜੀਵਨ ਵਿੱਚ ਫਲ ਲਿਆਵਾਂਗੇ

## ਸਮਝਣਾ

**ਮੱਤੀ 13:23**

**ਪਰ ਜਿਹੜਾ ਚੰਗੀ ਜ਼ਮੀਨ ਵਿੱਚ ਬੀਜਿਆ ਗਿਆ ਸੋ ਉਹ ਹੈ ਜੋ ਵਚਨ ਨੂੰ ਸੁਣਦਾ ਅਤੇ ਸਮਝਦਾ ਹੈ। ਉਹ ਜ਼ਰੂਰ ਫਲ ਦਿੰਦਾ ਅਤੇ ਕੋਈ ਸੌ ਗੁਣਾ ਕੋਈ ਸੱਠ ਗੁਣਾ ਕੋਈ ਤੀਹ ਗੁਣਾ ਫਲਦਾ ਹੈ।**

ਪਿਛਲੇ ਅਧਿਆਇ ਵਿੱਚ, ਅਸੀਂ ਆਤਮਿਕ ਸਚਿਆਈ ਨੂੰ ਸਮਝਣ ਅਤੇ ਪਰਕਾਸ਼ ਪ੍ਰਾਪਤ ਕਰਨ ਦੀ ਮਹੱਤਤਾ ਬਾਰੇ ਸਿੱਖਿਆ ਸੀ। ਸਾਡੇ ਦਿਲਾਂ ਵਿੱਚ ਆਤਮਿਕ ਹੌਲੀ-ਹੌਲੀ ਪ੍ਰਗਟ ਹੁੰਦੀ ਹੈ। ਜਿਵੇਂ-ਜਿਵੇਂ ਪਵਿੱਤਰ ਆਤਮਾ ਸਾਡੇ ਦਿਲਾਂ ਉੱਤੇ ਹੋਰ ਰੌਸ਼ਨੀ ਪਾਉਂਦਾ ਹੈ, ਅਸੀਂ ਆਤਮਿਕ ਸਚਿਆਈ ਨੂੰ ਹੌਲੀ-ਹੌਲੀ ਅਤੇ ਸਪੱਸ਼ਟ ਤੌਰ ‘ਤੇ ਦੇਖਦੇ ਹਾਂ। ਸਾਨੂੰ ਸਚਿਆਈ ਦੇ ਵੱਖ-ਵੱਖ ਖੇਤਰਾਂ ਬਾਰੇ ਪਰਕਾਸ਼ ਪ੍ਰਾਪਤ ਕਰਦੇ ਰਹਿਣਾ ਚਾਹੀਦਾ ਹੈ। ਸਾਨੂੰ ਆਪਣੇ ਪ੍ਰਭੂ ਦੇ ਗਿਆਨ ਵਿੱਚ ਲਗਾਤਾਰ ਵੱਧਣਾ ਚਾਹੀਦਾ ਹੈ (ਕੁਲੁੱਸੀਆਂ 1:10), ਕਿਰਪਾ ਅਤੇ ਬੁੱਧ ਵਿੱਚ ਵੱਧਣਾ ਚਾਹੀਦਾ ਹੈ (2 ਪਤਰਸ 3:18), ਆਪਣੇ ਗਿਆਨ ਵਿੱਚ ਨਵੇਂ ਹੋਣਾ ਚਾਹੀਦਾ ਹੈ (ਕੁਲੁੱਸੀਆਂ 3:10), ਮਸੀਹ ਦੇ ਪਿਆਰ ਨੂੰ ਜਾਣਨਾ ਅਤੇ ਸਮਝਣਾ ਚਾਹੀਦਾ ਹੈ (ਅਫ਼ਸੀਆਂ 3:18,19) ਅਤੇ ਪਰਮੇਸ਼ੁਰ ਦੇ ਪੁੱਤਰ ਦੇ ਗਿਆਨ ਦੇ ਨੇੜੇ ਜਾਣਾ ਚਾਹੀਦਾ ਹੈ (ਅਫ਼ਸੀਆਂ 4:13)। ਸਾਡੀ ਆਤਮਿਕ

ਯਾਤਰਾ ਸਾਡੇ ਪ੍ਰਭੂ ਤੋਂ ਪਰਕਾਸ਼, ਉਸ ਦੇ ਉਦੇਸ਼ਾਂ, ਸਾਡੇ ਲਈ ਉਸ ਦੀ ਮਿਰਾਸ ਹੈ ਜੋ ਉਸ ਨੇ ਆਪਣੀ ਸਮਰੱਥ ਵਿੱਚ ਸਾਡੇ ਲਈ ਮੁਹੱਈਆ ਕਰਵਾਈ ਹੈ।

ਇਸ ਲਈ, ਵਚਨ ਨੂੰ ਸੁਣਦੇ ਰਹੋ। ਉਸ ਉੱਤੇ ਧਿਆਨ ਕਰਦੇ ਰਹੋ। ਵਚਨ ਦਾ ਅਧਿਐਨ ਕਰਦੇ ਰਹੋ। ਮਸੀਹੀ ਵਿਸ਼ਵਾਸ ਅਤੇ ਯਾਤਰਾ ਦੇ ਸਾਰੇ ਖੇਤਰਾਂ ਵਿੱਚ ਤਾਜ਼ਾ ਪਰਕਾਸ਼ ਅਤੇ ਸਮਝ ਪ੍ਰਾਪਤ ਕਰਦੇ ਰਹੋ। ਜ਼ਬੂਰਾਂ ਦੇ ਲੇਖਕ ਵਾਂਗ, ਅਸੀਂ ਲਗਾਤਾਰ ਪ੍ਰਾਰਥਨਾ ਕਰਦੇ ਹਾਂ, *"ਮੇਰੀਆਂ ਅੱਖਾਂ ਖੋਲ੍ਹ, ਭਈ ਮੈਂ ਤੇਰੀ ਬਿਵਸਥਾ ਦੀਆਂ ਅਚਰਜ ਗੱਲਾਂ ਨੂੰ ਵੇਖਾਂ"* (ਜ਼ਬੂਰਾਂ 119:18)।

## ਕਬੂਲ ਕਰੋ

**ਮਰਕੁਸ 4:20**

**ਅਤੇ ਜਿਹੜੇ ਚੰਗੀ ਜ਼ਮੀਨ ਵਿੱਚ ਬੀਜੇ ਗਏ ਸਨ ਸੋ ਓਹ ਲੋਕ ਹਨ ਜਿਹੜੇ ਬਚਨ ਨੂੰ ਸੁਣ ਕੇ ਮੰਨ ਲੈਂਦੇ ਅਤੇ ਫਲ ਦਿੰਦੇ ਹਨ, ਕੁਝ ਤੀਹ ਗੁਣਾ, ਕੁਝ ਸੱਠ ਗੁਣਾ, ਕੁਝ ਸੌ ਗੁਣਾ।**

ਸਾਨੂੰ ਵਚਨ ਨੂੰ ਪ੍ਰਾਪਤ ਕਰਨਾ, ਕਬੂਲ ਕਰਨਾ ਹੈ ਅਤੇ ਅਪਣਾਉਣਾ ਚਾਹੀਦਾ ਹੈ, ਭਾਵ ਸਾਨੂੰ ਇਸ ਨੂੰ ਆਪਣੇ ਦਿਲਾਂ ਨਾਲ ਮੰਨਣਾ ਚਾਹੀਦਾ ਹੈ। ਸਾਨੂੰ ਪੂਰੇ ਦਿਲ ਨਾਲ ਵਚਨ 'ਤੇ ਵਿਸ਼ਵਾਸ ਕਰਨਾ ਚਾਹੀਦਾ ਹੈ ਤਾਂ ਜੋ ਇਹ ਸਾਡੇ ਦਿਲਾਂ ਅਤੇ ਜੀਵਨਾਂ ਵਿੱਚ ਕੰਮ ਕਰ ਸਕੇ। ਇਬਰਾਨੀਆਂ 4:2 ਸਾਨੂੰ ਦੱਸਦਾ ਹੈ, *"ਕਿਉਂ ਜੋ ਸਾਨੂੰ ਖੁਸ਼ਖਬਰੀ ਸੁਣਾਈ ਗਈ ਸੀ ਜਿਵੇਂ ਉਨ੍ਹਾਂ ਨੂੰ ਵੀ ਪਰ ਸੁਣਿਆ ਹੋਇਆ ਵਚਨ ਉਨ੍ਹਾਂ ਲਈ ਲਾਭਵੰਤ ਨਾ ਹੋਇਆ ਇਸ ਕਰਕੇ ਜੋ ਏਹ ਸੁਣਨ ਵਾਲਿਆਂ ਦੇ ਵਿੱਚ ਨਿਹਚਾ ਦੇ ਨਾਲ ਨਾ ਰਚਿਆ।"* ਜਦੋਂ ਅਸੀਂ ਵਿਸ਼ਵਾਸ ਨੂੰ ਵਚਨ ਦੇ ਨਾਲ ਜੋੜਨ ਵਿੱਚ ਅਸਫਲ ਰਹਿੰਦੇ ਹਾਂ (ਵਚਨ ਤੇ ਵਿਸ਼ਵਾਸ ਕਰਨ ਲਈ), ਤਾਂ ਵਚਨ ਸਾਨੂੰ ਲਾਭ ਨਹੀਂ ਪਹੁੰਚਾਏਗਾ। ਦੂਜੇ ਪਾਸੇ, ਜਦੋਂ ਅਸੀਂ ਵਚਨ ਤੇ ਵਿਸ਼ਵਾਸ ਕਰਦੇ ਹਾਂ, ਤਾਂ ਅਸੀਂ ਇਸ ਨੂੰ ਫਲ ਦਿੰਦੇ ਹੋਏ ਅਤੇ ਆਪਣੇ ਜੀਵਨ ਵਿੱਚ ਪੂਰਾ ਹੁੰਦੇ ਦੇਖਾਂਗੇ। *"ਅਰ ਧੰਨ ਹੈ ਉਹ ਜਿਨ ਪਰਤੀਤ ਕੀਤੀ ਕਿਉਂਕਿ ਜਿਹੜੀਆਂ ਗੱਲਾਂ ਪ੍ਰਭੂ ਦੀ ਵੱਲੋਂ ਉਹ ਨੂੰ ਕਹੀਆਂ ਗਈਆਂ ਓਹ ਪੂਰੀਆਂ ਹੋਣਗੀਆਂ"* (ਲੂਕਾ 1:45)।

ਜਿਵੇਂ ਕਿ ਅਸੀਂ ਪਹਿਲਾਂ ਜ਼ਿਕਰ ਕੀਤਾ ਹੈ, ਸ਼ੈਤਾਨ ਅਤੇ ਉਸ ਦੇ ਦੂਤ ਸਾਨੂੰ ਸ਼ੱਕ, ਬੇਪਰਤੀਤੀ, ਡਰ ਆਦਿ ਦੇ ਰਾਹੀਂ ਵਚਨ ਵਿੱਚ ਵਿਸ਼ਵਾਸ ਕਰਨ ਤੋਂ ਰੋਕਣ ਦੀ ਕੋਸ਼ਿਸ਼ ਕਰਦੇ ਹਨ। ਪਰ ਸਾਨੂੰ ਆਪਣੀ ਨਿਹਚਾ ਵਿੱਚ ਮਜ਼ਬੂਤ

ਰਹਿਣਾ ਚਾਹੀਦਾ ਹੈ। ਉਸ ਦੇ ਵਚਨ ਵਿੱਚ ਵਿਸ਼ਵਾਸ ਕਰਦੇ ਰਹੋ। ਉਸ ਦਾ ਵਚਨ ਸਚਿਆਈ ਹੈ (ਯੂਹੰਨਾ 17:17)।

## ਸਾਂਭੀ ਰੱਖਣਾ

**ਲੂਕਾ 8:15**

**ਪਰ ਜੋ ਚੰਗੀ ਜ਼ਮੀਨ ਵਿੱਚ ਕਿਰਿਆ ਸੋ ਓਹ ਹਨ ਜਿਹੜੇ ਸੁਣ ਕੇ ਬਚਨ ਨੂੰ ਚੰਗੇ ਅਤੇ ਖਰੇ ਦਿਲ ਵਿੱਚ ਸਾਂਭੀ ਰੱਖਦੇ ਹਨ ਅਰ ਧੀਰਜ ਨਾਲ ਫਲ ਦਿੰਦੇ ਹਨ।**

ਉੱਤੇ ਦਿੱਤੀ ਆਇਤ ਵਿੱਚ "ਸਾਂਭੀ ਰੱਖਦੇ ਹਨ" ਸ਼ਬਦ ਯੂਨਾਨੀ ਭਾਸ਼ਾ ਤੋਂ ਆਏ ਹਨ, ਜਿਨ੍ਹਾਂ ਦਾ ਅਰਥ ਹੈ, ਮਜ਼ਬੂਤੀ ਨਾਲ ਫੜੀ ਰੱਖਣਾ, ਬਣਾਈ ਰੱਖਣਾ, ਉਸ ਉੱਤੇ ਬਣੇ ਰਹਿਣਾ, ਉਸ ਨਾਲ ਜੁੜੇ ਰਹਿਣਾ ਹੈ। ਇਸ ਤਰ੍ਹਾਂ, ਸਾਨੂੰ ਹਰ ਗੱਲ ਵਿੱਚ ਅਤੇ ਸਮੇਂ ਦੇ ਨਾਲ ਧੀਰਜ ਨਾਲ ਵਚਨ ਨੂੰ ਫੜੀ ਰੱਖਣਾ ਚਾਹੀਦਾ ਹੈ। ਇਹ ਵਚਨ ਸਾਡੇ ਜੀਵਨ ਵਿੱਚ ਫਲ ਦੇਵੇਗਾ।

ਜੇਕਰ ਅਸੀਂ ਚਾਹੁੰਦੇ ਹਾਂ ਕਿ ਵਚਨ ਸਾਡੇ ਜੀਵਨ ਵਿੱਚ ਫਲ ਦੇਵੇ, ਤਾਂ ਇਹ ਤਿੰਨ ਕੁੰਜੀਆਂ ਹਨ: ਵਚਨ ਨੂੰ ਸਮਝਣਾ, ਵਚਨ ਨੂੰ ਕਬੂਲ ਕਰਨਾ ਅਤੇ ਵਚਨ ਨੂੰ ਸਾਂਭੀ ਰੱਖਣਾ, ਇਹ ਤਿੰਨੋਂ ਬਹੁਤ ਜ਼ਰੂਰੀ ਹਨ। ਸ਼ੁਰੂ ਵਿੱਚ, ਜਦੋਂ ਅਸੀਂ ਵਚਨ ਉੱਤੇ ਧਿਆਨ ਕਰਦੇ ਹਾਂ ਅਤੇ ਵਚਨ ਨੂੰ ਕਬੂਲ ਕਰਦੇ ਹਾਂ, ਤਾਂ ਅਸੀਂ ਇਸ ਨੂੰ ਛੋਟੇ ਪੈਮਾਨੇ (ਤੀਹ ਗੁਣਾ) 'ਤੇ ਫਲ ਦਿੰਦੇ ਹੋਏ ਦੇਖਦੇ ਹਾਂ। ਸਾਨੂੰ ਇਸ ਵਿੱਚ ਰਹਿਣਾ ਚਾਹੀਦਾ ਹੈ ਅਤੇ ਵਚਨ ਦੇ ਨਾਲ ਬਣੇ ਰਹਿਣਾ ਚਾਹੀਦਾ ਹੈ। ਪਰਕਾਸ਼ ਪ੍ਰਾਪਤ ਕਰਦੇ ਰਹੋ, ਵਚਨ 'ਤੇ ਵਿਸ਼ਵਾਸ ਕਰਦੇ ਰਹੋ ਅਤੇ ਵਚਨ ਨੂੰ ਆਪਣੇ ਜੀਵਨ ਵਿੱਚ ਸਾਂਭੀ ਰੱਖੋ। ਛੇਤੀ ਹੀ ਅਸੀਂ ਵਚਨ ਨੂੰ ਲਗਾਤਾਰ ਵੱਧਦੇ ਪੈਮਾਨੇ, ਸੱਠ ਗੁਣਾ ਅਤੇ ਸੌ ਗੁਣਾ 'ਤੇ ਫਲ ਦਿੰਦੇ ਹੋਏ ਦੇਖਾਂਗੇ।

## ਵਚਨ ਉੱਤੇ ਚੱਲਦੇ ਰਹੋ

**ਯਾਕੂਬ 1:22,25**

**22 ਪਰ ਬਚਨ ਉੱਤੇ ਅਮਲ ਕਰਨ ਵਾਲੇ ਹੋਵੋ ਅਤੇ ਆਪਣੇ ਆਪ ਨੂੰ ਧੋਖਾ ਦੇ ਕੇ ਨਿਰੇ ਸੁਣਨ ਵਾਲੇ ਹੀ ਨਾ ਹੋਵੋ।**

**25 ਪਰ ਜਿਹ ਨੇ ਪੂਰੀ ਸ਼ਰ੍ਹਾ ਨੂੰ ਅਰਥਾਤ ਅਜ਼ਾਦੀ ਦੀ ਸ਼ਰ੍ਹਾ ਨੂੰ ਗੌਹ ਨਾਲ ਵੇਖਿਆ ਅਤੇ ਵੇਖਦਾ ਰਹਿੰਦਾ ਹੈ, ਉਹ ਇਹੋ ਜਿਹਾ ਸੁਣਨ ਵਾਲਾ ਨਹੀਂ ਹੈ ਜਿਹੜਾ ਭੁੱਲ ਜਾਵੇ ਸਗੋਂ ਕਰਮ ਦਾ ਕਰਤਾ ਹੋ ਕੇ ਆਪਣੇ ਕੰਮ ਵਿੱਚ ਧੰਨ ਹੋਵੇਗਾ।**

ਅੰਤ ਵਿੱਚ, ਪਰਮੇਸ਼ੁਰ ਦੇ ਵਚਨ ਦੇ ਪਰਕਾਸ਼ ਨੂੰ ਪ੍ਰਾਪਤ ਕਰਨ ਦਾ ਉਦੇਸ਼ ਸਾਡੇ ਮਨਾਂ ਨੂੰ ਨਵੇਂ ਅਤੇ ਸਾਡੇ ਜੀਵਨ ਦੇ ਢੰਗ ਨੂੰ ਬਦਲਣਾ ਹੈ (ਰੋਮੀਆਂ 12:2)। ਸਾਨੂੰ ਪ੍ਰਗਟ ਕੀਤੀਆਂ ਗਈਆਂ ਆਤਮਿਕ ਸਚਾਈਆਂ ਸਾਡੀ ਸੋਚ ਨੂੰ ਪ੍ਰਭਾਵਿਤ ਕਰਨੀਆਂ ਚਾਹੀਦੀਆਂ ਹਨ। ਸਾਡੇ ਵਿਚਾਰਾਂ ਦੇ ਨਮੂਨੇ, ਸਾਡੇ ਤਰਕ ਅਤੇ ਸਾਡੀਆਂ ਧਾਰਨਾਵਾਂ ਨੂੰ ਸਾਡੇ ਦੁਆਰਾ ਪ੍ਰਾਪਤ ਕੀਤੀ ਗਈ ਆਤਮਿਕ ਸਮਝ ਦੁਆਰਾ ਪ੍ਰਭਾਵਿਤ ਅਤੇ ਵਿਵਸਥਿਤ ਕੀਤਾ ਜਾਣਾ ਚਾਹੀਦਾ ਹੈ। ਇਸ ਪ੍ਰਕਿਰਿਆ ਨੂੰ “ਮਨ ਜਾਂ ਬੁੱਧ ਦਾ ਨਵਾਂ” ਹੋਣਾ ਕਿਹਾ ਜਾਂਦਾ ਹੈ। ਜਦੋਂ ਇਹ ਹੁੰਦਾ ਹੈ, ਤਾਂ ਅਸੀਂ ਪਰਮੇਸ਼ੁਰ ਦੇ ਵਚਨ ਤੋਂ ਪ੍ਰਾਪਤ ਹੋਏ ਪਰਕਾਸ਼ ਦੇ ਅਨੁਸਾਰ ਨਿਰੰਤਰ ਜੀਉਂਦੇ ਹਾਂ। ਅਸੀਂ ਵਚਨ ਦੇ ਆਗਿਆਕਾਰ ਬਣਨਾ ਹੈ ਅਤੇ ਪ੍ਰਾਪਤ ਹੋਈ ਸਚਿਆਈ ਦੇ ਅਨੁਸਾਰ ਜੀਉਣਾ ਹੈ। ਜਦੋਂ ਅਸੀਂ ਵਚਨ ਦੇ ਅਨੁਸਾਰ ਚੱਲਦੇ ਹਾਂ, ਤਾਂ ਅਸੀਂ ਵਚਨ ਵਿੱਚ ਵਾਇਦਾ ਕੀਤੀਆਂ ਗਈਆਂ ਬਰਕਤਾਂ ਵਿੱਚ ਚੱਲਾਂਗੇ।

ਸਾਨੂੰ ਵਚਨ ਦੇਣ ਦਾ ਪਰਮੇਸ਼ੁਰ ਦਾ ਉਦੇਸ਼ ਇਹ ਹੈ ਕਿ ਅਸੀਂ ਉਨ੍ਹਾਂ ਅਨੁਸਾਰ ਨਿਰੰਤਰ ਜੀਵਨ ਬਤੀਤ ਕਰੀਏ। ਉਸ ਨੇ ਆਪਣੇ ਵਚਨ ਨੂੰ ਸਮਝਣ ਵਿੱਚ ਸਾਡੀ ਮਦਦ ਕਰਨ ਲਈ ਆਪਣਾ ਆਤਮਾ ਸਾਡੇ ਲਈ ਉਪਲਬਧ ਕਰਵਾਇਆ ਹੈ। ਹਾਲਾਂਕਿ, ਵਚਨ ਦਾ ਪਰਕਾਸ਼ ਪ੍ਰਾਪਤ ਕਰਨਾ ਉਸ ਦੇ ਵਾਇਦਿਆਂ ਦੀਆਂ ਪੂਰੀਆਂ ਬਰਕਤਾਂ ਦਾ ਅਨੁਭਵ ਕਰਨ ਦੇ ਲਈ ਕਾਫ਼ੀ ਨਹੀਂ ਹੈ। ਇਹ ਉਹ ਵਿਅਕਤੀ ਹੈ, ਜੋ ਪਰਕਾਸ਼ ਨੂੰ ਇਕਸਾਰ ਕਾਰਵਾਈ ਵਿੱਚ ਬਦਲਦਾ ਹੈ, ਪਰਮੇਸ਼ੁਰ ਦੁਆਰਾ ਵਾਇਦਾ ਕੀਤੇ ਗਏ ਭਰਪੂਰ ਧਨ ਵਿੱਚ ਚੱਲਦਾ ਹੈ।

ਤੁਹਾਡੇ ਲਈ ਸਾਡੀ ਚੁਣੌਤੀ ਇਹ ਹੈ ਕਿ ਤੁਸੀਂ ਵਚਨ ਤੋਂ ਸਮਝ ਪ੍ਰਾਪਤ ਕਰਨ ਦੇ ਲਈ ਪਵਿੱਤਰ ਆਤਮਾ ‘ਤੇ ਭਰੋਸਾ ਕਰੋ। ਫਿਰ, ਤੁਹਾਨੂੰ ਪ੍ਰਾਪਤ ਹੋਣ ਵਾਲੇ ਪਰਕਾਸ਼ ਦੁਆਰਾ ਆਪਣੇ ਮਨ ਨੂੰ ਨਵਾਂ ਹੋਣ ਦਿਓ ਅਤੇ ਫਿਰ ਉਸ ਪਰਕਾਸ਼ ਨੂੰ ਆਪਣੇ ਰੋਜ਼ਾਨਾ ਜੀਵਨ ਵਿੱਚ ਅਨੁਸ਼ਾਸਿਤ ਕਿਰਿਆ ਵਿੱਚ ਬਦਲੋ। ਫਿਰ ਤੁਸੀਂ ਇੱਕ ਅਜਿਹੇ ਵਿਅਕਤੀ ਹੋਵੋਗੇ, ਜਿਸ ਨੂੰ ਤੁਹਾਡੇ ਹਰ ਕੰਮ ਵਿੱਚ ਬਰਕਤ ਮਿਲੇਗੀ, ਜਿਸ ਬਾਰੇ ਵਚਨ ਵਿੱਚ ਲਿਖਿਆ ਹੈ ਕਿ ਉਹ ਜੋ ਕੁਝ ਵੀ ਕਰਦਾ ਹੈ ਉਸ ਵਿੱਚ ਧੰਨ ਹੈ।

## ਬਣੇ ਰਹਿਣ ਵਾਲਾ ਵਚਨ

ਰਸੂਲ ਯੂਹੰਨਾ ਸਾਨੂੰ ਇਹ ਦਰਸਾਉਂਦਾ ਹੈ ਕਿ ਵਚਨ ਸਾਡੇ ਵਿੱਚ ਬਣੇ ਰਹਿਣ ਅਤੇ ਅਸੀਂ ਉਸ ਵਿੱਚ ਬਣੇ ਰਹੀਏ ਅਤੇ ਸਾਡਾ ਉਸ ਦੇ ਵਚਨ ਵਿੱਚ ਰਹਿਣਾ ਕਿੰਨਾ ਮਹੱਤਵਪੂਰਨ ਹੈ। "ਬਣੇ ਰਹਿਣ" ਦਾ ਅਰਥ ਹੈ "ਟਿਕੇ ਰਹਿਣਾ, ਵੱਸਣਾ, ਸਾਂਭੀ ਰੱਖਣਾ, ਜ਼ਾਰੀ ਰੱਖਣਾ।" ਇਸ ਦਾ ਸੰਬੰਧ ਉਸ ਦੇ ਵਚਨ ਨੂੰ ਫੜੀ ਰੱਖਣ ਅਤੇ ਸਮੇਂ ਦੇ ਨਾਲ ਇਸ ਵਚਨ ਅਨੁਸਾਰ ਜੀਉਣ ਨਾਲ ਹੈ। ਇਸ ਦਾ ਸੰਬੰਧ ਉਸ ਦੇ ਵਚਨ ਨੂੰ ਫੜੀ ਰੱਖਣ ਅਤੇ ਸਮੇਂ ਦੇ ਨਾਲ ਇਸ ਦੇ ਅਨੁਸਾਰ ਕੰਮ ਕਰਨ ਨਾਲ ਹੈ। ਯਿਸੂ ਨੇ ਸਾਨੂੰ ਸਿਖਾਇਆ ਕਿ ਜਦੋਂ ਅਸੀਂ ਉਸ ਦੇ ਵਚਨ ਵਿੱਚ ਬਣੇ ਰਹਿੰਦੇ ਹਾਂ, ਤਾਂ ਅਸੀਂ ਯਿਸੂ ਦੇ ਚੇਲੇ ਹੋਣ ਦਾ ਸਬੂਤ ਦਿੰਦੇ ਹਾਂ। ਅਜਿਹਾ ਕਰਨ ਨਾਲ, ਅਸੀਂ ਉਸ ਸਚਿਆਈ ਵੱਲ ਵਧਾਂਗੇ ਜੋ ਸਾਨੂੰ ਅਜ਼ਾਦ ਕਰਦੀ ਅਤੇ ਬਦਲ ਦੇਵੇਗੀ (ਯੂਹੰਨਾ 8:31,32)। ਉਸ ਦੇ ਵਚਨ ਵਿੱਚ ਬਣੇ ਰਹਿਣਾ, ਉਸ ਦੇ ਲਈ ਸਾਡੇ ਪਿਆਰ ਦਾ ਪ੍ਰਗਟਾਵਾ ਹੈ। ਉਹ ਆਪਣੇ ਆਪ ਨੂੰ ਉਸ ਵਿਅਕਤੀ ਲਈ ਵਧੇਰੇ ਪ੍ਰਗਟ ਕਰੇਗਾ, ਜੋ ਉਸ ਦੇ ਵਚਨ ਦੀ ਪਾਲਣਾ ਕਰਦਾ ਹੈ। ਜਦੋਂ ਅਸੀਂ ਉਸ ਦੇ ਵਚਨ ਵਿੱਚ ਰਹਿੰਦੇ ਹਾਂ, ਤਾਂ ਅਸੀਂ ਉਸ ਦੀ ਹਜ਼ੂਰੀ ਦਾ ਅਨੁਭਵ ਕਰਾਂਗੇ (ਯੂਹੰਨਾ 14:21,23)। ਉਸ ਦੇ ਵਚਨ ਵਿੱਚ ਬਣੇ ਰਹਿਣਾ ਅਤੇ ਉਸ ਦੇ ਵਚਨ ਨੂੰ ਸਾਡੇ ਵਿੱਚ ਰੱਖਣਾ ਉੱਤਰ ਦਿੱਤੀ ਗਈ ਪ੍ਰਾਰਥਨਾ ਦੀ ਕੁੰਜੀ ਹੈ। ਯਿਸੂ ਨੇ ਕਿਹਾ, *"ਜੇ ਤੁਸੀਂ ਮੇਰੇ ਵਿੱਚ ਰਹੋ ਅਤੇ ਮੇਰੀਆਂ ਗੱਲਾਂ ਤੁਹਾਡੇ ਵਿੱਚ ਰਹਿਣ ਤਾਂ ਜੋ ਚਾਹੋ ਮੰਗੋ ਅਤੇ ਉਹ ਤੁਹਾਡੇ ਲਈ ਹੋ ਜਾਵੇਗਾ"* (ਯੂਹੰਨਾ 15:7)। ਇਸੇ ਤਰ੍ਹਾਂ, ਜਿਵੇਂ ਕਿ ਅਸੀਂ ਪਹਿਲਾਂ ਜ਼ਿਕਰ ਕੀਤਾ ਹੈ, ਉਸ ਦੇ ਸਥਾਈ ਵਚਨ ਦੁਆਰਾ ਅਸੀਂ ਸ਼ੈਤਾਨ ਉੱਤੇ ਜਿੱਤ ਪ੍ਰਾਪਤ ਕਰਦੇ ਹਾਂ। *"ਹੇ ਜੁਆਨੋ, ਮੈਂ ਤੁਹਾਨੂੰ ਲਿਖਿਆ ਇਸ ਲਈ ਜੋ ਤੁਸੀਂ ਬਲਵੰਤ ਹੋ ਅਤੇ ਪਰਮੇਸ਼ੁਰ ਦਾ ਬਚਨ ਤੁਹਾਡੇ ਵਿੱਚ ਰਹਿੰਦਾ ਹੈ ਅਤੇ ਤੁਸਾਂ ਓਸ ਦੁਸ਼ਟ ਨੂੰ ਜਿੱਤ ਲਿਆ ਹੈ"* (1 ਯੂਹੰਨਾ 2:14)।

## ਤੁਸੀਂ ਪਰਮੇਸ਼ੁਰ ਦਾ ਬਾਗ਼ ਹੋ

ਅੰਤ ਵਿੱਚ, ਅਸੀਂ ਆਪਣੇ ਆਪ ਨੂੰ, ਸਾਡੇ ਵਿੱਚੋਂ ਹਰ ਇੱਕ ਨੂੰ, ਪਰਮੇਸ਼ੁਰ ਦੇ ਬਾਗ਼ ਦੇ ਰੂਪ ਵਿੱਚ ਦੇਖ ਸਕਦੇ ਹਾਂ। ਪਰਮੇਸ਼ੁਰ ਨੇ ਸਾਨੂੰ ਆਪਣਾ ਵਚਨ ਇੱਕ-ਚਮਤਕਾਰੀ ਬੀਜ-ਵਜੋਂ ਦਿੱਤਾ ਹੈ ਜੋ ਪਰਮੇਸ਼ੁਰ ਸਾਡੇ ਦਿਲਾਂ ਅਤੇ ਜੀਵਨਾਂ ਵਿੱਚ ਬੀਜਣਾ ਚਾਹੁੰਦਾ ਹੈ। ਬਰਕਤਾਂ, ਚੰਗਿਆਈ, ਖੁਸ਼ਹਾਲੀ, ਸ਼ਾਂਤੀ, ਪਿਆਰ, ਪਵਿੱਤਰਤਾ, ਸ਼ੁੱਧਤਾ, ਸਮਰੱਥ ਅਤੇ ਹੋਰ ਬਹੁਤ ਕੁਝ ਉਨ੍ਹਾਂ ਲੋਕਾਂ ਤੋਂ ਆ ਸਕਦਾ

ਹੈ, ਜੋ ਸਾਡੇ ਜੀਵਨ ਵਿੱਚ ਇਨ੍ਹਾਂ ਗੱਲਾਂ ਨੂੰ ਪੈਦਾ ਕਰਦੇ ਹਨ। ਆਓ ਅਸੀਂ ਆਪਣੇ ਦਿਲਾਂ ਅਤੇ ਜੀਵਨਾਂ ਵਿੱਚ ਵਚਨ ਦੇ ਬੀਜ ਬੀਜਣ ਦੇ ਅਨੁਸ਼ਾਸਨ ਨੂੰ ਪੈਦਾ ਕਰੀਏ! ਆਓ ਅਸੀਂ ਪਰਮੇਸ਼ੁਰ ਨੂੰ ਉਸ ਦੇ ਵਚਨ ਦੀ ਸਮਰੱਥ ਦੁਆਰਾ ਸਾਡੇ ਜੀਵਨ ਵਿੱਚ ਉਸ ਦੇ ਉਦੇਸ਼ ਅਤੇ ਖੁਸ਼ੀ ਨੂੰ ਪੂਰਾ ਕਰਨ ਦੇਈਏ!

# 12
# ਵਚਨ ਦੇ ਬੀਜ

ਇਹ ਇੱਕ ਹੀ ਵਿਸ਼ੇ 'ਤੇ ਵਚਨਾਂ ਦਾ ਸੰਗ੍ਰਹਿ ਹੈ। ਤੁਸੀਂ ਇਨ੍ਹਾਂ ਵਿੱਚ ਹੋਰ ਵਚਨਾਂ ਨੂੰ ਜੋੜ ਸਕਦੇ ਹੋ ਅਤੇ ਉਨ੍ਹਾਂ ਵਿਸ਼ਿਆਂ 'ਤੇ ਵਚਨ ਦੀਆਂ ਆਇਤਾਂ ਇਕੱਠੀਆਂ ਕਰ ਸਕਦੇ ਹੋ, ਜੋ ਤੁਹਾਡੇ ਲਈ ਮਹੱਤਵਪੂਰਨ ਹਨ। ਲੋੜ ਪੈਣ 'ਤੇ ਇਨ੍ਹਾਂ ਨੂੰ ਇੱਕ ਤੇਜ਼ ਹਵਾਲੇ ਵਜੋਂ ਵਰਤੋ। ਅਕਸਰ ਪਰਮੇਸ਼ੁਰ ਦੇ ਵਚਨ 'ਤੇ ਧਿਆਨ ਕਰੋ।

## ਦੂਤਾਂ ਰਾਹੀਂ ਦਿੱਤੀ ਜਾਣ ਵਾਲੀ ਸੁਰੱਖਿਆ

• ਜ਼ਬੂਰਾਂ 34:7; ਜ਼ਬੂਰਾਂ 91:11,12; ਜ਼ਬੂਰਾਂ 103:20; • ਦਾਨੀਏਲ 6:22; • ਮੱਤੀ 18:10; • ਲੂਕਾ 22:41-43; • ਰਸੂਲਾਂ ਦੇ ਕਰਤੱਬ 5:19,20; ਰਸੂਲਾਂ ਦੇ ਕਰਤੱਬ 8:26; ਰਸੂਲਾਂ ਦੇ ਕਰਤੱਬ 12:7-11; ਰਸੂਲਾਂ ਦੇ ਕਰਤੱਬ 27:23,24; • ਇਬਰਾਨੀਆਂ 1:14

## ਮਸਹ

• ਕੂਚ 30:25-33; • 1 ਸਮੂਏਲ 24:6; • 1 ਇਤਿਹਾਸ 16:21,22; • ਜ਼ਬੂਰਾਂ 28:8; ਜ਼ਬੂਰਾਂ 45:7; ਜ਼ਬੂਰਾਂ 92:10; • ਯਸਾਯਾਹ 10:27; ਯਸਾਯਾਹ 61:1-3; • ਮੀਕਾਹ 3:8; • ਜ਼ਕਰਯਾਹ 4:6,7; ਮੱਤੀ 12:28; ਲੂਕਾ 1:35; ਲੂਕਾ 4:14,18,19; ਲੂਕਾ 5:17; ਲੂਕਾ 6:19; ਲੂਕਾ 8:43-48; ਲੂਕਾ 24:49; • ਯੂਹੰਨਾ 7:37-39; • ਰਸੂਲਾਂ ਦੇ ਕਰਤੱਬ 1:8; ਰਸੂਲਾਂ ਦੇ ਕਰਤੱਬ 4:33; ਰਸੂਲਾਂ ਦੇ ਕਰਤੱਬ 5:12-16; ਰਸੂਲਾਂ ਦੇ ਕਰਤੱਬ 6:8; ਰਸੂਲਾਂ ਦੇ ਕਰਤੱਬ 10:38; • ਰੋਮੀਆਂ 1:3,4; ਰੋਮੀਆਂ 15:13,18,19; • 1 ਕੁਰਿੰਥੀਆਂ 2:4,5; 1 ਕੁਰਿੰਥੀਆਂ 5:4; • 2 ਕੁਰਿੰਥੀਆਂ 1:21,22; • ਅਫ਼ਸੀਆਂ 1:19,20; ਅਫ਼ਸੀਆਂ 3:16,20,21; • 1 ਥੱਸਲੁਨੀਕੀਆਂ 1:5; • 2 ਤਿਮੋਥਿਉਸ 1:7; • ਇਬਰਾਨੀਆਂ 2:3,4; • 1 ਯੂਹੰਨਾ 2:20,27

## ਪ੍ਰਾਰਥਨਾ ਦਾ ਉੱਤਰ

• ਜ਼ਬੂਰਾਂ 37:4; ਜ਼ਬੂਰਾਂ 65:2; ਜ਼ਬੂਰਾਂ 84:11; • ਕਹਾਉਤਾਂ 10:24; ਕਹਾਉਤਾਂ 15:29ਅ; • ਮੱਤੀ 7:7-11; ਮੱਤੀ 18:18-20; ਮੱਤੀ 21:22; • ਮਰਕੁਸ 11:22-24; • ਲੂਕਾ 18:1; • ਯੂਹੰਨਾ 14:13,14; ਯੂਹੰਨਾ 15:7; ਯੂਹੰਨਾ 16:23,24; • ਫ਼ਿਲਿੱਪੀਆਂ 4:6,7; • ਯਾਕੂਬ 1:5-7; ਯਾਕੂਬ 5:14-16; • 1 ਪਤਰਸ 3:12; • 1 ਯੂਹੰਨਾ 3:21,22; 1 ਯੂਹੰਨਾ 5:14,15

## ਪਰਮੇਸ਼ੁਰ ਦੇ ਹਥਿਆਰ

• ਰੋਮੀਆਂ 13:12-14; • 2 ਕੁਰਿੰਥੀਆਂ 6:3-7; 2 ਕੁਰਿੰਥੀਆਂ 10:3-5; • ਅਫ਼ਸੀਆਂ 6:10-18; • 1 ਤਿਮੋਥਿਉਸ 1:18

## ਗਰਭ ਵਿੱਚ ਬੱਚਾ

• ਉਤਪਤ 20:17,18; • ਕੂਚ 23:25,26; • ਬਿਵਸਥਾਸਾਰ 7:12-15; ਬਿਵਸਥਾਸਾਰ 28 :4; • ਅੱਯੂਬ 31:15; •ਜ਼ਬੂਰਾਂ 8:2; ਜ਼ਬੂਰਾਂ 71:5-7; ਜ਼ਬੂਰਾਂ 113:9; ਜ਼ਬੂਰਾਂ 119:73; ਜ਼ਬੂਰਾਂ 138:8; ਜ਼ਬੂਰਾਂ 139:13-17; • ਯਸਾਯਾਹ 66:9; • ਯਿਰਮਿਯਾਹ 1:5; • ਗਲਾਤੀਆਂ 1:15,16

## ਵਿਸ਼ਵਾਸੀ ਦਾ ਅਧਿਕਾਰ

• ਮੱਤੀ 10:1,7,8; ਮੱਤੀ 16:18,19; ਮੱਤੀ 28:18-20; • ਮਰਕੁਸ 3:14,15; ਮਰਕੁਸ 9:38-40; ਮਰਕੁਸ 16:17,18; • ਲੂਕਾ 10:17-20; • ਰਸੂਲਾਂ ਦੇ ਕਰਤੱਬ 3:6-9,16; ਰਸੂਲਾਂ ਦੇ ਕਰਤੱਬ 4:9,10; ਰਸੂਲਾਂ ਦੇ ਕਰਤੱਬ 16:16-18; • ਅਫ਼ਸੀਆਂ 2:4-6; • ਫ਼ਿਲਿੱਪੀਆਂ 2:9-11

## ਬਰਕਤ ਅਤੇ ਬਰਕਤ ਦਾ ਕਾਰਣ ਹੋਣਾ

• ਉਤਪਤ 12:1-3; ਉਤਪਤ 17:7; ਉਤਪਤ 22:17,18; ਉਤਪਤ 24:1,35; ਉਤਪਤ 26:12-14; • ਗਿਣਤੀ 6:23-27; • ਬਿਵਸਥਾਸਾਰ 28:1-14; • ਜ਼ਬੂਰਾਂ 103:1-6; ਜ਼ਬੂਰਾਂ 112:1-10; ਜ਼ਬੂਰਾਂ 128:1-6; • ਕਹਾਉਤਾਂ 10:22; • ਗਲਾਤੀਆਂ 3:9, 13, 14, 29; • ਅਫ਼ਸੀਆਂ 1:3; • ਇਬਰਾਨੀਆਂ 8:6

## ਯਿਸੂ ਦਾ ਲਹੂ

• ਕੂਚ 12:13,23; ਕੂਚ 24:8; • ਲੇਵੀਆਂ 17:11; • ਜ਼ਕਰਯਾਹ 9:11; • ਮੱਤੀ 26:28; • ਰਸੂਲਾਂ ਦੇ ਕਰਤੱਬ 20:28; • ਰੋਮੀਆਂ 3:24-26; ਰੋਮੀਆਂ 5:9; • 1 ਕੁਰਿੰਥੀਆਂ 5:7; 1 ਕੁਰਿੰਥੀਆਂ 10:16; • ਅਫ਼ਸੀਆਂ 1:7; ਅਫ਼ਸੀਆਂ 2:13; • ਕੁਲੁੱਸੀਆਂ 1:14,20-22; ਕੁਲੁੱਸੀਆਂ 2:14,15; • ਇਬਰਾਨੀਆਂ 2:14,15; ਇਬਰਾਨੀਆਂ 9:12-14; ਇਬਰਾਨੀਆਂ 10:19-22,28,29; ਇਬਰਾਨੀਆਂ 12:22-24; ਇਬਰਾਨੀਆਂ 13:12,20,21 • 1 ਪਤਰਸ 1:1,2,18,19; • 1 ਯੂਹੰਨਾ 1:7; • ਪਰਕਾਸ਼ ਦੀ ਪੋਥੀ 1:5,6; ਪਰਕਾਸ਼ ਦੀ ਪੋਥੀ 5:9,10; ਪਰਕਾਸ਼ ਦੀ ਪੋਥੀ 7:14, 15; ਪਰਕਾਸ਼ ਦੀ ਪੋਥੀ 12:10,11

## ਦਲੇਰੀ

• ਜ਼ਬੂਰਾਂ 138:3; • ਕਹਾਉਤਾਂ 28:1; • ਰਸੂਲਾਂ ਦੇ ਕਰਤੱਬ 4:13,29-31; ਰਸੂਲਾਂ ਦੇ ਕਰਤੱਬ 14:3; • 2 ਕੁਰਿੰਥੀਆਂ 3:11,12; • ਫ਼ਿਲਿੱਪੀਆਂ 1:20; • 2 ਤਿਮੋਥਿਉਸ 1:7; • 1 ਯੂਹੰਨਾ 4:17,18

(ਇਹ ਵੀ ਵੇਖੋ: ਹਿੰਮਤ, ਵਿਸ਼ਵਾਸ)

## ਹੱਡੀਆਂ

• ਜ਼ਬੂਰਾਂ 34:20; • ਕਹਾਉਤਾਂ 3:5-8; ਕਹਾਉਤਾਂ 14:30; ਕਹਾਉਤਾਂ 17:22; • ਯਸਾਯਾਹ 58:11

## ਦੁਸ਼ਟ-ਆਤਮਾਵਾਂ ਨੂੰ ਕੱਢਣਾ

• ਮੱਤੀ 4:23,24; ਮੱਤੀ 8:16,17; ਮੱਤੀ 9:32,33; ਮੱਤੀ 10:1,7,8; ਮੱਤੀ 12:28,29; ਮੱਤੀ 17:18-21;• ਮਰਕੁਸ 3:14,15; ਮਰਕੁਸ 6:7,12,13; ਮਰਕੁਸ 9:38-40; ਮਰਕੁਸ 16:17,18; • ਲੂਕਾ 9:1,2; ਲੂਕਾ 10:17-20; ਲੂਕਾ 13:10-13; • ਯੂਹੰਨਾ 14:12; • ਰਸੂਲਾਂ ਦੇ ਕਰਤੱਬ 16:16-18; ਰਸੂਲਾਂ ਦੇ ਕਰਤੱਬ 19:11-12

## ਬੱਚੇ

• ਬਿਵਸਥਾਸਾਰ 4:9; ਬਿਵਸਥਾਸਾਰ 6:4-7; ਬਿਵਸਥਾਸਾਰ 28:4; ਬਿਵਸਥਾਸਾਰ 30:6; • ਜ਼ਬੂਰਾਂ 25:12,13; ਜ਼ਬੂਰਾਂ 37:25,26; ਜ਼ਬੂਰਾਂ 78:4-6; ਜ਼ਬੂਰਾਂ 90:16; ਜ਼ਬੂਰਾਂ 103:17; ਜ਼ਬੂਰਾਂ 112:1,2; ਜ਼ਬੂਰਾਂ 113:9; ਜ਼ਬੂਰਾਂ 127:1-5; • ਕਹਾਉਤਾਂ 13:22; ਕਹਾਉਤਾਂ 14:26; ਕਹਾਉਤਾਂ 20:7; ਕਹਾਉਤਾਂ 22:6; ਕਹਾਉਤਾਂ 31:28; •ਯਸਾਯਾਹ 8:18; ਯਸਾਯਾਹ 44:3,4; ਯਸਾਯਾਹ 49:25; ਯਸਾਯਾਹ 54:13; ਯਸਾਯਾਹ 59:21; • ਮਲਾਕੀ 4:5,6; • ਲੂਕਾ 1:17; • ਅਫ਼ਸੀਆਂ 6:4; • ਕੁਲੁੱਸੀਆਂ 3:21; • 1 ਤਿਮੋਥਿਉਸ 3:4,5,12; • 2 ਤਿਮੋਥਿਉਸ 1:5; 2 ਤਿਮੋਥਿਉਸ 3:15; • 3 ਯੂਹੰਨਾ 1:4

## ਭਰੋਸਾ

• ਜ਼ਬੂਰਾਂ 65:5; ਜ਼ਬੂਰਾਂ 118:8,9; • ਕਹਾਉਤਾਂ 3:26; ਕਹਾਉਤਾਂ 14:26
(ਇਹ ਵੀ ਵੇਖੋ: ਹਿੰਮਤ, ਸਾਹਸ)

## ਬਹਾਦਰੀ

• ਬਿਵਸਥਾਸਾਰ 31:6; • ਯਹੋਸ਼ੁਆ 1:7,9; • 2 ਇਤਿਹਾਸ 32:7; • ਜ਼ਬੂਰਾਂ 27:14

(ਇਹ ਵੀ ਦੇਖੋ: ਹਿੰਮਤ, ਆਤਮ ਵਿਸ਼ਵਾਸ)

## ਕਰਜ਼ਾ ਰੱਦ ਕਰਨਾ

• ਬਿਵਸਥਾਸਾਰ 15:6; ਬਿਵਸਥਾਸਾਰ 28:8,11,12; • 2 ਰਾਜਿਆਂ 4:1-7; • ਜ਼ਬੂਰਾਂ 128:1,2; • ਕਹਾਉਤਾਂ 3:9,10; ਕਹਾਉਤਾਂ 22:7; • ਯਸਾਯਾਹ 65:22; • ਮਲਾਕੀ 3:10,11; • ਮੱਤੀ 17:24-27; • ਮਰਕੁਸ 11:22,23; • ਲੂਕਾ 5:4-7; • ਰੋਮੀਆਂ 2:11; ਰੋਮੀਆਂ 13:8

## ਛੁਟਕਾਰਾ

• ਜ਼ਬੂਰਾਂ 18:1,2,17,19,43,48,50; ਜ਼ਬੂਰਾਂ 32:7; ਜ਼ਬੂਰਾਂ 34:4,7,17,19; ਜ਼ਬੂਰਾਂ 91:3,14,15; ਜ਼ਬੂਰਾਂ 107:20; ਜ਼ਬੂਰਾਂ 116:8;

• ਮੱਤੀ 6:13; • ਕੁਲੁੱਸੀਆਂ 1:12,13; • ਗਲਾਤੀਆਂ 1:4; • 2 ਤਿਮੋਥਿਉਸ 4:18; • 2 ਪਤਰਸ 2:9

## ਮਹਾਨ ਕੰਮ

• ਯਹੋਸ਼ੁਆ 1:5; • ਜ਼ਬੂਰਾਂ 60:12; • ਯਸਾਯਾਹ 45:1-3; • ਦਾਨੀਏਲ 11:32ਅ; • 1 ਕੁਰਿੰਥੀਆਂ 2:9,10; • ਅਫ਼ਸੀਆਂ 2:10; • ਅਫ਼ਸੀਆਂ 3:20,21; • ਫ਼ਿਲਿੱਪੀਆਂ 1:6; ਫ਼ਿਲਿੱਪੀਆਂ 2:13; • ਇਬਰਾਨੀਆਂ 11:33,34

## ਨਿਹਚਾ

• ਮੱਤੀ 9:28,29; ਮੱਤੀ 17:20; ਮੱਤੀ 21:21; • ਮਰਕੁਸ 9:23; ਮਰਕੁਸ 11:22,23; • ਲੂਕਾ 1:45; ਲੂਕਾ 17:5,6; • ਯੂਹੰਨਾ 11:40; • ਰਸੂਲਾਂ ਦੇ ਕਰਤੱਬ 3:16; ਰਸੂਲਾਂ ਦੇ ਕਰਤੱਬ 6:8; ਰਸੂਲਾਂ ਦੇ ਕਰਤੱਬ 27:25; • ਰੋਮੀਆਂ 4:12,17-21; ਰੋਮੀਆਂ 10:8-10; ਰੋਮੀਆਂ 12:3; • 2 ਕੁਰਿੰਥੀਆਂ 4:13; 2 ਕੁਰਿੰਥੀਆਂ 5:7; • ਗਲਾਤੀਆਂ 5:6; • ਅਫ਼ਸੀਆਂ 6:16; • 2 ਥੱਸਲੁਨੀਕੀਆਂ 1:3,11; • 1 ਤਿਮੋਥਿਉਸ 6:12; • ਫਿਲੇਮੋਨ 1:6; • ਇਬਰਾਨੀਆਂ 3:1; ਇਬਰਾਨੀਆਂ 4:2,14; ਇਬਰਾਨੀਆਂ 6:12; ਇਬਰਾਨੀਆਂ 10:22,23,35,36; • ਯਾਕੂਬ 1:5-7; ਯਾਕੂਬ 2:17,18,21,22,26

## ਕਿਰਪਾ ਅਤੇ ਚੰਗੇ ਸੰਬੰਧ

• ਉਤਪਤ 39:2-4,21; • ਕੂਚ 12:36; • 1 ਇਤਿਹਾਸ 29:12; • ਜ਼ਬੂਰਾਂ 5:12; ਜ਼ਬੂਰਾਂ 30:5; ਜ਼ਬੂਰਾਂ 119:74; • ਕਹਾਉਤਾਂ 3:3,4; ਕਹਾਉਤਾਂ 4:7,8; ਕਹਾਉਤਾਂ 12:2; ਕਹਾਉਤਾਂ 16:7; ਕਹਾਉਤਾਂ 22:4; ਕਹਾਉਤਾਂ 29:23; • ਯਸਾਯਾਹ 61:7; • 1 ਤਿਮੋਥਿਉਸ 4:1

## ਭਵਿੱਖ

• ਜ਼ਬੂਰਾਂ 31:15; ਜ਼ਬੂਰਾਂ 71:6,7,17,18; ਜ਼ਬੂਰਾਂ 138:8; • ਕਹਾਉਤਾਂ 3:5,6; ਕਹਾਉਤਾਂ 4:18; • ਯਸਾਯਾਹ 46:3,4; ਯਸਾਯਾਹ 64:8;

• ਯਿਰਮਿਯਾਹ 29:11; • ਮੱਤੀ 6:25-34; • ਰੋਮੀਆਂ 8:28; • 1 ਕੁਰਿੰਥੀਆਂ 2:9,10; • ਅਫ਼ਸੀਆਂ 2:10; • ਫ਼ਿਲਿੱਪੀਆਂ 3:12-14; ਫ਼ਿਲਿੱਪੀਆਂ 4:6,7

## ਆਤਮਾ ਦੀਆਂ ਦਾਤਾਂ

• ਰਸੂਲਾਂ ਦੇ ਕਰਤੱਬ 2:22,43; ਰਸੂਲਾਂ ਦੇ ਕਰਤੱਬ 5:12-16; ਰਸੂਲਾਂ ਦੇ ਕਰਤੱਬ 6:8; ਰਸੂਲਾਂ ਦੇ ਕਰਤੱਬ 7:36; ਰਸੂਲਾਂ ਦੇ ਕਰਤੱਬ 14:3; • ਰੋਮੀਆਂ 12:6; ਰੋਮੀਆਂ 15:18,19; • 1 ਕੁਰਿੰਥੀਆਂ 2:4,5; 1 ਕੁਰਿੰਥੀਆਂ 4:20; 1 ਕੁਰਿੰਥੀਆਂ 12:1-11,31; 1 ਕੁਰਿੰਥੀਆਂ 14:1,3,12,26,31,39; • 2 ਕੁਰਿੰਥੀਆਂ 12:12; • 1 ਥੱਸਲੁਨੀਕੀਆਂ 1:5; • ਇਬਰਾਨੀਆਂ 2:3,4

## ਪਰਮੇਸ਼ੁਰ ਦਾ ਤੇਜ

• ਕੂਚ 24:16,17; ਕੂਚ 29:43; ਕੂਚ 33:18,19; ਕੂਚ 40:33-35; • ਗਿਣਤੀ 9:15-23; ਗਿਣਤੀ 14:21; • ਬਿਵਸਥਾਸਾਰ 5:24; • 1 ਸਮੂਏਲ 4:21,22; • 1 ਰਾਜਿਆਂ 8:10,11; • 2 ਇਤਿਹਾਸ 5:13,14; • ਜ਼ਬੂਰਾਂ 24:7-10; ਜ਼ਬੂਰਾਂ 26:8; ਜ਼ਬੂਰਾਂ 63:1,2; ਜ਼ਬੂਰਾਂ 85:9; ਜ਼ਬੂਰਾਂ 90:16,17; • ਯਸਾਯਾਹ 4:5,6; ਯਸਾਯਾਹ 11:10; ਯਸਾਯਾਹ 35:1,2; ਯਸਾਯਾਹ 40:5; ਯਸਾਯਾਹ 42:8; ਯਸਾਯਾਹ 48:11; ਯਸਾਯਾਹ 58:8; ਯਸਾਯਾਹ 60:1-7; • ਹਿਜ਼ਕੀਏਲ 1:28; ਹਿਜ਼ਕੀਏਲ 3:12; ਹਿਜ਼ਕੀਏਲ 10:4,18; • ਹਬੱਕੂਕ 2:14; ਹਬੱਕੂਕ 3:3,4; • ਹੱਜਈ 2:7-9; • ਯੂਹੰਨਾ 1:14; ਯੂਹੰਨਾ 2:11; ਯੂਹੰਨਾ 11:4,40; ਯੂਹੰਨਾ 14:21-23; ਯੂਹੰਨਾ 17:5,22,24; • ਰਸੂਲਾਂ ਦੇ ਕਰਤੱਬ 7:55; • ਰੋਮੀਆਂ 8:15-25; • 1 ਕੁਰਿੰਥੀਆਂ 3:16; 1 ਕੁਰਿੰਥੀਆਂ 10:31; • 2 ਕੁਰਿੰਥੀਆਂ 3:7-18; 2 ਕੁਰਿੰਥੀਆਂ 4:6,7-18; • ਅਫ਼ਸੀਆਂ 2:21,22; • ਕੁਲੁੱਸੀਆਂ 1:26,27; • ਇਬਰਾਨੀਆਂ 1:3; • 1 ਪਤਰਸ 4:14; • 2 ਪਤਰਸ 1:16-18

## ਰੱਬੀ ਇੱਛਾਵਾਂ

• ਜ਼ਬੂਰਾਂ 27:4; ਜ਼ਬੂਰਾਂ 37:4; ਜ਼ਬੂਰਾਂ 42:1,2; ਜ਼ਬੂਰਾਂ 84:1-3,10; ਜ਼ਬੂਰਾਂ 63:1-8; ਜ਼ਬੂਰਾਂ 145:19; • ਕਹਾਉਤਾਂ 10:24; • ਯਸਾਯਾਹ 26:9; • ਮੱਤੀ 6:33; • ਮਰਕੁਸ 12:29-31; • ਰੋਮੀਆਂ 8:13;

• 2 ਕੁਰਿੰਥੀਆਂ 5:14,15; • ਗਲਾਤੀਆਂ 2:20; ਗਲਾਤੀਆਂ 5:24; ਗਲਾਤੀਆਂ 6:7,8,14 • ਫ਼ਿਲਿੱਪੀਆਂ 3:7-11; ਫ਼ਿਲਿੱਪੀਆਂ 4:8; • ਕੁਲੁੱਸੀਆਂ 3:1-3; • 2 ਤਿਮੋਥਿਉਸ 2:19-21; • ਯਾਕੂਬ 4:4; • 1 ਯੂਹੰਨਾ 2:15-17

## ਸਾਡੇ ਪਰਮੇਸ਼ੁਰ ਦੀ ਮਹਾਨਤਾ

• ਜ਼ਬੂਰਾਂ 86:8-12; ਜ਼ਬੂਰਾਂ 121:2; ਜ਼ਬੂਰਾਂ 145:1-21; ਜ਼ਬੂਰਾਂ 147:4,5; • ਯਸਾਯਾਹ 37:16; ਯਸਾਯਾਹ 40:21-31; ਯਸਾਯਾਹ 45:12,18; • ਯਿਰਮਿਯਾਹ 32:17,27; ਯਿਰਮਿਯਾਹ 51:15; • ਰੋਮੀਆਂ 11:33-36; • 1 ਤਿਮੋਥਿਉਸ 6:14-16; • ਪਰਕਾਸ਼ ਦੀ ਪੋਥੀ 5:11-14; ਪਰਕਾਸ਼ ਦੀ ਪੋਥੀ 7:9-12; ਪਰਕਾਸ਼ ਦੀ ਪੋਥੀ 19:4-6

## ਮਾਰਗ-ਦਰਸ਼ਨ

• ਜ਼ਬੂਰਾਂ 25:12; ਜ਼ਬੂਰਾਂ 32:8,9; ਜ਼ਬੂਰਾਂ 37:23,24; ਜ਼ਬੂਰਾਂ 119:103-105,130,133; • ਕਹਾਉਤਾਂ 3:5,6; ਕਹਾਉਤਾਂ 4:18,26; • ਯਸਾਯਾਹ 58:11; • ਰੋਮੀਆਂ 8:14; • ਕੁਲੁੱਸੀਆਂ 3:15

## ਚੰਗਿਆਈ ਅਤੇ ਤੰਦਰੁਸਤੀ

• ਉਤਪਤ 20:17; • ਕੂਚ 15:26; ਕੂਚ 23:25,26; • ਬਿਵਸਥਾਸਾਰ 7:15; • ਅੱਯੂਬ 33:19-28; • ਜ਼ਬੂਰਾਂ 30:2; ਜ਼ਬੂਰਾਂ 41:1-3; ਜ਼ਬੂਰਾਂ 91:5-10; ਜ਼ਬੂਰਾਂ 103:1-5; ਜ਼ਬੂਰਾਂ 107:20; • ਕਹਾਉਤਾਂ 3:7,8; ਕਹਾਉਤਾਂ 4:20-22; ਕਹਾਉਤਾਂ 12:18; ਕਹਾਉਤਾਂ 18:21,22; • ਯਸਾਯਾਹ 6:10; ਯਸਾਯਾਹ 53:4,5; ਯਸਾਯਾਹ 58:8; • ਯਿਰਮਿਯਾਹ 17:14; • ਹਿਜ਼ਕੀਏਲ 34:4; ਹਿਜ਼ਕੀਏਲ 47:8,9; • ਮੱਤੀ 4:24; ਮੱਤੀ 8:16,17; ਮੱਤੀ 12:15; ਮੱਤੀ 15:25-28; • ਮਰਕੁਸ 5:34; • ਲੂਕਾ 4:40; ਲੂਕਾ 13:11-13,16; • ਰਸੂਲਾਂ ਦੇ ਕਰਤੱਬ 10:38; • ਰੋਮੀਆਂ 8:11; • 1 ਕੁਰਿੰਥੀਆਂ 6:19,20; • ਇਬਰਾਨੀਆਂ 11:11; • ਯਾਕੂਬ 5:14,15; • 1 ਪਤਰਸ 2:24; • ਪਰਕਾਸ਼ ਦੀ ਪੋਥੀ 22:1,2

## ਬਿਮਾਰਾਂ ਨੂੰ ਚੰਗਾ ਕਰਨਾ

• ਮੱਤੀ 4:23,24; ਮੱਤੀ 10:1,7,8; ਮੱਤੀ 15:29-31; • ਮਰਕੁਸ 6:7,12,13; ਮਰਕੁਸ 16:17,18; • ਲੂਕਾ 5:17; ਲੂਕਾ 6:17-19; ਲੂਕਾ 9:1,2,11; ਲੂਕਾ 10:1,9; • ਯੂਹੰਨਾ 14:12; • ਰਸੂਲਾਂ ਦੇ ਕਰਤੱਬ 10:38; • 1 ਕੁਰਿੰਥੀਆਂ 12:7-11; • ਯਾਕੂਬ 5:14-16; • 1 ਯੂਹੰਨਾ 3:8

## ਪਵਿੱਤਰਤਾਈ (ਪਾਪ ਉੱਤੇ ਜਿੱਤ ਪਾਉਣਾ, ਸ਼ੁੱਧਤਾਈ)

• ਕੂਚ 15:11; ਕੂਚ 19:6; • ਬਿਵਸਥਾਸਾਰ 7:6; ਬਿਵਸਥਾਸਾਰ 23:14; • ਅੱਯੂਬ 31:1; • ਜ਼ਬੂਰਾਂ 29:2; ਜ਼ਬੂਰਾਂ 1:1-3; ਜ਼ਬੂਰਾਂ 4:3; ਜ਼ਬੂਰਾਂ 15:1-5; ਜ਼ਬੂਰਾਂ 19:12-14; ਜ਼ਬੂਰਾਂ 24:3-5; ਜ਼ਬੂਰਾਂ 96:9; ਜ਼ਬੂਰਾਂ 119:9-11; • ਕਹਾਉਤਾਂ 5:15-23; ਕਹਾਉਤਾਂ 6:23-25; • ਉਪਦੇਸ਼ਕ ਦੀ ਪੋਥੀ 7:26; • ਯਸਾਯਾਹ 52:11; • ਓਬਦਯਾਹ 1:17; • ਮਲਾਕੀ 3:1-3; • ਮੱਤੀ 5:29,30; • ਰੋਮੀਆਂ 1:4; ਰੋਮੀਆਂ 6:6,7,12-14; ਰੋਮੀਆਂ 8:5-8,12,13; ਰੋਮੀਆਂ 12:1,2; ਰੋਮੀਆਂ 13:11-14; • 1 ਕੁਰਿੰਥੀਆਂ 3:16,17; 1 ਕੁਰਿੰਥੀਆਂ 6:12,13,17-20; • 2 ਕੁਰਿੰਥੀਆਂ 6:14-18; 2 ਕੁਰਿੰਥੀਆਂ 7:1; 2 ਕੁਰਿੰਥੀਆਂ 10:3-5; • ਅਫ਼ਸੀਆਂ 4:20-32; ਅਫ਼ਸੀਆਂ 5:1-5; • ਫ਼ਿਲਿੱਪੀਆਂ 2:14,15; ਫ਼ਿਲਿੱਪੀਆਂ 4:4-8; • 1 ਥੱਸਲੁਨੀਕੀਆਂ 4:3-7; • 2 ਤਿਮੋਥਿਉਸ 2:19-22; • ਤੀਤੁਸ 2:11-14; • ਇਬਰਾਨੀਆਂ 10:26,27; ਇਬਰਾਨੀਆਂ 12:1-4,14-16; • ਯਾਕੂਬ 3:8-10; ਯਾਕੂਬ 4:4-8; 1 ਪਤਰਸ 1:13-17; 1 ਪਤਰਸ 2:9-12; 1 ਪਤਰਸ 4:1,2; • 2 ਪਤਰਸ 3:14,17,18; • 1 ਯੂਹੰਨਾ 2:15-17; • ਯਹੂਦਾਹ 1:17-25

## ਘਰ ਅਤੇ ਪਰਿਵਾਰ

• ਉਤਪਤ 18:19; ਉਤਪਤ 22:16-18; ਉਤਪਤ 39:2-5; • ਬਿਵਸਥਾਸਾਰ 28:1-12; • ਯਹੋਸ਼ੁਆ 24:14,15; • 2 ਸਮੂਏਲ 6:12; • ਅੱਯੂਬ 5:24;

• ਜ਼ਬੂਰਾਂ 68:5; ਜ਼ਬੂਰਾਂ 91:10; ਜ਼ਬੂਰਾਂ 101:1,2,7; ਜ਼ਬੂਰਾਂ 112:1-3; ਜ਼ਬੂਰਾਂ 118:15; ਜ਼ਬੂਰਾਂ 127:1-5; ਜ਼ਬੂਰਾਂ 128:1-4; ਜ਼ਬੂਰਾਂ 144:12-15; • ਕਹਾਉਤਾਂ 3:33; ਕਹਾਉਤਾਂ 12:7; ਕਹਾਉਤਾਂ 14:11; ਕਹਾਉਤਾਂ 15:6; • ਯਸਾਯਾਹ 32:17-19; ਯਸਾਯਾਹ 65:21-23; • ਯੂਹੰਨਾ 14:2

## ਪਤੀ

• ਉਤਪਤ 2:22-24; • ਜ਼ਬੂਰਾਂ 128:1-4; • ਕਹਾਉਤਾਂ 19:14; ਕਹਾਉਤਾਂ 31:10-11,23,28; • ਮਲਾਕੀ 2:14-16; • ਮੱਤੀ 19:4-6; • 1 ਕੁਰਿੰਥੀਆਂ 7:3-5,10,11; 1 ਕੁਰਿੰਥੀਆਂ 11:3; • ਅਫ਼ਸੀਆਂ 5:23-33; • ਕੁਲੁੱਸੀਆਂ 3:19; • 1 ਤਿਮੋਥਿਉਸ 5:4; • 1 ਪਤਰਸ 3:7

## ਅਨੰਦ (ਦੁੱਖ, ਉਦਾਸੀ ਉੱਤੇ ਜਿੱਤ ਪਾਉਣਾ)

• ਨਹਮਯਾਹ 8:10; • ਜ਼ਬੂਰਾਂ 5:11; ਜ਼ਬੂਰਾਂ 16:11; ਜ਼ਬੂਰਾਂ 30:5; ਜ਼ਬੂਰਾਂ 32:11; ਜ਼ਬੂਰਾਂ 33:1,3,21; ਜ਼ਬੂਰਾਂ 35:9; ਜ਼ਬੂਰਾਂ 43:4; ਜ਼ਬੂਰਾਂ 126:5,6; • ਯਸਾਯਾਹ 12:3; ਯਸਾਯਾਹ 29:19; ਯਸਾਯਾਹ 51:11; ਯਸਾਯਾਹ 61:3,7; • ਹਬੱਕੂਕ 3:17,18; • ਮੱਤੀ 5:12; • ਯੂਹੰਨਾ 16:22-24; ਯੂਹੰਨਾ 17:13; • ਰਸੂਲਾਂ ਦੇ ਕਰਤੱਬ 13:52; • ਰੋਮੀਆਂ 14:17; ਰੋਮੀਆਂ 15:13; • ਗਲਾਤੀਆਂ 5:22,23; • ਫ਼ਿਲਿੱਪੀਆਂ 4:4; • ਕੁਲੁੱਸੀਆਂ 1:11; • 1 ਥੱਸਲੁਨੀਕੀਆਂ 1:6; 1 ਥੱਸਲੁਨੀਕੀਆਂ 5:16-18; • ਇਬਰਾਨੀਆਂ 1:9; • ਯਾਕੂਬ 1:2,3; • 1 ਪਤਰਸ 1:8,9; 1 ਪਤਰਸ 4:12-14; • 1 ਯੂਹੰਨਾ 1:4

## ਜ਼ਮੀਨ ਜਾਇਦਾਦ ਦੇ ਮਾਮਲੇ

• ਬਿਵਸਥਾਸਾਰ 28:8,11,12; • ਜ਼ਬੂਰਾਂ 16:5; ਜ਼ਬੂਰਾਂ 37:29; ਜ਼ਬੂਰਾਂ 125:3; • ਮਰਕੁਸ 10:29,30

## ਕਾਨੂੰਨੀ ਚੁਣੌਤੀਆਂ

• ਬਿਵਸਥਾਸਾਰ 10:18; ਬਿਵਸਥਾਸਾਰ 28:7; • ਜ਼ਬੂਰਾਂ 3; ਜ਼ਬੂਰਾਂ 12:5; ਜ਼ਬੂਰਾਂ 37:6,28; ਜ਼ਬੂਰਾਂ 72:14; ਜ਼ਬੂਰਾਂ 89:14; ਜ਼ਬੂਰਾਂ 103:6;

ਜ਼ਬੂਰਾਂ 119:121; ਜ਼ਬੂਰਾਂ 140:12; ਜ਼ਬੂਰਾਂ 146:7; • ਯਸਾਯਾਹ 28:5,6; ਯਸਾਯਾਹ 54:14,17

## ਲੰਬੀ ਉਮਰ

• ਉਤਪਤ 6:3; • ਕੂਚ 23:25,26; • ਬਿਵਸਥਾਸਾਰ 34:7; • ਅੱਯੂਬ 5:26; • ਜ਼ਬੂਰਾਂ 34:12-14; ਜ਼ਬੂਰਾਂ 71:5-9,17,18; ਜ਼ਬੂਰਾਂ 90:10-12; ਜ਼ਬੂਰਾਂ 91:14-16; ਜ਼ਬੂਰਾਂ 92:12-15; ਜ਼ਬੂਰਾਂ 103:15-17; ਜ਼ਬੂਰਾਂ 128:1,6; • ਕਹਾਉਤਾਂ 3:1-2; ਕਹਾਉਤਾਂ 17:6; • ਯਸਾਯਾਹ 46:4; • 2 ਕੁਰਿੰਥੀਆਂ 4:16-18; 2 ਕੁਰਿੰਥੀਆਂ 5:1-9; • ਫ਼ਿਲਿੱਪੀਆਂ 1:21; • 2 ਤਿਮੋਥਿਉਸ 4:7,8

## ਪਿਆਰ

• ਮਰਕੁਸ 12:29-31; • ਯੂਹੰਨਾ 13:34,35; • ਰੋਮੀਆਂ 5:5; ਰੋਮੀਆਂ 12:9-21; ਰੋਮੀਆਂ 13:8; • 1 ਕੁਰਿੰਥੀਆਂ 13:1-13; • ਗਲਾਤੀਆਂ 5:22,23; • ਅਫ਼ਸੀਆਂ 4:31,32; ਅਫ਼ਸੀਆਂ 5:1,2; • ਕੁਲੁੱਸੀਆਂ 3:12-14; • 1 ਥੱਸਲੁਨੀਕੀਆਂ 4:9,10; • 1 ਤਿਮੋਥਿਉਸ 1:5; • ਇਬਰਾਨੀਆਂ 6:10; • 1 ਯੂਹੰਨਾ 2:9-11; 1 ਯੂਹੰਨਾ 3:14-18; 1 ਯੂਹੰਨਾ 4:7-12,16-21; • ਯਹੂਦਾਹ 1:20,21

## ਮਨ

• 1 ਇਤਿਹਾਸ 28:9; • ਅੱਯੂਬ 38:36; • ਜ਼ਬੂਰਾਂ 26:2; ਜ਼ਬੂਰਾਂ 19:7,14 ਜ਼ਬੂਰਾਂ 23:3; ਜ਼ਬੂਰਾਂ 35:9; ਜ਼ਬੂਰਾਂ 42:5,6,11; ਜ਼ਬੂਰਾਂ 62:1,5; ਜ਼ਬੂਰਾਂ 94:19; ਜ਼ਬੂਰਾਂ 103:1,2; ਜ਼ਬੂਰਾਂ 131:2; ਜ਼ਬੂਰਾਂ 138:3; ਜ਼ਬੂਰਾਂ 139:2; • ਯਸਾਯਾਹ 26:3,9; ਯਸਾਯਾਹ 55:7,9 • ਵਿਰਲਾਪ 3:21-23; ਮੱਤੀ 5:28; ਮੱਤੀ 15:18,19; • ਮਰਕੁਸ 12:30; • ਰੋਮੀਆਂ 8:5-8; ਰੋਮੀਆਂ 12:1,2,16; ਰੋਮੀਆਂ 14:5; • 1 ਕੁਰਿੰਥੀਆਂ 2:16; • 2 ਕੁਰਿੰਥੀਆਂ 10:3-5; • ਅਫ਼ਸੀਆਂ 4:23,24; • ਫ਼ਿਲਿੱਪੀਆਂ 2:3,5-8,15; ਫ਼ਿਲਿੱਪੀਆਂ 3:12-15; ਫ਼ਿਲਿੱਪੀਆਂ 4:8; • ਕੁਲੁੱਸੀਆਂ 3:2,3; • 1 ਥੱਸਲੁਨੀਕੀਆਂ 5:23; • 2 ਤਿਮੋਥਿਉਸ 1:7; • ਇਬਰਾਨੀਆਂ

4:12; ਇਬਰਾਨੀਆਂ 8:10; • 1 ਪਤਰਸ 2:11; 1 ਪਤਰਸ 4:1; • ਯਾਕੂਬ 1:21; • 3 ਯੂਹੰਨਾ 2

## ਸ਼ਾਂਤੀ (ਡਰ, ਘਬਰਾਹਟ ਅਤੇ ਚਿੰਤਾ ਉੱਤੇ ਜਿੱਤ ਪਾਉਣਾ)

• ਨਿਆਈਆਂ ਦੀ ਪੋਥੀ 6:23,24;• ਜ਼ਬੂਰਾਂ 4:8; ਜ਼ਬੂਰਾਂ 37:11,37; ਜ਼ਬੂਰਾਂ 119:165; • ਯਸਾਯਾਹ 9:6,7; ਯਸਾਯਾਹ 26:3,12; ਯਸਾਯਾਹ 32:17,18; ਯਸਾਯਾਹ 48:17,18; ਯਸਾਯਾਹ 53:5; ਯਸਾਯਾਹ 54:10,13; ਯਸਾਯਾਹ 55:12; • ਮੱਤੀ 5:9; • ਯੂਹੰਨਾ 14:27; ਯੂਹੰਨਾ 16:33; • ਰੋਮੀਆਂ 5:1; ਰੋਮੀਆਂ 8:6; ਰੋਮੀਆਂ 12:18; ਰੋਮੀਆਂ 14:17-19; ਰੋਮੀਆਂ 15:13,33; ਰੋਮੀਆਂ 16:20; • 1 ਕੁਰਿੰਥੀਆਂ 1:3;1 ਕੁਰਿੰਥੀਆਂ 14:33; 2 ਕੁਰਿੰਥੀਆਂ 13:11; • ਗਲਾਤੀਆਂ 5:22,23; • ਫ਼ਿਲਿੱਪੀਆਂ 4:6-9; • 2 ਥੱਸਲੁਨੀਕੀਆਂ 3:16; • ਇਬਰਾਨੀਆਂ 12:14

## ਤਰੱਕੀ

• ਬਿਵਸਥਾਸਾਰ 28:13; • ਅੱਯੂਬ 8:6,7; • ਜ਼ਬੂਰਾਂ 37:4,5; ਜ਼ਬੂਰਾਂ 75:6,7; • ਕਹਾਉਤਾਂ 16:3; ਕਹਾਉਤਾਂ 22:4,29; • ਯਸਾਯਾਹ 1:19; ਯਸਾਯਾਹ 48:17; ਯਸਾਯਾਹ 54:1-3; ਯਸਾਯਾਹ 60:22; • ਯੂਹੰਨਾ 15:5; • 1 ਤਿਮੋਥਿਉਸ 6:17

## ਖੁਸ਼ਹਾਲੀ ਅਤੇ ਸਫਲਤਾ

• ਉਤਪਤ 26:12; ਉਤਪਤ 39:2,3,23; • ਬਿਵਸਥਾਸਾਰ 29:9; ਬਿਵਸਥਾਸਾਰ 30:5 • ਯਹੋਸ਼ੁਆ 1:7,8; • 1 ਰਾਜਿਆਂ 2:3; • 2 ਇਤਿਹਾਸ 20:20; 2 ਇਤਿਹਾਸ 26:5; 2 ਇਤਿਹਾਸ 31:21; • ਨਹਮਯਾਹ 2:20; • ਅੱਯੂਬ 8:6,7; ਅੱਯੂਬ 36:10,11; • ਜ਼ਬੂਰਾਂ 1:1-3; ਜ਼ਬੂਰਾਂ 25:12,13; ਜ਼ਬੂਰਾਂ 35:27; ਜ਼ਬੂਰਾਂ 118:25; • ਕਹਾਉਤਾਂ 28:25; • ਜ਼ਕਰਯਾਹ 8:12; • 3 ਯੂਹੰਨਾ 1:2

(ਇਹ ਵੀ ਵੇਖੋ: ਆਸ਼ੀਸ਼ ਅਤੇ ਧੰਨ ਹੋ ਰਿਹਾ ਹੈ)

## ਸੁਰੱਖਿਆ

• ਜ਼ਬੂਰਾਂ 3:3-6; ਜ਼ਬੂਰਾਂ 27:1-5; ਜ਼ਬੂਰਾਂ 32:7; ਜ਼ਬੂਰਾਂ 34:4,7,17,19; ਜ਼ਬੂਰਾਂ 50:15; ਜ਼ਬੂਰਾਂ 91:10-12; ਜ਼ਬੂਰਾਂ 121:1-8; • ਕਹਾਉਤਾਂ 19:23; ਕਹਾਉਤਾਂ 21:31; • ਯਸਾਯਾਹ 54:14,15,17; ਯਸਾਯਾਹ 59:19

## ਵਿਵਸਥਾ

• ਉਤਪਤ 22:13,14; • ਜ਼ਬੂਰਾਂ 23:1-6; ਜ਼ਬੂਰਾਂ 34:9,10; ਜ਼ਬੂਰਾਂ 37:25; ਜ਼ਬੂਰਾਂ 84:11; • ਮੱਤੀ 6:31-33; • 2 ਕੁਰਿੰਥੀਆਂ 9:6-8; • ਫ਼ਿਲਿੱਪੀਆਂ 4:19

## ਸ਼ਾਂਤੀ

• ਜ਼ਬੂਰਾਂ 131:2; • ਯਸਾਯਾਹ 30:15; ਯਸਾਯਾਹ 32:17,18; • ਵਿਰਲਾਪ 3:26; • ਸਫ਼ਨਯਾਹ 3:17; • 1 ਥੱਸਲੁਨੀਕੀਆਂ 4:11; • 2 ਥੱਸਲੁਨੀਕੀਆਂ 3:11,12; • 1 ਪਤਰਸ 3:3,4

## ਮੁਰਦਿਆਂ ਨੂੰ ਜੀਉਂਦਾ ਕਰਨਾ

• 1 ਰਾਜਿਆਂ 17:17-24; • 2 ਰਾਜਿਆਂ 4:32-37; 2 ਰਾਜਿਆਂ 13:20,21; • ਮੱਤੀ 10:7,8; ਮੱਤੀ 11:4,5; • ਮਰਕੁਸ 5:35-43; • ਲੂਕਾ 7:11-17; • ਯੂਹੰਨਾ 11:38-45; • ਰਸੂਲਾਂ ਦੇ ਕਰਤੱਬ 9:36-42; ਰਸੂਲਾਂ ਦੇ ਕਰਤੱਬ 14:19,20; ਰਸੂਲਾਂ ਦੇ ਕਰਤੱਬ 20:9,10; ਰਸੂਲਾਂ ਦੇ ਕਰਤੱਬ 26:8; • ਰੋਮੀਆਂ 4:17; • ਇਬਰਾਨੀਆਂ 11:35

## ਨੀਂਦ

• ਜ਼ਬੂਰਾਂ 4:8; ਜ਼ਬੂਰਾਂ 16:7; ਜ਼ਬੂਰਾਂ 127:2; • ਕਹਾਉਤਾਂ 3:24; ਕਹਾਉਤਾਂ 6:22-23

## ਆਤਮਾ ਨਾਲ ਭਰਪੂਰ ਹੋਣਾ ਅਤੇ ਆਤਮਾ ਦੇ ਚਲਾਏ ਚੱਲਣਾ

• ਮੱਤੀ 4:1; • ਯੂਹੰਨਾ 16:13-15; • ਰਸੂਲਾਂ ਦੇ ਕਰਤੱਬ 5:32; ਰਸੂਲਾਂ ਦੇ ਕਰਤੱਬ 8:29; ਰਸੂਲਾਂ ਦੇ ਕਰਤੱਬ 10:19,20; ਰਸੂਲਾਂ ਦੇ ਕਰਤੱਬ

13:2,3; ਰਸੂਲਾਂ ਦੇ ਕਰਤੱਬ 15:28,29; ਰਸੂਲਾਂ ਦੇ ਕਰਤੱਬ 16:6-10; ਰਸੂਲਾਂ ਦੇ ਕਰਤੱਬ 18:5; ਰਸੂਲਾਂ ਦੇ ਕਰਤੱਬ 19:21; ਰਸੂਲਾਂ ਦੇ ਕਰਤੱਬ 20:22,23; ਰਸੂਲਾਂ ਦੇ ਕਰਤੱਬ 21:4,10,11; • ਰੋਮੀਆਂ 8:1,2,13-17; • 2 ਕੁਰਿੰਥੀਆਂ 13:14; • ਗਲਾਤੀਆਂ 5:16-26; • ਅਫ਼ਸੀਆਂ 4:30; ਅਫ਼ਸੀਆਂ 5:17-21; • 1 ਥੱਸਲੁਨੀਕੀਆਂ 5:19

## ਬਲ

• ਕੂਚ 15:2; • ਬਿਵਸਥਾਸਾਰ 33:25; • 1 ਸਮੂਏਲ 30:6; • 2 ਸਮੂਏਲ 22:33; • ਜ਼ਬੂਰਾਂ 27:1,14; ਜ਼ਬੂਰਾਂ 31:24; ਜ਼ਬੂਰਾਂ 46:1-3; ਜ਼ਬੂਰਾਂ 73:26; • ਯਸਾਯਾਹ 11:2; ਯਸਾਯਾਹ 28:5,6; ਯਸਾਯਾਹ 40:28-31; ਯਸਾਯਾਹ 41:10; • 2 ਕੁਰਿੰਥੀਆਂ 12:9; • ਅਫ਼ਸੀਆਂ 3:16; ਅਫ਼ਸੀਆਂ 6:10; • ਫ਼ਿਲਿੱਪੀਆਂ 4:13; • ਕੁਲੁੱਸੀਆਂ 1:11

## ਪਤਨੀ

• ਕਹਾਉਤਾਂ 12:4; ਕਹਾਉਤਾਂ 14:1; ਕਹਾਉਤਾਂ 31:10-31; • 1 ਕੁਰਿੰਥੀਆਂ 7:2-4,10,11; • ਅਫ਼ਸੀਆਂ 5:22-24,33; • ਕੁਲੁੱਸੀਆਂ 3:18; • ਤੀਤੁਸ 2:1-5; • 1 ਪਤਰਸ 3:1-6

## ਬੁੱਧ ਅਤੇ ਸਮਝ

• ਉਤਪਤ 41:38,39; • ਕੂਚ 31:1-5; ਕੂਚ 35:30-35; ਕੂਚ 36:1; • 1 ਇਤਿਹਾਸ 28:11,12,19; • 1 ਰਾਜਿਆਂ 4:29; • ਅੱਯੂਬ 12:13; ਅੱਯੂਬ 28:20,28; ਅੱਯੂਬ 32:8; • ਜ਼ਬੂਰਾਂ 18:28; ਜ਼ਬੂਰਾਂ 25:14; ਜ਼ਬੂਰਾਂ 51:6; ਜ਼ਬੂਰਾਂ 111:10; ਜ਼ਬੂਰਾਂ 112:5; ਜ਼ਬੂਰਾਂ 119:97-99,130; • ਕਹਾਉਤਾਂ 2:6; ਕਹਾਉਤਾਂ 3:32; ਕਹਾਉਤਾਂ 4:5-9; ਕਹਾਉਤਾਂ 8:11-21; ਕਹਾਉਤਾਂ 20:27; • ਯਸਾਯਾਹ 11:1,2; ਯਸਾਯਾਹ 28:23-29; ਯਸਾਯਾਹ 29:24; ਯਸਾਯਾਹ 40:28; • ਯਿਰਮਿਯਾਹ 51:15; • ਦਾਨੀਏਲ 1:17; ਦਾਨੀਏਲ 2:20-22,28; ਦਾਨੀਏਲ 5:12-14; • ਲੂਕਾ 24:45; • 1 ਕੁਰਿੰਥੀਆਂ 2:9-12; • ਯਾਕੂਬ 1:5

# ਸਾਡੇ ਨਾਲ ਆਨਲਾਈਨ ਜੁੜੋ

## (JOIN US ONLINE)

### ਇੰਗਲਿਸ਼

**(ENGLISH)**

https://youtube.com/allpeopleschurchbangalore
https://instagram.com/allpeopleschurchbangalore
https://facebook.com/apcwo

https://youtube.com/apcbiblecollege
https://instagram.com/apcbiblecollege

https://youtube.com/APCMusicindia

https://www.youtube.com/@apc-free-christian-books

https://youtube.com/@chrysalislifecounseling
https://instagram.com/ChrysalisLifeCounseling

### ਹਿੰਦੀ

**(HINDI)**

https://youtube.com/APCHindi
https://www.instagram.com/apc_bangalore_hindi

# ਕੀ ਤੁਸੀਂ ਉਸ ਪਰਮੇਸ਼ੁਰ ਨੂੰ ਜਾਣਦੇ ਹੋ ਜਿਹੜਾ ਤੁਹਾਨੂੰ ਪਿਆਰ ਕਰਦਾ ਹੈ?

ਲੱਗਭੱਗ 2000 ਸਾਲ ਪਹਿਲਾਂ, ਪਰਮੇਸ਼ੁਰ ਮਨੁੱਖ ਦੇ ਰੂਪ ਵਿੱਚ ਇਸ ਸੰਸਾਰ ਵਿੱਚ ਆਇਆ ਸੀ। ਉਸਦਾ ਨਾਮ ਯਿਸੂ ਹੈ। ਉਹ ਪੂਰੀ ਤਰ੍ਹਾਂ ਪਾਪ ਰਹਿਤ ਜੀਵਨ ਬਤੀਤ ਕਰਦਾ ਸੀ, ਕਿਉਂਕਿ ਯਿਸੂ ਮਨੁੱਖੀ ਸਰੀਰ ਵਿੱਚ ਪਰਮੇਸ਼ੁਰ ਸੀ, ਜੋ ਉਸਨੇ ਕਿਹਾ ਅਤੇ ਕੀਤਾ ਉਸ ਦੁਆਰਾ ਸਾਡੇ ਵਿਚਕਾਰ ਪਰਮੇਸ਼ੁਰ ਨੂੰ ਪ੍ਰਗਟ ਕਰਦਾ ਸੀ। ਉਸ ਨੇ ਜੋ ਸ਼ਬਦ ਬੋਲੇ, ਉਹ ਖ਼ੁਦ ਪਰਮੇਸ਼ੁਰ ਦੇ ਸ਼ਬਦ ਸਨ। ਉਨ੍ਹਾਂ ਨੇ ਜੋ ਕੰਮ ਕੀਤਾ ਉਹ ਪਰਮੇਸ਼ੁਰ ਦਾ ਕੰਮ ਸੀ। ਯਿਸੂ ਨੇ ਇਸ ਧਰਤੀ ਉੱਤੇ ਬਹੁਤ ਸਾਰੇ ਚਮਤਕਾਰ ਕੀਤੇ। ਉਸ ਨੇ ਬਿਮਾਰਾਂ ਅਤੇ ਦੁਖੀਆਂ ਨੂੰ ਚੰਗਾ ਕੀਤਾ। ਅੰਨ੍ਹਿਆਂ ਨੂੰ ਅੱਖਾਂ ਦਿੱਤੀਆਂ, ਬੋਲਿਆਂ ਦੇ ਕੰਨ ਖੋਲ੍ਹੇ, ਲੰਗੜਿਆਂ ਨੂੰ ਚਲਾਇਆ ਅਤੇ ਹਰ ਤਰ੍ਹਾਂ ਦੀ ਬਿਮਾਰੀ ਅਤੇ ਰੋਗ ਨੂੰ ਚੰਗਾ ਕੀਤਾ। ਉਸ ਨੇ ਚਮਤਕਾਰੀ ਢੰਗ ਨਾਲ ਕਈਆਂ ਨੂੰ ਰੋਟੀਆਂ ਨਾਲ ਖੁਆਇਆ। ਤੂਫਾਨ ਨੂੰ ਸ਼ਾਂਤ ਕੀਤਾ ਅਤੇ ਹੋਰ ਬਹੁਤ ਸਾਰੇ ਅਦਭੁੱਤ ਕੰਮ ਕੀਤੇ।

**ਇਹ ਸਾਰੀਆਂ ਕਾਰਵਾਈਆਂ ਸਾਡੇ 'ਤੇ ਪ੍ਰਗਟ ਕਰਦੀਆਂ ਹਨ ਕਿ ਪਰਮੇਸ਼ੁਰ ਇੱਕ ਚੰਗਾ ਪਰਮੇਸ਼ੁਰ ਹੈ ਜੋ ਚਾਹੁੰਦਾ ਹੈ ਕਿ ਇਨਸਾਨ ਚੰਗੇ, ਸਿਹਤਮੰਦ ਅਤੇ ਖੁਸ਼ ਰਹਿਣ। ਪਰਮੇਸ਼ੁਰ ਮਨੁੱਖ ਦੀਆਂ ਸਾਰੀਆਂ ਲੋੜਾਂ ਪੂਰੀਆਂ ਕਰਨਾ ਚਾਹੁੰਦਾ ਹੈ।**

ਪਰਮੇਸ਼ੁਰ ਨੇ ਮਨੁੱਖ ਦੇ ਰੂਪ ਵਿੱਚ ਇਸ ਧਰਤੀ ਉੱਤੇ ਆਉਣ ਦਾ ਫੈਸਲਾ ਕਿਉਂ ਕੀਤਾ? ਯਿਸੂ ਇਸ ਸੰਸਾਰ ਵਿੱਚ ਕਿਉਂ ਆਇਆ?

ਅਸੀਂ ਸਾਰਿਆਂ ਨੇ ਪਾਪ ਕੀਤਾ ਹੈ ਅਤੇ ਉਹ ਕੰਮ ਕੀਤੇ ਹਨ ਜਿਹੜੇ ਉਸ ਪਰਮੇਸ਼ੁਰ ਦੇ ਅੱਗੇ ਮਨਜ਼ੂਰ ਨਹੀਂ ਹਨ ਜਿਸਨੇ ਸਾਨੂੰ ਬਣਾਇਆ ਹੈ। ਪਾਪ ਦੇ ਨਤੀਜੇ ਹਨ, ਪਾਪ ਪਰਮੇਸ਼ੁਰ ਅਤੇ ਸਾਡੇ ਵਿਚਕਾਰ ਇੱਕ ਵੱਡੀ ਕੰਧ ਖੜ੍ਹੀ ਕਰਦਾ ਹੈ। ਪਾਪ ਸਾਨੂੰ ਪਰਮੇਸ਼ੁਰ ਤੋਂ ਵੱਖ ਕਰਦਾ ਹੈ। ਇਹ ਸਾਨੂੰ ਉਸ ਨੂੰ ਜਾਣਨ ਅਤੇ ਉਸ ਨਾਲ ਇੱਕ ਅਰਥਪੂਰਨ ਰਿਸ਼ਤਾ ਰੱਖਣ ਤੋਂ ਰੋਕਦਾ ਹੈ ਜਿਸਨੇ ਸਾਨੂੰ ਬਣਾਇਆ ਹੈ। ਇਸ ਲਈ, ਸਾਡੇ ਵਿੱਚੋਂ ਬਹੁਤ ਸਾਰੇ ਇਸ ਖਾਲੀ ਥਾਂ ਨੂੰ ਹੋਰ ਚੀਜ਼ਾਂ ਨਾਲ ਭਰਨਾ ਚਾਹੁੰਦੇ ਹਨ।

ਸਾਡੇ ਪਾਪ ਦਾ ਇੱਕ ਹੋਰ ਨਤੀਜਾ ਇਹ ਹੈ ਕਿ ਅਸੀਂ ਹਮੇਸ਼ਾਂ ਲਈ ਪਰਮੇਸ਼ੁਰ ਤੋਂ ਵੱਖ ਹੋ ਗਏ ਹਾਂ। ਪਰਮੇਸ਼ੁਰ ਦੀ ਅਦਾਲਤ ਵਿੱਚ, ਪਾਪ ਦੀ ਸਜ਼ਾ ਮੌਤ ਹੈ। ਮੌਤ ਪਰਮੇਸ਼ੁਰ ਤੋਂ ਸਦੀਵੀ ਵਿਛੋੜਾ ਹੈ ਜੋ ਸਾਨੂੰ ਨਰਕ ਵਿੱਚ ਬਿਤਾਉਣਾ ਪਏਗਾ।

ਪਰ ਚੰਗੀ ਖ਼ਬਰ ਇਹ ਹੈ ਕਿ ਅਸੀਂ ਪਾਪ ਤੋਂ ਮੁਕਤ ਹੋ ਸਕਦੇ ਹਾਂ ਅਤੇ ਪਰਮੇਸ਼ੁਰ ਨਾਲ ਰਿਸ਼ਤਾ ਜੋੜ ਸਕਦੇ ਹਾਂ। ਬਾਈਬਲ ਕਹਿੰਦੀ ਹੈ, ***"ਪਾਪ ਦੀ ਮਜ਼ੂਰੀ ਤਾਂ ਮੌਤ ਹੈ ਪਰ ਪਰਮੇਸ਼ੁਰ ਦੀ ਬਖ਼ਸ਼ੀਸ਼ ਮਸੀਹ ਯਿਸੂ ਸਾਡੇ ਪ੍ਰਭੂ ਦੇ ਵਿੱਚ ਸਦੀਪਕ ਜੀਵਨ ਹੈ"*** **(ਰੋਮੀਆਂ 6:23)**। ਯਿਸੂ ਨੇ ਸਾਰੀ ਦੁਨੀਆਂ ਦੇ ਪਾਪਾਂ ਦੀ ਕੀਮਤ ਅਦਾ ਕੀਤੀ ਜਦੋਂ ਉਹ ਸਲੀਬ ਉੱਤੇ ਮਰਿਆ। ਫਿਰ, ਤੀਜੇ ਦਿਨ ਉਹ ਜੀਉਂਦਾ ਹੋ ਗਿਆ ਅਤੇ ਆਪਣੇ ਆਪ ਨੂੰ

ਬਹੁਤਿਆਂ ਨੂੰ ਜੀਉਂਦਾ ਦਿਖਾਇਆ ਅਤੇ ਫਿਰ ਸਵਰਗ ਨੂੰ ਵਾਪਿਸ ਚਲਾ ਗਿਆ।

ਪਰਮੇਸ਼ੁਰ ਪਿਆਰ ਅਤੇ ਦਇਆ ਦਾ ਪਰਮੇਸ਼ੁਰ ਹੈ। ਉਹ ਨਹੀਂ ਚਾਹੁੰਦਾ ਕਿ ਕੋਈ ਵੀ ਨਰਕ ਵਿੱਚ ਨਾਸ਼ ਹੋਵੇ। ਇਸ ਲਈ, ਉਹ ਸਾਰੀ ਮਨੁੱਖਜਾਤੀ ਨੂੰ ਪਾਪ ਅਤੇ ਇਸ ਦੇ ਸਦੀਵੀ ਨਤੀਜਿਆਂ ਤੋਂ ਛੁਡਾਉਣ ਲਈ ਆਇਆ ਸੀ। ਉਹ ਪਾਪੀਆਂ ਨੂੰ ਬਚਾਉਣ ਲਈ ਆਇਆ ਸੀ—ਤੁਹਾਡੇ ਅਤੇ ਮੇਰੇ ਵਰਗੇ ਲੋਕਾਂ ਨੂੰ ਪਾਪ ਅਤੇ ਸਦੀਵੀ ਮੌਤ ਤੋਂ ਬਚਾਉਣ ਲਈ ਆਇਆ ਸੀ।

ਪਾਪ ਦੀ ਮੁਫ਼ਤ ਮਾਫ਼ੀ ਪ੍ਰਾਪਤ ਕਰਨ ਲਈ, ਬਾਈਬਲ ਸਾਨੂੰ ਦੱਸਦੀ ਹੈ ਕਿ ਸਾਨੂੰ ਸਿਰਫ਼ ਉਹੀ ਕਰਨਾ ਹੈ—ਜੋ ਉਸਨੇ ਸਲੀਬ ਉੱਤੇ ਕੀਤਾ ਸੀ ਅਤੇ ਉਸ ਵਿੱਚ ਆਪਣੇ ਸਾਰੇ ਦਿਲਾਂ ਨਾਲ ਵਿਸ਼ਵਾਸ ਕਰਨਾ ਹੈ।

***"... ਕਿ ਜੋ ਕੋਈ ਉਹ ਦੇ ਉੱਤੇ ਨਿਹਚਾ ਕਰੇ ਸੋ ਉਹ ਦੇ ਨਾਮ ਕਰਕੇ ਪਾਪਾਂ ਦੀ ਮਾਫ਼ੀ ਪਾਵੇਗਾ"*** **(ਰਸੂਲਾਂ ਦੇ ਕਰਤੱਬ 10:43)।**

***"ਕਿਉਂਕਿ ਜੇ ਤੂੰ ਆਪਣੇ ਮੂੰਹ ਨਾਲ ਪ੍ਰਭੂ ਯਿਸੂ ਦਾ ਇਕਰਾਰ ਕਰੇਂ ਅਤੇ ਆਪਣੇ ਹਿਰਦੇ ਨਾਲ ਮੰਨ ਲਵੇਂ ਜੋ ਪਰਮੇਸ਼ੁਰ ਨੇ ਉਹ ਨੂੰ ਮੁਰਦਿਆਂ ਵਿੱਚੋਂ ਜਿਵਾਲਿਆ ਤਾਂ ਤੂੰ ਬਚਾਇਆ ਜਾਵੇਂਗਾ"*** **(ਰੋਮੀਆਂ 10:9)।**

ਜੇਕਰ ਤੁਸੀਂ ਪ੍ਰਭੂ ਮਸੀਹ ਵਿੱਚ ਵਿਸ਼ਵਾਸ ਕਰਦੇ ਹੋ ਤਾਂ ਤੁਸੀਂ ਵੀ ਆਪਣੇ ਪਾਪਾਂ ਤੋਂ ਮਾਫ਼ੀ ਅਤੇ ਛੁਟਕਾਰਾ ਪਾ ਸਕਦੇ ਹੋ।

ਇਹ ਫੈਸਲਾ ਕਰਨ ਵਿੱਚ ਤੁਹਾਡੀ ਮਦਦ ਕਰਨ ਅਤੇ ਸਲੀਬ ਦੇ ਕੰਮ ਵਿੱਚ ਵਿਸ਼ਵਾਸ ਕਰਨ ਲਈ ਹੇਠਾਂ ਦਿੱਤੀ ਇੱਕ ਸਧਾਰਨ ਪ੍ਰਾਰਥਨਾ ਹੈ, ਜੋ ਪ੍ਰਭੂ ਯਿਸੂ ਮਸੀਹ ਨੇ ਤੁਹਾਡੇ ਲਈ ਕੀਤੀ ਸੀ। ਇਹ ਪ੍ਰਾਰਥਨਾ ਯਿਸੂ ਦੇ ਕੰਮ ਨੂੰ ਕਬੂਲ ਕਰਕੇ ਤੁਹਾਡੇ ਪਾਪਾਂ ਦੀ ਮਾਫ਼ੀ ਅਤੇ ਮੁਕਤੀ ਪ੍ਰਾਪਤ ਕਰਨ ਵਿੱਚ ਤੁਹਾਡੀ ਮਦਦ ਕਰੇਗੀ। ਇਹ ਪ੍ਰਾਰਥਨਾ ਸਿਰਫ਼ ਇੱਕ ਅਗਵਾਈ ਹੈ। ਤੁਸੀਂ ਆਪਣੇ ਸ਼ਬਦਾਂ ਵਿੱਚ ਵੀ ਪ੍ਰਾਰਥਨਾ ਕਰ ਸਕਦੇ ਹੋ।

*ਪਿਆਰੇ ਪ੍ਰਭੂ ਯਿਸੂ, ਅੱਜ, ਮੈਂ ਸਮਝ ਗਿਆ ਹਾਂ ਕਿ ਤੁਸੀਂ ਸਲੀਬ ਉੱਤੇ ਮੇਰੇ ਲਈ ਕੀ ਕੀਤਾ ਸੀ। ਤੁਸੀਂ ਮੇਰੇ ਲਈ ਮਾਰੇ ਗਏ, ਤੁਸੀਂ ਆਪਣਾ ਕੀਮਤੀ ਖ਼ੂਨ ਵਹਾਇਆ ਅਤੇ ਮੇਰੇ ਪਾਪਾਂ ਦੀ ਕੀਮਤ ਅਦਾ ਕੀਤੀ ਤਾਂ ਜੋ ਮੈਨੂੰ ਮੇਰੇ ਪਾਪਾਂ ਦੀ ਮਾਫ਼ੀ ਮਿਲ ਸਕੇ। ਬਾਈਬਲ ਮੈਨੂੰ ਦੱਸਦੀ ਹੈ ਕਿ ਜੋ ਕੋਈ ਵੀ ਤੁਹਾਡੇ ਵਿੱਚ ਵਿਸ਼ਵਾਸ ਕਰਦਾ ਹੈ ਉਸਦੇ ਲਈ ਪਾਪਾਂ ਦੀ ਮਾਫ਼ੀ ਹੈ।*

*ਅੱਜ, ਮੈਂ ਤੁਹਾਡੇ ਵਿੱਚ ਵਿਸ਼ਵਾਸ ਕਰਨ ਦਾ ਫੈਸਲਾ ਕਰਦਾ ਹਾਂ ਅਤੇ ਜੋ ਤੁਸੀਂ ਮੇਰੇ ਲਈ ਕੀਤਾ ਹੈ ਉਸਨੂੰ ਕਬੂਲ ਕਰਨ ਦਾ ਫੈਸਲਾ ਕਰਦਾ ਹਾਂ, ਕਿ ਤੁਸੀਂ ਸਲੀਬ ਉੱਤੇ ਮਰ ਗਏ ਅਤੇ ਦੁਬਾਰਾ ਜੀਅ ਉੱਠੇ। ਮੈਂ ਜਾਣਦਾ ਹਾਂ ਕਿ ਮੈਂ ਚੰਗੇ ਕੰਮਾਂ ਦੁਆਰਾ ਆਪਣੇ ਆਪ ਨੂੰ ਨਹੀਂ ਬਚਾਅ ਸਕਦਾ। ਮੈਂ ਆਪਣੇ ਗੁਨਾਹਾਂ ਦੀ ਮਾਫ਼ੀ ਨਹੀਂ ਕਮਾ ਸਕਦਾ।*

*ਅੱਜ, ਮੈਂ ਆਪਣੇ ਦਿਲ ਵਿੱਚ ਵਿਸ਼ਵਾਸ ਕਰਦਾ ਹਾਂ ਅਤੇ ਆਪਣੇ ਮੂੰਹ ਨਾਲ ਕਹਿੰਦਾ ਹਾਂ ਕਿ ਤੁਸੀਂ ਮੇਰੇ ਲਈ ਮਾਰੇ ਗਏ ਹੋ। ਤੁਸੀਂ ਮੇਰੇ ਪਾਪਾਂ ਦੀ ਸਜ਼ਾ ਦਾ ਭੁਗਤਾਨ ਕੀਤਾ ਹੈ। ਤੁਸੀਂ ਮੁਰਦਿਆਂ ਵਿੱਚੋਂ ਜੀਅ ਉੱਠੇ ਹੋ ਅਤੇ ਤੁਹਾਡੇ ਵਿੱਚ ਵਿਸ਼ਵਾਸ ਕਰਕੇ ਮੈਨੂੰ ਮੇਰੇ ਪਾਪਾਂ ਦੀ ਮਾਫ਼ੀ ਅਤੇ ਪਾਪਾਂ ਤੋਂ ਛੁਟਕਾਰਾ ਮਿਲਦਾ ਹੈ।*

*ਪ੍ਰਭੂ ਯਿਸੂ ਤੁਹਾਡਾ ਧੰਨਵਾਦ। ਮੇਰੀ ਮਦਦ ਕਰੋ ਕਿ ਮੈਂ ਤੁਹਾਨੂੰ ਪਿਆਰ ਕਰ ਸਕਾਂ। ਤੁਹਾਨੂੰ ਹੋਰ ਜਾਣ ਸਕਾਂ ਅਤੇ ਤੁਹਾਡੇ ਪ੍ਰਤੀ ਵਿਸ਼ਵਾਸਯੋਗ ਰਹਾਂ।*

*ਆਮੀਨ।*

# ਆਲ ਪੀਪਲਜ਼ ਚਰਚ ਦੇ ਬਾਰੇ

ਆਲ ਪੀਪਲਜ਼ ਚਰਚ ਦਾ ਦਰਸ਼ਨ ਬੈਂਗਲੋਰ ਸ਼ਹਿਰ ਵਿੱਚ ਲੂਣ ਅਤੇ ਚਾਨਣ ਬਣਨਾ, ਅਤੇ ਪੂਰੇ ਦੇਸ਼ ਅਤੇ ਸੰਸਾਰ ਦੇ ਰਾਸ਼ਟਰਾਂ ਦੇ ਲਈ ਇੱਕ ਅਵਾਜ਼ ਬਣਨਾ ਹੈ।

ਆਲ ਪੀਪਲਜ਼ ਚਰਚ **ਯਿਸੂ ਨੂੰ ਪਿਆਰ ਕਰਨ ਵਾਲੀ, ਵਚਨ 'ਤੇ ਕੇਂਦਰਿਤ,** ਆਤਮਾ ਨਾਲ ਭਰਪੂਰ, ਪਰਿਵਾਰਿਕ ਚਰਚ, ਸਿਖਲਾਈ ਕੇਂਦਰ, ਇੱਕ ਉਦੇਸ਼ਾਂ 'ਤੇ ਅਧਾਰਿਤ ਅਤੇ ਸੰਸਾਰ ਵਿੱਚ ਪ੍ਰਚਾਰ ਕਰਨ ਵਾਲੀ ਕਲੀਸਿਆ ਹੈ।

- ਇੱਕ **ਪਰਿਵਾਰਿਕ ਕਲੀਸਿਆ** ਦੇ ਤੌਰ 'ਤੇ, ਅਸੀਂ ਮਸੀਹ 'ਤੇ ਕੇਂਦਰਿਤ, ਸਮਾਜ ਦੀ ਸੇਵਾ ਕਰਨ ਅਤੇ ਧਿਆਨ ਰੱਖਣ ਵਾਲੇ ਪਰਮੇਸ਼ੁਰ ਦੇ ਝੁੰਡ ਦੇ ਰੂਪ ਵਿੱਚ ਮਿਲ ਕੇ ਵੱਧ ਰਹੇ ਹਾਂ।
- ਇੱਕ **ਸਿਖਲਾਈ ਕੇਂਦਰ** ਦੇ ਤੌਰ 'ਤੇ, ਅਸੀਂ ਹਰੇਕ ਵਿਸ਼ਵਾਸੀ ਨੂੰ ਜੇਤੂ, ਮਸੀਹ ਦੀ ਸਮਾਨਤਾ ਵਿੱਚ ਸਿਆਣੇ ਅਤੇ ਆਪਣੇ ਜੀਵਨ ਵਿੱਚ ਪਰਮੇਸ਼ੁਰ ਦੇ ਮਕਸੱਦ ਨੂੰ ਪੂਰਾ ਕਰਨ ਦੇ ਸਮਰੱਥ ਅਤੇ ਯੋਗ ਬਣਾਉਂਦੇ ਹਾਂ।
- ਇੱਕ **ਮਿਸ਼ਨ ਅਧਾਰ** ਦੇ ਤੌਰ 'ਤੇ, ਅਸੀਂ ਸਾਡੇ ਸ਼ਹਿਰ, ਦੇਸ਼ ਅਤੇ ਵਿਦੇਸ਼ਾਂ ਨੂੰ ਪਰਮੇਸ਼ੁਰ ਦੇ ਵਚਨ ਅਤੇ ਪਵਿੱਤਰ ਆਤਮਾ ਦੇ ਅਲੌਕਿਕ ਪ੍ਰਗਟੀਕਰਣ ਦੀ ਸ਼ਕਤੀ ਦੁਆਰਾ ਮਸੀਹ ਦੀ ਪੂਰਨ ਖ਼ੁਸ਼ਖਬਰੀ ਨਾਲ ਬਰਕਤ ਦੇਣ ਦਾ ਕੰਮ ਕਰਦੇ ਹਾਂ।
- ਇੱਕ **ਵਰਲਡ ਆਊਟਰਿਚ** ਦੇ ਤੌਰ 'ਤੇ, ਅਸੀਂ ਸਥਾਨਕ ਅਤੇ ਵਿਸ਼ਵ–ਪੱਧਰ 'ਤੇ ਖਰ੍ਹੇ ਆਗੂਆਂ ਅਤੇ ਆਤਮਾ ਨਾਲ ਭਰਪੂਰ ਕਲੀਸਿਆਵਾਂ ਨੂੰ ਪੋਸ਼ਣ ਦੇਣ ਦੀ ਸੇਵਾ ਕਰਦੇ ਹਾਂ ਜੋ ਕਿ ਪਰਮੇਸ਼ੁਰ ਦੇ ਰਾਜ ਲਈ ਆਪਣੇ ਇਲਾਕਿਆਂ 'ਤੇ ਪ੍ਰਭਾਵਸ਼ਾਲੀ ਹੋ ਸਕਣ।

ਏ ਪੀ ਸੀ ਵਿੱਚ, ਅਸੀਂ ਪਰਮੇਸ਼ੁਰ ਦਾ ਵਚਨ ਬਿਨ੍ਹਾਂ ਕਿਸੇ ਸਮਝੌਤੇ ਦੇ, ਪਵਿੱਤਰ ਆਤਮਾ ਦੇ ਮਸਹ ਅਤੇ ਪ੍ਰਕਾਸ਼ ਦੇ ਨਾਲ ਪੇਸ਼ ਕਰਨ ਲਈ ਸਮਰਪਿਤ ਹਾਂ। ਸਾਡਾ ਵਿਸ਼ਵਾਸ ਹੈ ਕਿ ਚੰਗਾ ਸੰਗੀਤ, ਰਚਨਾਤਮਕ ਪੇਸ਼ਗੀ, ਅਕਲਮੰਦੀ ਨਾਲ ਪੱਖ ਸਮਰਥਨ, ਸਮਕਾਲੀ ਸੇਵਕਾਈਆਂ ਦੀਆਂ ਤਕਨੀਕਾਂ, ਆਧੁਨਿਕ ਟੈਕਨਾਲੋਜੀ ਆਦਿ ਪਵਿੱਤਰ ਆਤਮਾ ਦੇ ਚਿੰਨ੍ਹਾਂ, ਚਮਤਕਾਰਾਂ, ਅਦਭੁੱਤ ਕੰਮਾਂ ਅਤੇ ਪਵਿੱਤਰ ਆਤਮਾ ਦੇ ਵਰਦਾਨਾਂ ਨਾਲ ਵਚਨ ਦੀ ਮੁਨਾਦੀ ਕਰਨ ਵਾਲੇ ਪਰਮੇਸ਼ੁਰ ਦੁਆਰਾ ਨਿਯੁਕਤ ਕੀਤੇ ਗਏ ਤਰੀਕੇ ਦਾ ਥਾਂ ਨਹੀਂ ਲੈ ਸਕਦੇ (1 ਕੁਰਿੰਥੀਆਂ 2:4,5; ਇਬਰਾਨੀਆਂ 2:3,4)। ਸਾਡਾ ਵਿਸ਼ਾ ਯਿਸੂ ਹੈ, ਸਾਡੇ ਵਿਸ਼ੇ ਦਾ ਉਦੇਸ਼ ਵਚਨ ਹੈ, ਸਾਡਾ ਤਰੀਕਾ ਪਵਿੱਤਰ ਆਤਮਾ ਦੀ ਸਮਰੱਥਾ ਹੈ, ਸਾਡਾ ਜਨੂੰਨ ਲੋਕ ਹਨ ਅਤੇ ਸਾਡਾ ਮਕਸੱਦ ਮਸੀਹ ਦੇ ਸਰੂਪ ਵਿੱਚ ਸਿੱਧ ਬਣਨਾ ਹੈ।

ਸਾਡਾ ਮੁੱਖ ਦਫ਼ਤਰ ਬੈਂਗਲੋਰ ਵਿਖੇ ਹੈ, ਪਰ ਆਲ ਪੀਪਲਜ਼ ਚਰਚ ਦੀਆਂ ਭਾਰਤ ਵਿੱਚ ਹੋਰ ਕਈ ਥਾਵਾਂ 'ਤੇ ਸ਼ਾਖਾਵਾਂ ਹਨ। ਆਲ ਪੀਪਲਜ਼ ਚਰਚ ਦੀ ਵਰਤਮਾਨ ਸੂਚੀ ਅਤੇ ਸੰਪਰਕ ਸੂਚਨਾ ਦੇ ਲਈ, ਕਿਰਪਾ ਕਰਕੇ ਸਾਡੀ ਵੈੱਬਸਾਈਟ apcwo.org/locations ਜਾਂ ਸਾਨੂੰ contact@apcwo.org 'ਤੇ ਈ–ਮੇਲ ਭੇਜੋ।

# ਮੁਫ਼ਤ ਪ੍ਰਕਾਸ਼ਨ

A Church in Revival
A Real Place Called Heaven
A Time for Every Purpose
Ancient Landmarks
Baptism in the Holy Spirit
Being Spiritually Minded and Earthly Wise
Biblical Attitude Towards Work
Breaking Personal and Generational Bondages
Change
Code of Honor
Divine Favor
Divine Order in the Citywide Church
Don't Compromise Your Calling
Don't Lose Hope
Equipping the Saints
Foundations (Track 1)
Fulfilling God's Purpose for Your Life
Gifts of the Holy Spirit
Giving Birth to the Purposes of God
God Is a Good God
God's Word—The Miracle Seed
How to Help Your Pastor
Integrity
Interpreting Scripture
Kingdom Builders
Laying the Axe to the Root
Living Life Without Strife
Marriage and Family
Ministering Healing and Deliverance
Offenses—Don't Take Them
Open Heavens
Our Redemption
Receiving God's Guidance
Revivals, Visitations and Moves of God
Shhh! No Gossip!
Speak Your Faith
The Conquest of the Mind
The End Times
The Father's Love
The House of God
The Kingdom of God
The Mighty Name of Jesus
The Night Seasons of Life
The Power of Commitment
The Presence of God
The Redemptive Heart of God
The Refiner's Fire
The Spirit of Wisdom, Revelation and Power
The Wonderful Benefits of Praying in Tongues
Timeless Principles for the Workplace
Understanding the Prophetic
Water Baptism
We Are Different
Who We Are in Christ
Women in the Workplace
Work—Its Original Design

ਸਾਡੀਆਂ ਨਵੀਆਂ ਪੁਸਤਕਾਂ ਲਗਾਤਾਰ ਜਾਰੀ ਹੁੰਦੀਆਂ ਰਹਿੰਦੀਆਂ ਹਨ। ਪੁਸਤਕਾਂ ਨੂੰ ਪੀ ਡੀ ਐੱਫ ਆਡੀਓ ਅਤੇ ਦੂਸਰੇ ਫਾਰਮੈਟਾਂ ਵਿੱਚ ਮੁਫ਼ਤ ਪ੍ਰਾਪਤ ਕਰਨ ਦੇ ਲਈ ਸਾਡੀ ਵੈੱਬਸਾਈਟ apcwo.org/books ਤੋਂ ਡਾਊਨਲੋਡ ਕਰੋ। ਇਹ ਸਾਰੀਆਂ ਕਿਤਾਬਾਂ ਹੋਰ ਭਾਸ਼ਾਵਾਂ ਵਿੱਚ ਵੀ ਉਪਲੱਬਧ ਹਨ। ਮੁਫ਼ਤ ਆਡੀਓ ਅਤੇ ਵੀਡੀਓ ਪ੍ਰਚਾਰ, ਪ੍ਰਚਾਰ ਦੀਆਂ ਟਿੱਪਣੀਆਂ ਅਤੇ ਹੋਰ ਵਾਧੂ ਸਾਧਨਾਂ ਨੂੰ ਪ੍ਰਾਪਤ ਕਰਨ ਦੇ ਲਈ ਤੁਸੀਂ apcwo.org/sermons ਤੋਂ ਡਾਊਨਲੋਡ ਕਰ ਸਕਦੇ ਹੋ।

# ਕ੍ਰਿਸਲਿਸ ਕਾਊਂਸਲਿੰਗ

ਕ੍ਰਿਸਲਿਸ ਕਾਊਂਸਲਿੰਗ ਵਿਅਕਤੀਗਤ ਤੌਰ ‘ਤੇ ਸਲਾਹ ਮਸ਼ਵਰਾ ਦੇ ਕੇ ਲੋਕਾਂ ਦੀ ਮਦਦ ਕਰਦੀ ਹੈ ਤਾਂ ਕਿ ਉਹ ਆਪਣੀ ਜ਼ਿੰਦਗੀ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਅਤੇ ਉਨ੍ਹਾਂ ਉੱਪਰ ਜਿੱਤ ਪ੍ਰਾਪਤ ਕਰਨ। ਕ੍ਰਿਸਲਿਸ ਕਾਊਂਸਲਿੰਗ ਪੇਸ਼ੇਵਰ ਸਿਖਲਾਈ ਪਾਏ ਅਤੇ ਤਜ਼ਰਬੇਕਾਰ ਸਲਾਹਕਾਰਾਂ ਦੀ ਇੱਕ ਟੀਮ ਹੈ।

ਸਾਡੀਆਂ ਸੇਵਾਵਾਂ ਹਰ ਉਮਰ ਦੇ ਲੋਕਾਂ ਦੀਆਂ ਜ਼ਿੰਦਗੀਆਂ ਦੀਆਂ ਸਭ ਤਰ੍ਹਾਂ ਦੀਆਂ ਚੁਣੌਤੀਆਂ ਦਾ ਹੱਲ ਕਰਨ ਬਾਰੇ ਹਨ।

- ਕਿਸ਼ੋਰਾਂ ਲਈ
- ਵਿਅਕਤੀਗਤ ਤਬਦੀਲੀਆਂ
- ਰਿਸ਼ਤਿਆਂ ਦੀਆਂ ਚੁਣੌਤੀਆਂ
- ਵਿੱਦਿਅਕ ਘੱਟ ਪ੍ਰਾਪਤੀਆਂ
- ਕੰਮਕਾਜੀ ਮੁੱਦੇ
- ਪਰਿਵਾਰ / ਪਤੀ–ਪਤਨੀ: ਵਿਆਹ ਤੋਂ ਪਹਿਲਾਂ, ਵਿਆਹੁਤਾ
- ਮਾਪੇ / ਬੱਚੇ / ਭੈਣ–ਭਰਾ / ਹਾਣੀ
- ਵਿਹਾਰ ਵਿੱਚ ਗੜਬੜੀਆਂ
- ਸ਼ਖਸੀਅਤ ਸੰਬੰਧੀ ਗੜਬੜੀਆਂ
- ਮਨੋਵਿਗਿਆਨਿਕ / ਭਾਵਨਾਤਮਕ ਸਮੱਸਿਆਵਾਂ
- ਤਨਾਅ / ਸਦਮਾ
- ਸ਼ਰਾਬਖੋਰੀ / ਨਸ਼ਾਖੋਰੀ
- ਆਤਮਿਕ ਮੁੱਦੇ
- ਜੀਵਨ ਸਿਖਲਾਈ

ਸਾਡੇ ਤਜ਼ਰਬੇਕਾਰਾਂ ਨਾਲ ਮਿਲਣ ਦੀ ਸਾਰਨੀ ਲੈਣ ਲਈ:

**ਵੈੱਬਸਾਈਟ:** chrysalislife.org
**ਫੋਨ:** +91–80–25452617 ਜਾਂ (ਭਾਰਤ ਵਿੱਚ) ਟੋਲ–ਫ੍ਰੀ 1–800–300–00998
**ਈ–ਮੇਲ:** counselor@chrysalislife.org

ਕ੍ਰਿਸਲਿਸ ਕਾਊਂਸਲਿੰਗ ਆਲ ਪੀਪਲਜ਼ ਚਰਚ ਅਤੇ ਵਰਲਡ ਆਊਟਰਿਚ ਦੀ ਇੱਕ ਸੇਵਕਾਈ ਹੈ।

# ਆਲ ਪੀਪਲਜ਼ ਚਰਚ ਨਾਲ ਸਾਂਝੇਦਾਰੀ ਕਰੋ

ਆਲ ਪੀਪਲਜ਼ ਚਰਚ ਸਥਾਨਕ ਕਲੀਸਿਆ ਦੇ ਰੂਪ ਵਿੱਚ ਪੂਰੇ ਭਾਰਤ ਵਿੱਚ ਖ਼ੁਸ਼ਖਬਰੀ ਦਾ ਪ੍ਰਚਾਰ ਕਰਦੇ ਹੋਏ, ਖ਼ਾਸ ਕਰਕੇ ਉੱਤਰੀ ਭਾਰਤ ਵਿੱਚ, ਉਸ ਦੀਆਂ ਹੱਦਾਂ ਤੋਂ ਬਾਹਰ ਸੇਵਾ ਕਰਦੀ ਹੈ। ਉਸਦਾ ਖਾਸ ਉਦੇਸ਼ (ੳ) ਆਗੂਆਂ ਨੂੰ ਦ੍ਰਿੜ੍ਹ ਕਰਨਾ (ਅ) ਜਵਾਨਾਂ ਨੂੰ ਸੇਵਕਾਈ ਲਈ ਉਤਸ਼ਾਹਿਤ ਕਰਨਾ (ੲ) ਮਸੀਹ ਦੀ ਦੇਹ ਦੀ ਉੱਨਤੀ ਕਰਨਾ ਹੈ। ਜਵਾਨਾਂ ਲਈ ਕਈ ਸਿੱਖਿਆ ਸੰਮੇਲਨ, ਮਸੀਹੀ ਆਗੂਆਂ ਲਈ ਸਭਾਵਾਂ ਦਾ ਸਾਲ ਭਰ ਆਯੋਜਨ ਕੀਤਾ ਜਾਂਦਾ ਹੈ। ਇਸਦੇ ਦੌਰਾਨ ਕਿਤਾਬਾਂ ਦੀਆਂ ਕਈ ਹਜ਼ਾਰ ਕਾਪੀਆਂ ਅੰਗਰੇਜ਼ੀ ਵਿੱਚ ਅਤੇ ਹੋਰ ਕਈ ਭਾਰਤੀ ਭਾਸ਼ਾਵਾਂ ਵਿੱਚ ਬਿਨ੍ਹਾਂ ਕਿਸੇ ਮੁੱਲ ਦੇ ਵੰਡੀਆਂ ਜਾਂਦੀਆਂ ਹਨ, ਉਸ ਦੇ ਪਿੱਛੇ ਇਹ ਉਦੇਸ਼ ਹੈ ਕਿ ਵਿਸ਼ਵਾਸੀਆਂ ਨੂੰ ਵਚਨ ਅਤੇ ਆਤਮਾ ਵਿੱਚ ਤਰੱਕੀ ਪ੍ਰਦਾਨ ਕਰੇ।

ਅਸੀਂ ਤੁਹਾਨੂੰ ਸੱਦਾ ਦਿੰਦੇ ਹਾਂ ਕਿ ਇੱਕ ਸਮੇਂ ਦਾ ਦਾਨ ਭੇਜ ਕੇ ਜਾਂ ਮਹੀਨਾਵਾਰ ਆਰਥਿਕ ਦਾਨ ਭੇਜ ਕੇ ਆਰਥਿਕ ਰੂਪ ਵਿੱਚ ਸਾਡੇ ਨਾਲ ਸਾਂਝੇਦਾਰੀ ਕਰੋ। ਪੂਰੇ ਰਾਸ਼ਟਰ ਵਿੱਚ ਇਸ ਕੰਮ ਲਈ ਜੋ ਵੀ ਰਕਮ ਤੁਸੀਂ ਭੇਜ ਸਕਦੇ ਹੋ, ਉਸਦੇ ਪ੍ਰਤੀ ਅਸੀਂ ਤੁਹਾਡੇ ਧੰਨਵਾਦੀ ਰਹਾਂਗੇ।

ਤੁਸੀਂ ਆਪਣੇ ਦਾਨ ਚੈੱਕ / ਬੈਂਕ ਡ੍ਰਾਫਟ ਦੇ ਮਾਧਿਅਮ ਨਾਲ "ਆਲ ਪੀਪਲਜ਼ ਚਰਚ" ਦੇ ਨਾਮ ਉੱਤੇ ਸਾਡੇ ਦਫ਼ਤਰ ਦੇ ਪਤੇ ਉੱਤੇ ਭੇਜ ਸਕਦੇ ਹੋ ਜਾਂ ਸਾਡੇ ਬੈਂਕ ਖਾਤੇ ਦੇ ਵੇਰਵੇ ਦੀ ਵਰਤੋਂ ਕਰਕੇ ਤੁਸੀਂ ਆਪਣਾ ਯੋਗਦਾਨ ਸਿੱਧਾ ਬੈਂਕ ਵਿੱਚ ਪਾ ਸਕਦੇ ਹੋ।

**Account Name:** All Peoples Church
**Account Number:** 50200068829058
**IFSC Code:** HDFC0004367
**Bank:** HDFC Bank, 7M/308 80 Ft Rd, HRBR Layout, Kalyan Nagar, Bangalore, Karnataka-560043, India

***ਕਿਰਪਾ ਕਰਕੇ ਧਿਆਨ ਦਿਓ:*** *ਆਲ ਪੀਪਲਜ਼ ਚਰਚ ਸਿਰਫ਼ ਭਾਰਤੀ ਨਾਗਰਿਕਾਂ ਦੇ ਬੈਂਕ ਯੋਗਦਾਨ ਕਬੂਲ ਕਰਦੀ ਹੈ। ਆਪਣਾ ਯੋਗਦਾਨ ਭੇਜਦੇ ਸਮੇਂ, ਤੁਸੀਂ ਸਪੱਸ਼ਟ ਰੂਪ ਨਾਲ ਲਿਖੋ ਕਿ ਤੁਸੀਂ ਏ ਪੀ ਸੀ ਸੇਵਕਾਈ ਦੇ ਕਿਸ ਖੇਤਰ ਲਈ ਦਾਨ ਭੇਜਣਾ ਚਾਹੁੰਦੇ ਹੋ। ਹੋਰ ਜਾਣਕਾਰੀ ਲਈ ਕਿਰਪਾ ਕਰਕੇ* **apcwo.org/give** *'ਤੇ ਆਓ।*

ਇਸੇ ਤਰ੍ਹਾਂ, ਸਾਡੇ ਲਈ ਅਤੇ ਸਾਡੀ ਸੇਵਕਾਈ ਲਈ ਜਦੋਂ ਵੀ ਹੋ ਸਕੇ ਪ੍ਰਾਰਥਨਾ ਕਰਨਾ ਨਾ ਭੁੱਲੋ।

**ਧੰਨਵਾਦ, ਪਰਮੇਸ਼ੁਰ ਤੁਹਾਨੂੰ ਬਰਕਤ ਦੇਵੇ!**

## DOWNLOAD THE FREE APP!

*Search for*
**"All Peoples Church Bangalore"**
**in the App or Google play stores.**

Available on the App Store

ANDROID APP ON Google play







*A daily 5-minute video devotional.*
*A daily Bible reading and prayer guide.*
*5-minute Sermon summary.*
*Toolkit with Scriptures on various topics to build faith and information to share the Gospel.*
*Resources with sermons, sermon notes, TV programs, books, music and more.*

*IF YOU LOVE IT, TELL OTHERS ABOUT IT!*

# निःशुल्क ऐप डाउनलोड करें:

**ऐप स्टोर या प्ले स्टोर में खोजें**
**“ऑल पीपुल्स चर्च (APCWO)”/**
**All Peoples Church Hindi**

Available on the App Store

ANDROID APP ON Google Play




*विश्वास को मजबूत करने और सुसमाचार साझा करने के लिए विभिन्न विषयों पर आधारित वचनों के टूलकिट।*
*उपदेशों, टीवी कार्यक्रमों, पुस्तकों, संगीत और बहुत कुछ से भरे संसाधन।*
*अगर आपको यह पसंद आए, तो*
***दूसरों को भी इसके बारे में बताएं!***

# ਆਲ ਪੀਪਲਜ਼ ਚਰਚ ਬਾਈਬਲ ਕਾਲਜ

**apcbiblecollege.org**

ਆਲ ਪੀਪਲਜ਼ ਚਰਚ ਬਾਈਬਲ ਕਾਲਜ ਅਤੇ ਸਿਖਲਾਈ ਕੇਂਦਰ ਬੈਂਗਲੋਰ, ਭਾਰਤ ਵਿੱਚ ਆਤਮਾ ਨਾਲ ਭਰਪੂਰ, ਮਸਹ ਭਰਪੂਰ, ਕਾਰਜਕਾਰੀ ਸੇਵਕਾਈ ਵਿੱਚ ਭਾਗੀਦਾਰੀ ਦੀ ਸਿਖਲਾਈ ਅਤੇ ਸਿਧਾਂਤਕ ਤੌਰ 'ਤੇ ਸਹੀ ਅਤੇ ਪਰਮੇਸ਼ੁਰ ਦੇ ਵਚਨ ਦੇ ਬੌਧਿਕ ਸਿਧਾਂਤ ਦੇ ਨਜ਼ਰੀਏ ਤੋਂ ਪ੍ਰੇਰਣਾਦਾਇਕ ਅਧਿਐਨ ਨਾਲ ਪਵਿੱਤਰ ਆਤਮਾ ਦੀ ਅਲੌਕਿਕ ਸਮਰੱਥ ਵਿੱਚ ਸੇਵਕਾਈ ਕਰਨ ਲਈ ਤਿਆਰ ਕਰਦਾ ਹੈ। ਅਸੀਂ ਸੇਵਕਾਈ ਦੀ ਮੁਕੰਮਲ ਸ਼ਖਸੀਅਤ ਦੇ ਵਿਕਾਸ ਵਿੱਚ ਵਿਸ਼ਵਾਸ ਕਰਦੇ ਹਾਂ ਅਤੇ ਖਰਾ ਚਾਲ ਚੱਲਣ, ਪਰਮੇਸ਼ੁਰ ਦੇ ਵਚਨ ਵਿੱਚ ਡੂੰਘੀ ਨੀਂਹ ਅਤੇ ਚਿੰਨ੍ਹ ਚਮਤਕਾਰਾਂ ਅਤੇ ਅਦਭੁੱਤ ਕੰਮ 'ਤੇ ਜ਼ੋਰ ਦਿੰਦੇ ਹਾਂ, ਇਹ ਸਭ ਪ੍ਰਭੂ ਦੇ ਨਾਲ ਨਜ਼ਦੀਕੀ ਰਿਸ਼ਤੇ ਤੋਂ ਹੀ ਪ੍ਰਵਾਹ ਹੁੰਦਾ ਹੈ।

ਆਲ ਪੀਪਲਜ਼ ਚਰਚ ਬਾਈਬਲ ਕਾਲਜ (APC–BC) ਵਿੱਚ ਖਰ੍ਹੀ ਸਿੱਖਿਆ ਤੋਂ ਇਲਾਵਾ ਅਸੀਂ ਪ੍ਰਤੱਖ ਤੌਰ 'ਤੇ ਪਰਮੇਸ਼ੁਰ ਦੇ ਪ੍ਰੇਮ, ਪਵਿੱਤਰ ਆਤਮਾ ਦੇ ਮਸਹ ਅਤੇ ਹਜ਼ੂਰੀ ਅਤੇ ਪਰਮੇਸ਼ੁਰ ਦੇ ਅਲੌਕਿਕ ਕੰਮਾਂ 'ਤੇ ਜ਼ੋਰ ਦਿੰਦੇ ਹਾਂ। ਬਹੁਤ ਸਾਰੇ ਜਵਾਨ ਪੁਰਖਾਂ ਅਤੇ ਇਸਤਰੀਆਂ ਨੂੰ ਸਿਖਲਾਈ ਦੇ ਕੇ ਆਪਣੇ ਜੀਵਨਾਂ ਵਿੱਚ ਪਰਮੇਸ਼ੁਰ ਦੀ ਬੁਲਾਹਟ ਨੂੰ ਪੂਰਾ ਕਰਨ ਲਈ ਭੇਜਿਆ ਗਿਆ ਹੈ।

**ਅਸੀਂ ਤਿੰਨ ਤਰ੍ਹਾਂ ਦੀਆਂ ਡਿਗਰੀਆਂ ਦਿੰਦੇ ਹਾਂ:**

- ਇੱਕ ਸਾਲ ਦਾ ਸਰਟੀਫ਼ਿਕੇਟ ਕੋਰਸ ਥਿਓਲੋਜੀ ਐਂਡ ਕ੍ਰਿਸ਼ਚਨ ਮਨਿਸਟਰੀ (C.Th.)
- ਦੋ ਸਾਲ ਦਾ ਡਿਪਲੋਮਾ ਕੋਰਸ ਥਿਓਲੋਜੀ ਐਂਡ ਕ੍ਰਿਸ਼ਚਨ ਮਨਿਸਟਰੀ (Dip.Th.)
- ਤਿੰਨ ਸਾਲ ਦਾ ਗ੍ਰੈਜੂਏਸ਼ਨ ਕੋਰਸ ਥਿਓਲੋਜੀ ਐਂਡ ਕ੍ਰਿਸ਼ਚਨ ਮਨਿਸਟਰੀ (B.Th.)

ਕਲਾਸਾਂ ਹਰ ਹਫ਼ਤੇ **ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 9:00 ਤੋਂ ਦੁਪਿਹਰ 12:00 ਵਜੇ ਤੱਕ** (UTC+5:30) ਲੱਗਦੀਆਂ ਹਨ। ਸਾਡੇ ਕੋਲ ਤਿੰਨ੍ਹ ਤਰ੍ਹਾਂ ਦੀਆਂ ਕਲਾਸਾਂ ਦੇ ਬਦਲ ਹਨ।

- **ਕੈਂਪਸ ਵਿੱਚ:** ਤੁਸੀਂ ਕੈਂਪਸ ਵਿੱਚ ਠਹਿਰ ਕੇ ਕਲਾਸਾਂ ਲੈ ਸਕਦੇ ਹੋ।
- **ਆਨਲਾਈਨ:** ਤੁਸੀਂ ਆਨਲਾਈਨ ਜਾ ਕੇ ਲਾਈਵ ਲੈਕਚਰ ਵੀ ਸੁਣ ਸਕਦੇ ਹੋ।
- **ਈ–ਲਰਨਿੰਗ:** ਤੁਸੀਂ apcbiblecollege.org/elearn 'ਤੇ ਆਨਲਾਈਨ ਜਾ ਕੇ ਖ਼ੁਦ ਵੀ ਪੜ੍ਹ ਸਕਦੇ ਹੋ।

**ਆਨਲਾਈਨ ਅਪਲਾਈ** ਕਰਨ ਅਤੇ ਕਾਲਜ, ਪਾਠਕ੍ਰਮ, ਯੋਗਤਾ ਫੀਸ ਬਾਰੇ ਜਾਣਕਾਰੀ ਲੈਣ ਅਤੇ ਐਪਲੀਕੇਸ਼ਨ ਫਾਰਮ ਡਾਊਨਲੋਡ ਕਰਨ ਲਈ ਕਿਰਪਾ ਕਰਕੇ apcbiblecollege.org ਵੇਖੋ।

ਅਸੀਂ ਜਾਣਦੇ ਹਾਂ ਕਿ ਪਰਮੇਸ਼ੁਰ ਆਪਣੇ ਵਚਨ ਦੇ ਰਾਹੀਂ ਕੰਮ ਕਰਦਾ ਹੈ। ਵਚਨ ਨਾਲ ਹੀ ਪਰਮੇਸ਼ੁਰ ਨੇ ਸਭ ਕੁਝ ਬਣਾਇਆ ਹੈ—ਆਪਣੀ ਸਮਰੱਥ ਦੇ ਦੁਆਰਾ ਜੋ ਉਸ ਦੇ ਵਚਨ ਦੁਆਰਾ ਲਾਗੂ ਕੀਤੀ ਗਈ ਹੈ। ਪਰਮੇਸ਼ੁਰ ਦਾ ਵਚਨ ਜੀਵਨ ਅਤੇ ਸਮਰੱਥ ਦਾ ਵਾਹਕ ਹੈ, ਜੋ ਸਾਡੇ ਜੀਵਨ ਦੇ ਹਰ ਪਹਿਲੂ ਨੂੰ ਪ੍ਰਭਾਵਿਤ ਕਰ ਸਕਦਾ ਹੈ। ਪਰਮੇਸ਼ੁਰ ਨੇ ਸਾਨੂੰ ਆਪਣਾ ਵਚਨ ਦਿੱਤਾ ਹੈ ਅਤੇ ਉਹ ਆਪਣੇ ਵਚਨ ਦੀ ਸਮਰੱਥ ਦੇ ਦੁਆਰਾ ਸਾਡੇ ਵਿੱਚ ਕੰਮ ਕਰਨਾ ਚਾਹੁੰਦਾ ਹੈ। ਪਰਮੇਸ਼ੁਰ ਨੇ ਸਾਨੂੰ ਇਹ ਵੀ ਪ੍ਰਗਟ ਕੀਤਾ ਹੈ ਕਿ ਉਸ ਦੇ ਵਚਨ ਦੀ ਸਮਰੱਥ ਕਿਵੇਂ ਪ੍ਰਾਪਤ ਕਰਨੀ ਹੈ, ਤਾਂ ਜੋ ਉਸ ਦੇ ਵਚਨ ਵਿੱਚ ਮੌਜੂਦ ਜੀਵਨ ਅਤੇ ਸਮਰੱਥ ਸਾਡੇ ਵਿੱਚ ਘੱਲੀ ਜਾ ਸਕੇ, ਜਿਸ ਨਾਲ ਉਸ ਦਾ ਅਲੌਕਿਕ ਕੰਮ ਸਾਡੇ ਵਿੱਚ ਹੁੰਦਾ ਰਹੇ। ਜਦ ਕਿ ਇਹ ਸੱਚ ਹੈ ਕਿ ਪਰਮੇਸ਼ੁਰ ਆਪਣੇ ਕੰਮ ਨੂੰ ਆਪਣੇ ਪਵਿੱਤਰ ਆਤਮਾ ਦੁਆਰਾ ਆਤਮਿਕ ਚਿੰਨ੍ਹਾਂ ਅਤੇ ਚਮਤਕਾਰਾਂ ਦੁਆਰਾ ਪ੍ਰਦਰਸ਼ਿਤ ਕਰਦਾ ਹੈ, ਸਾਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਪਰਮੇਸ਼ੁਰ ਆਪਣੇ ਵਚਨ ਦੁਆਰਾ ਵੀ ਕੰਮ ਕਰਦਾ ਹੈ। ਬਹੁਤ ਸਾਰੇ ਵਿਸ਼ਵਾਸੀ ਉਸ ਅਲੌਕਿਕ ਕੰਮ ਨੂੰ ਗੁਆ ਦਿੰਦੇ ਹਨ, ਜੋ ਪਰਮੇਸ਼ੁਰ ਆਪਣੇ ਵਚਨ ਦੁਆਰਾ ਸਾਡੇ ਜੀਵਨ ਵਿੱਚ ਕਰਨਾ ਚਾਹੁੰਦਾ ਹੈ ਕਿਉਂਕਿ ਉਹ ਅਚਰਜ ਕੰਮ ਦੀ ਭਾਲ ਕਰਦੇ ਰਹਿੰਦੇ ਹਨ। ਇਹ ਕਿਤਾਬ ਸਾਡੇ ਲਈ ਉਨ੍ਹਾਂ ਸਰਲ ਸਚਾਈਆਂ ਨੂੰ ਪ੍ਰਗਟ ਕਰਦੀ ਹੈ ਜੋ ਪਰਮੇਸ਼ੁਰ ਦੀ ਅਲੌਕਿਕ ਸ਼ਕਤੀ ਨੂੰ ਪ੍ਰਾਪਤ ਕਰਨ ਅਤੇ ਸਾਨੂੰ ਉਸ ਦੇ ਵਚਨ, ਚਮਤਕਾਰੀ ਬੀਜ ਦੁਆਰਾ ਸਾਡੇ ਤੇ ਲਾਗੂ ਕਰਨ ਲਈ ਲਿਖੀ ਗਈ ਹੈ। ਇਹ ਇਸ ਨੂੰ ਅਨੁਭਵ ਕਰਨ ਵਿੱਚ ਸਾਡੀ ਸਹਾਇਤਾ ਕਰੇਗੀ।

**All Peoples Church & World Outreach**
# 319, 2nd Floor, 7th Main, HRBR Layout,
2nd Block, Kalyan Nagar, Bangalore 560 043
Karnataka, INDIA

Phone: +91-80-25452617
Email: contact@apcwo.org
Website: apcwo.org